




WEEKLY NEWS PAPER

# ਬੀ ਸੀ ਪੰਜਾਬੀ ਨਿਊਜ਼ ਕੈਨੇਡਾ

BRITISH COLUMBIA : Vancouver, Victoria, Surrey, Nanaimo   By: Mangat Media Group








Vol-1   Issue - 11   28 August to 03 September 2026   Email: bcpunjabinews@gmail.com   Website: www.bcpunjabinews.ca   Phone: +1 604 750 4259


## ਐਬਸਫੋਰਡ-ਮਿਸ਼ਨ ਤੋਂ ਕੰਸਰਵੇਟਿਵ ਵਿਧਾਇਕਾ ਗੈਸਪਰ ਵਲੋਂ ਅਸਤੀਫੇ ਦਾ ਐਲਾਨ

### ਪਾਰਟੀ ਆਗੂ ਕੈਰੀ ਲਿੰਨ ਲਈ ਸੀਟ ਛੱਡੀ- ਸਥਾਨਕ ਕੰਸਰਵੇਟਿਵ ਕਾਰਕੁੰਨ ਫੈਸਲੇ ਤੋਂ ਹੈਰਾਨ



**ਵਿਕਟੋਰੀਆ :** ਬੀਸੀ ਲੈਜਿਸਲੇਚਰ ਵਿਚ ਕੰਸਰਵੇਟਿਵ ਡਿਪਟੀ ਵ੍ਹਿਪ ਅਤੇ ਵਿਧਾਇਕ ਰੀਨ ਗੈਸਪਰ ਨੇ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਦੇ ਸਪੀਕਰ ਨੂੰ ਐਬਟਸਫੋਰਡ-ਮਿਸ਼ਨ ਲਈ ਵਿਧਾਇਕ ਵਜੋਂ ਅਸਤੀਫਾ ਦੇਣ ਦੇ ਆਪਣੇ ਫੈਸਲੇ ਬਾਰੇ ਸੂਚਿਤ ਕੀਤਾ ਹੈ। ਸਮਝਿਆ ਜਾਂਦਾ ਹੈ ਕਿ ਉਸਨੇ ਬੀਸੀ ਕੰਸਰਵੇਟਿਵ ਪਾਰਟੀ ਦੀ ਆਗੂ ਕੈਰੀ-ਲਿਨ ਫਿੰਨਲੀ ਲਈ ਇਹ ਸੀਟ ਖਾਲੀ ਕੀਤੀ ਹੈ।

ਗੈਸਪਰ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਇਹ ਫੈਸਲਾ ਬ੍ਰਿਟਿਸ਼ ਕੋਲੰਬੀਆ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ, ਧਿਆਨ ਨਾਲ ਅਤੇ ਜਾਣਬੁੱਝ ਕੇ ਲਿਆ ਗਿਆ ਸੀ। ਗੈਸਪਰ ਨੇ ਆਪਣੇ ਬਿਆਨ ਵਿਚ ਹੋਰ ਕਿਹਾ ਹੈ ਕਿ ਮੈਨੂੰ ਕੈਰੀ-ਲਿਨ, ਉਸਦੀ ਲੀਡਰਸ਼ਿਪ ਅਤੇ ਐਬਟਸਫੋਰਡ-ਮਿਸ਼ਨ ਦੀ ਨੁਮਾਇੰਦਗੀ ਕਰਨ ਦੀ ਉਸਦੀ ਯੋਗਤਾ ਵਿੱਚ ਭਰੋਸਾ ਹੈ। ਮੇਰਾ ਮੰਨਣਾ ਹੈ ਕਿ ਸਾਡੇ ਨੇਤਾ ਨੂੰ ਇਸ ਸੀਟ ਦੀ ਮੰਗ ਕਰਨ ਦਾ ਮੌਕਾ ਦੇਣ ਨਾਲ ਸਾਡੀ ਟੀਮ ਮਜ਼ਬੂਤ ਹੁੰਦੀ ਹੈ ਅਤੇ ਸਾਨੂੰ ਅੱਗੇ ਦੇ ਕੰਮ ਲਈ ਇੱਕ ਮਜ਼ਬੂਤ ਸਥਿਤੀ ਵਿੱਚ ਰੱਖਿਆ ਜਾਂਦਾ ਹੈ।

"ਮੈਂ ਆਪਣੇ ਮੈਂਬਰਾਂ, ਵਲੰਟੀਅਰਾਂ ਅਤੇ ਸਮਰਥਕਾਂ ਤੋਂ ਕੈਰੀ-ਲਿਨ ਫਿੰਨਲੀ ਦੇ ਸਮਰਥਨ ਦੀ ਅਪੀਲ ਕਰਦੀ ਹਾਂ ਕਿਉਂਕਿ ਉਹ ਬ੍ਰਿਟਿਸ਼ ਕੋਲੰਬੀਆ ਦੀ ਕੰਸਰਵੇਟਿਵ ਪਾਰਟੀ ਦੀ ਅਗਵਾਈ ਦ੍ਰਿੜਤਾ ਅਤੇ ਸਾਡੇ ਸੂਬੇ ਲਈ ਇੱਕ ਆਸ਼ਾਵਾਦੀ ਦ੍ਰਿਸ਼ਟੀ ਨਾਲ ਕੰਮ ਕਰ ਰਹੀ ਹੈ।

ਸਥਾਨਕ ਕੰਸਰਵੇਟਿਵ ਸਮਰਥਕ ਫੈਸਲੇ ਤੋਂ ਹੈਰਾਨ-

ਭਾਵੇਂਕਿ ਗੈਸਪਰ ਨੇ ਪਾਰਟੀ ਆਗੂ ਲਈ ਇਹ ਸੀਟ ਖਾਲੀ ਕਰਨ ਦਾ ਐਲਾਨ ਕੀਤਾ ਹੈ ਕਿ ਪਰ ਸਥਾਨਕ ਕੰਸਰਵੇਟਿਵ ਕਾਰਕੁੰਨ ਵਿਧਾਇਕ ਗੈਸਪਰ ਦੇ ਇਸ ਫੈਸਲੇ ਤੋਂ ਹੈਰਾਨ ਹਨ। ਉਹਨਾਂ ਦਾ ਕਹਿਣਾ ਹੈ ਕਿ ਗੈਸਪਰ ਨੇ ਇਹ ਸੀਟ ਕੰਸਰਵੇਟਿਵ ਆਗੂ ਲਈ ਖਾਲੀ ਕਰਨ ਦਾ ਫੈਸਲਾ ਆਪਣੇ ਤੌਰ ਤੇ ਲਿਆ ਹੈ, ਉਹਨਾਂ ਨਾਲ ਕੋਈ ਸਲਾਹ ਨਹੀ ਕੀਤੀ।

# ਅਮਰੀਕਾ 'ਤੇ ਨਿਰਭਰਤਾ ਘਟਾ ਕੇ ਕੈਨੇਡਾ ਨੇ ਰੱਖਿਆ ਉਦਯੋਗ ਮਜ਼ਬੂਤ ਕਰਨ ਦੀ ਫੜੀ ਰਫ਼ਤਾਰ

## ਵਧਦੇ ਫੌਜੀ ਖ਼ਰਚ ਵਿਚਕਾਰ ਕੈਨੇਡੀਅਨ ਕੰਪਨੀਆਂ ਰੱਖਿਆ ਉਤਪਾਦਾਂ ਵੱਲ ਮੁੜੀਆਂ; ਵਰਦੀਆਂ ਤੋਂ ਲੈ ਕੇ ਡਰੋਨ ਅਤੇ ਖ਼ੁਦਮੁਖ਼ਤਾਰ ਰੋਬੋਟ ਤੱਕ ਤਿਆਰ ਕਰਨ ਦੀਆਂ ਤਿਆਰੀਆਂ



**ਟੋਰਾਂਟੋ:** ਅਮਰੀਕੀ ਫੌਜੀ ਸਪਲਾਇਰਾਂ 'ਤੇ ਆਪਣੀ ਨਿਰਭਰਤਾ ਘਟਾਉਣ ਦੇ ਕੈਨੇਡਾ ਦੇ ਯਤਨਾਂ ਦੀ ਝਲਕ ਟੋਰਾਂਟੋ ਦੀ ਇੱਕ ਕੱਪੜਾ ਫੈਕਟਰੀ ਵਿੱਚ ਸਾਫ਼ ਨਜ਼ਰ ਆ ਰਹੀ ਹੈ। ਇੱਥੇ ਸਿਲਾਈ ਮਸ਼ੀਨਾਂ 'ਤੇ ਝੁਕੇ ਹੋਏ ਕਾਮੇ ਤੇਜ਼ੀ ਨਾਲ ਫੌਜੀ ਵਰਦੀਆਂ ਅਤੇ ਪੱਟੀਆਂ ਤਿਆਰ ਕਰ ਰਹੇ ਹਨ। ਫੈਕਟਰੀ ਦੇ ਅਗਲੇ ਕਮਰੇ ਵਿੱਚ ਕਾਮੇ ਫੌਜ ਲਈ ਤਿਆਰ ਕੀਤੇ ਜਾ ਰਹੇ ਹੈਲਮੇਟਾਂ ਦੇ ਕਵਰਾਂ ਦੀ ਜਾਂਚ ਕਰਦੇ ਅਤੇ ਉਨ੍ਹਾਂ ਵਿੱਚੋਂ ਧਾਗੇ ਦੇ ਵਾਧੂ ਟੁਕੜੇ ਕੱਟਦੇ ਦਿਖਾਈ ਦੇ ਰਹੇ ਹਨ।

ਇਹ ਫੈਕਟਰੀ 'ਵਕਸਲੀ' ਲਈ ਫੌਜੀ ਵਰਦੀਆਂ ਤਿਆਰ ਕਰ ਰਹੀ ਹੈ। 'ਵਕਸਲੀ' ਇੱਕ ਅਜਿਹੀ ਕੰਪਨੀ ਹੈ ਜੋ ਮੁੱਖ ਤੌਰ 'ਤੇ ਲਗਜ਼ਰੀ ਜੈਕਟਾਂ ਬਣਾਉਣ ਲਈ ਜਾਣੀ ਜਾਂਦੀ ਹੈ। ਹੁਣ ਇਹ ਉਨ੍ਹਾਂ ਕਈ ਕੈਨੇਡੀਅਨ ਕੰਪਨੀਆਂ ਵਿੱਚ ਸ਼ਾਮਲ ਹੋ ਗਈ ਹੈ, ਜਿਨ੍ਹਾਂ ਨੇ ਰੱਖਿਆ ਖੇਤਰ ਵਿੱਚ ਠੇਕੇਦਾਰ ਵਜੋਂ ਕੰਮ ਕਰਨਾ ਸ਼ੁਰੂ ਕੀਤਾ ਹੈ।

ਕੈਨੇਡਾ ਵੱਲੋਂ ਆਪਣਾ ਫੌਜੀ ਖ਼ਰਚ ਵਧਾਏ ਜਾਣ ਦੇ ਨਾਲ ਰੱਖਿਆ ਉਦਯੋਗ ਵਿੱਚ ਵੀ ਗਤੀ ਤੇਜ਼ ਹੋ ਰਹੀ ਹੈ। ਦੇਸ਼ ਦੀਆਂ ਵੱਖ-ਵੱਖ ਕੰਪਨੀਆਂ ਹੁਣ ਕੈਨੇਡਾ ਦੇ ਵਿਸ਼ਾਲ ਆਰਕਟਿਕ ਖੇਤਰ ਦੀ ਨਿਗਰਾਨੀ ਲਈ ਦੂਰ-ਦਰਾਜ਼ ਇਲਾਕਿਆਂ ਵਿੱਚ ਕੰਮ ਕਰਨ ਵਾਲੇ ਸੰਵੇਦਕ ਤਿਆਰ ਕਰ ਰਹੀਆਂ ਹਨ। ਇਸ ਤੋਂ ਇਲਾਵਾ ਸੈਨਿਕਾਂ ਤੱਕ ਰਾਸ਼ਨ ਅਤੇ ਹੋਰ ਜ਼ਰੂਰੀ ਸਮਾਨ ਪਹੁੰਚਾਉਣ ਲਈ ਡਰੋਨ ਬਣਾਏ ਜਾ ਰਹੇ ਹਨ, ਜਦਕਿ ਖ਼ੁਦਮੁਖ਼ਤਾਰ ਤਰੀਕੇ ਨਾਲ ਕੰਮ ਕਰਨ ਵਾਲੇ ਰੋਬੋਟ ਵੀ ਤਿਆਰ ਕਰਨ 'ਤੇ ਧਿਆਨ ਦਿੱਤਾ ਜਾ ਰਿਹਾ ਹੈ।

ਰੱਖਿਆ ਖੇਤਰ ਵਿੱਚ ਆ ਰਹੀ ਇਹ ਤੇਜ਼ੀ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਕੀਤੇ ਉਸ ਵਾਅਦੇ ਨਾਲ ਵੀ ਜੁੜੀ ਹੋਈ ਹੈ, ਜਿਸ ਤਹਿਤ ਉਨ੍ਹਾਂ ਨੇ ਵਾਸ਼ਿੰਗਟਨ ਨਾਲ ਸਬੰਧਾਂ ਵਿੱਚ ਆ ਰਹੀ ਖਟਾਸ ਦੇ ਮੱਦੇਨਜ਼ਰ ਕੈਨੇਡਾ ਦੀ ਆਰਥਿਕ ਆਤਮ-ਨਿਰਭਰਤਾ ਨੂੰ ਮਜ਼ਬੂਤ ਕਰਨ ਦਾ ਅਹਿਦ ਕੀਤਾ ਹੈ।

ਕੈਨੇਡੀਅਨ ਰੱਖਿਆ ਉਦਯੋਗ ਵਿੱਚ ਹੁਣ ਨਵੀਆਂ ਸ਼ੁਰੂਆਤੀ ਕੰਪਨੀਆਂ ਦੇ ਨਾਲ-ਨਾਲ ਪਹਿਲਾਂ ਤੋਂ ਸਥਾਪਤ ਕੰਪਨੀਆਂ ਵੀ ਵੱਡੇ ਪੱਧਰ 'ਤੇ ਮੌਕੇ ਭਾਲ ਰਹੀਆਂ ਹਨ। ਯੂਰਪ ਦੀਆਂ ਕੰਪਨੀਆਂ ਵੀ ਇਸ ਖੇਤਰ ਵਿੱਚ ਦਿਲਚਸਪੀ ਦਿਖਾ ਰਹੀਆਂ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਨਾਟੋ ਦੇ ਮੈਂਬਰ ਦੇਸ਼ਾਂ 'ਤੇ ਰੱਖਿਆ ਖ਼ਰਚ ਵਿੱਚ ਵੱਧ ਯੋਗਦਾਨ ਪਾਉਣ ਲਈ ਬਣਾਏ ਜਾ ਰਹੇ ਦਬਾਅ ਦੇ ਵਿਚਕਾਰ ਕੈਨੇਡਾ ਨੂੰ ਅਰਬਾਂ ਡਾਲਰ ਦੇ ਵਾਧੂ ਰੱਖਿਆ ਫੰਡ ਮਿਲਣ ਦੀ ਉਮੀਦ ਹੈ।

ਇਨ੍ਹਾਂ ਵਧਦੇ ਫੰਡਾਂ ਦਾ ਲਾਭ ਲੈਣ ਲਈ ਕੈਨੇਡਾ ਦੀਆਂ ਨਵੀਆਂ ਅਤੇ ਪੁਰਾਣੀਆਂ ਕੰਪਨੀਆਂ ਰੱਖਿਆ ਖੇਤਰ ਵਿੱਚ ਆਪਣੀ ਭੂਮਿਕਾ ਵਧਾਉਣ ਲਈ ਤਿਆਰ ਹਨ। ਇਸ ਨਾਲ ਇੱਕ ਪਾਸੇ ਕੈਨੇਡਾ ਦੀ ਫੌਜੀ ਸਮਰੱਥਾ ਮਜ਼ਬੂਤ ਕਰਨ ਦਾ ਰਾਹ ਖੁੱਲ੍ਹ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਦੇਸ਼ ਅਮਰੀਕੀ ਸਪਲਾਈ 'ਤੇ ਆਪਣੀ ਨਿਰਭਰਤਾ ਘਟਾ ਕੇ ਘਰੇਲੂ ਰੱਖਿਆ ਉਦਯੋਗ ਨੂੰ ਵਿਕਸਤ ਕਰਨ ਵੱਲ ਵਧ ਰਿਹਾ ਹੈ।

# ਕੈਨੇਡਾ ਦੀ ਅਰਥਵਿਵਸਥਾ ਨੇ ਦੂਜੀ ਤਿਮਾਹੀ 'ਚ ਫੜੀ ਤੇਜ਼ ਰਫ਼ਤਾਰ, 3.3 ਫ਼ੀਸਦੀ ਦੀ ਵਿਕਾਸ ਦਰ

## 2023 ਤੋਂ ਬਾਅਦ ਸਭ ਤੋਂ ਤੇਜ਼ ਵਾਧਾ; ਘਰੇਲੂ ਮੰਗ, ਖ਼ਪਤਕਾਰ ਖ਼ਰਚ ਅਤੇ ਕਾਰੋਬਾਰੀ ਨਿਵੇਸ਼ ਨੇ ਦਿੱਤਾ ਅਰਥਵਿਵਸਥਾ ਨੂੰ ਮਜ਼ਬੂਤ ਸਹਾਰਾ



**ਓਟਵਾ-** ਕੈਨੇਡਾ ਦੀ ਅਰਥਵਿਵਸਥਾ ਨੇ ਦੂਜੀ ਤਿਮਾਹੀ ਵਿੱਚ ਤੇਜ਼ੀ ਨਾਲ ਵਾਪਸੀ ਕਰਦਿਆਂ 3.3 ਫ਼ੀਸਦੀ ਦੀ ਸਾਲਾਨਾ ਵਿਕਾਸ ਦਰ ਦਰਜ ਕੀਤੀ ਹੈ। ਸਟੈਟਿਸਟਿਕਸ ਕੈਨੇਡਾ ਮੁਤਾਬਕ ਇਹ ਸਾਲ 2023 ਤੋਂ ਬਾਅਦ ਅਰਥਵਿਵਸਥਾ ਵੱਲੋਂ ਦਰਜ ਕੀਤਾ ਗਿਆ ਸਭ ਤੋਂ ਤੇਜ਼ ਵਾਧਾ ਹੈ। ਇਸ ਦੇ ਨਾਲ ਹੀ ਪਹਿਲੀ ਤਿਮਾਹੀ ਦੀ ਵਿਕਾਸ ਦਰ ਨੂੰ ਸੋਧ ਕੇ 0.3 ਫ਼ੀਸਦੀ ਕਰ ਦਿੱਤਾ ਗਿਆ ਹੈ, ਜਿਸ ਕਾਰਨ ਕੈਨੇਡਾ ਤਕਨੀਕੀ ਮੰਦੀ ਵਿੱਚ ਜਾਣ ਤੋਂ ਬਚ ਗਿਆ।

ਦੂਜੀ ਤਿਮਾਹੀ ਦੌਰਾਨ ਘਰੇਲੂ ਮੰਗ, ਖ਼ਪਤਕਾਰਾਂ ਵੱਲੋਂ ਕੀਤੇ ਗਏ ਖ਼ਰਚ ਅਤੇ ਕਾਰੋਬਾਰੀ ਨਿਵੇਸ਼ ਵਿੱਚ ਮਜ਼ਬੂਤੀ ਨੇ ਅਰਥਵਿਵਸਥਾ ਨੂੰ ਸਹਾਰਾ ਦਿੱਤਾ। ਕੁੱਲ ਘਰੇਲੂ ਮੰਗ ਪਹਿਲੀ ਤਿਮਾਹੀ ਵਿੱਚ ਕੁਝ ਕਮਜ਼ੋਰ ਰਹਿਣ ਤੋਂ ਬਾਅਦ ਦੂਜੀ ਤਿਮਾਹੀ ਵਿੱਚ 1 ਫ਼ੀਸਦੀ ਵਧੀ।

ਘਰੇਲੂ ਖ਼ਪਤ ਵਿੱਚ ਵੀ 0.8 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ, ਜੋ ਪਿਛਲੀਆਂ ਤਿੰਨ ਤਿਮਾਹੀਆਂ ਵਿੱਚ ਸਭ ਤੋਂ ਵੱਧ ਹੈ। ਇਸ ਵਾਧੇ ਪਿੱਛੇ ਵਧੀਆਂ ਤਨਖ਼ਾਹਾਂ ਅਤੇ ਸਰਕਾਰੀ ਲਾਭਾਂ ਨੂੰ ਮੁੱਖ ਕਾਰਨਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕਾਰੋਬਾਰੀ ਨਿਵੇਸ਼ ਵਿੱਚ 2.3 ਫ਼ੀਸਦੀ ਦਾ ਵਾਧਾ ਹੋਇਆ। ਇਸ ਤੋਂ ਪਹਿਲਾਂ ਪਹਿਲੀ ਤਿਮਾਹੀ ਵਿੱਚ ਕਾਰੋਬਾਰੀ ਨਿਵੇਸ਼ 1.3 ਫ਼ੀਸਦੀ ਘਟਿਆ ਸੀ।

ਦੂਜੀ ਤਿਮਾਹੀ ਦੌਰਾਨ ਅਰਥਵਿਵਸਥਾ ਦੇ ਵਿਕਾਸ ਵਿੱਚ ਸਭ ਤੋਂ ਵੱਡਾ ਯੋਗਦਾਨ ਬਰਾਮਦ ਦਾ ਰਿਹਾ। ਬਰਾਮਦ ਵਿੱਚ 3.6 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ, ਜੋ ਪਿਛਲੇ ਤਿੰਨ ਸਾਲਾਂ ਵਿੱਚ ਸਭ ਤੋਂ ਵੱਧ ਹੈ।

ਹਾਲਾਂਕਿ, ਅਮਰੀਕਾ ਵੱਲੋਂ ਕੈਨੇਡੀਅਨ ਉਤਪਾਦਾਂ 'ਤੇ ਨਵਾਂ 50 ਫ਼ੀਸਦੀ ਟੈਰਿਫ ਲਗਾਏ ਜਾਣ ਕਾਰਨ ਕੈਨੇਡਾ ਦੀ ਆਰਥਿਕਤਾ ਦੇ ਭਵਿੱਖ ਨੂੰ ਲੈ ਕੇ ਬੇਯਕੀਨੀ ਵਧੀ ਹੈ। ਇਸ ਦੇ ਜਵਾਬ ਵਿੱਚ ਕੈਨੇਡਾ ਨੇ ਵੀ ਜਵਾਬੀ ਕਦਮ ਚੁੱਕੇ ਹਨ।

ਜੂਨ ਮਹੀਨੇ ਵਿੱਚ ਕੈਨੇਡਾ ਦੀ ਅਰਥਵਿਵਸਥਾ 0.3 ਫ਼ੀਸਦੀ ਵਧੀ, ਜਦਕਿ ਜੁਲਾਈ ਦੇ ਸ਼ੁਰੂਆਤੀ ਅੰਕੜੇ ਲਗਪਗ ਸਥਿਰ ਵਿਕਾਸ ਵੱਲ ਇਸ਼ਾਰਾ ਕਰ ਰਹੇ ਹਨ।

# ਸਰੀ ਵਾਸੀਆਂ ਲਈ ਪਹਿਲਾ ਸਿਟੀ-ਸਹਾਇਤਾ ਪ੍ਰਾਪਤ ਮੈਡੀਕਲ ਕਲੀਨਿਕ ਖੁੱਲ੍ਹਿਆ

## ਪਰਿਵਾਰਿਕ ਡਾਕਟਰਾਂ ਤੱਕ ਪਹੁੰਚ ਹੋਵੇਗੀ ਆਸਾਨ, ਕਲੀਨਿਕ 'ਚ 10 ਡਾਕਟਰਾਂ ਦੀ ਨਿਯੁਕਤੀ ਦਾ ਟੀਚਾ



**ਸਰੀ, ਬੀ.ਸੀ. (ਮਹੇਸ਼ਇੰਦਰ ਸਿੰਘ ਮਾਂਗਟ)** ਸਰੀ ਵਾਸੀਆਂ ਨੂੰ ਪਰਿਵਾਰਿਕ ਡਾਕਟਰਾਂ ਦੀਆਂ ਸੇਵਾਵਾਂ ਮੁਹੱਈਆ ਕਰਵਾਉਣ ਵੱਲ ਇੱਕ ਅਹਿਮ ਕਦਮ ਚੁੱਕਦਿਆਂ ਸਰੀ ਸਿਟੀ ਵੱਲੋਂ ਸਹਾਇਤਾ ਪ੍ਰਾਪਤ ਪਹਿਲਾ ਮੈਡੀਕਲ ਕਲੀਨਿਕ ਖੋਲ੍ਹ ਦਿੱਤਾ ਗਿਆ ਹੈ। ਮੇਅਰ ਬਰੈਂਡਾ ਲੌਕ ਅਤੇ ਸਿਟੀ ਕੌਂਸਲ ਮੈਂਬਰਾਂ ਨੇ ਅੱਜ ਟੋਟਲ ਲਾਈਫ ਕੇਅਰ (ਠਲ਼ਛ) ਸਰੀ ਸਿਟੀ ਸੈਂਟਰ ਕਲੀਨਿਕ ਦੇ ਉਦਘਾਟਨ ਮੌਕੇ ਸ਼ਿਰਕਤ ਕੀਤੀ।

ਕਿੰਗ ਜੌਰਜ ਬੁਲੇਵਾਰਡ ਸਥਿਤ #210-10362 ਖਿਨਗ ਘਓਰਗਏ ਭਲਵਦ. ਵਿਖੇ ਖੋਲ੍ਹੇ ਗਏ ਇਸ ਕਲੀਨਿਕ ਦਾ ਉਦੇਸ਼ ਸਰੀ ਵਾਸੀਆਂ ਦੀ ਪਰਿਵਾਰਿਕ ਡਾਕਟਰਾਂ ਤੱਕ ਪਹੁੰਚ ਵਧਾਉਣਾ ਹੈ। ਕਲੀਨਿਕ ਵਿੱਚ ਕੁੱਲ 10 ਪਰਿਵਾਰਿਕ ਡਾਕਟਰਾਂ ਦੀ ਨਿਯੁਕਤੀ ਦਾ ਟੀਚਾ ਰੱਖਿਆ ਗਿਆ ਹੈ। ਹਰ ਡਾਕਟਰ ਘੱਟੋ-ਘੱਟ 1,250 ਸਰੀ ਵਾਸੀਆਂ ਨੂੰ ਆਪਣੇ ਮਰੀਜ਼ ਵਜੋਂ ਜੋੜਨ ਦੀ ਸਮਰੱਥਾ ਰੱਖੇਗਾ।

ਸਿਟੀ ਦੀ ਕਮਿਊਨਿਟੀ ਮੈਡੀਕਲ ਕਲੀਨਿਕਸ ਇਨੀਸ਼ੀਏਟਿਵ ਤਹਿਤ ਇਹ ਪਹਿਲਾ ਕਲੀਨਿਕ ਹੈ। ਇਸ ਪਹਿਲ ਰਾਹੀਂ ਸਰੀ ਵਿੱਚ ਪਰਿਵਾਰਿਕ ਡਾਕਟਰਾਂ ਨੂੰ ਆਕਰਸ਼ਿਤ ਕਰਨ ਅਤੇ ਉਨ੍ਹਾਂ ਲਈ ਇੱਥੇ ਆਪਣੀ ਪ੍ਰੈਕਟਿਸ ਜਾਰੀ ਰੱਖਣ ਲਈ ਸੁਵਿਧਾਜਨਕ ਮਾਹੌਲ ਤਿਆਰ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਭਾਵੇਂ ਸਿਹਤ ਸੰਭਾਲ ਸਥਾਨਕ ਸਰਕਾਰ ਦੀ ਸਿੱਧੀ ਜ਼ਿੰਮੇਵਾਰੀ ਨਹੀਂ ਹੈ, ਪਰ ਸਰੀ ਵਿੱਚ ਪਰਿਵਾਰਿਕ ਡਾਕਟਰਾਂ ਦੀ ਘਾਟ ਨੂੰ ਦੇਖਦਿਆਂ ਸਿਟੀ ਲਈ ਇਸ ਮਾਮਲੇ ਵਿੱਚ ਕਦਮ ਚੁੱਕਣਾ ਜ਼ਰੂਰੀ ਸੀ। ਉਨ੍ਹਾਂ ਕਿਹਾ ਕਿ ਸਿਟੀ ਨੇ ਸਾਂਝੇਦਾਰਾਂ ਨੂੰ ਇਕੱਠਾ ਕਰਕੇ ਡਾਕਟਰਾਂ ਲਈ ਸਰੀ ਵਿੱਚ ਪ੍ਰੈਕਟਿਸ ਕਰਨਾ ਆਸਾਨ ਬਣਾਉਣ ਦੀ ਕੋਸ਼ਿਸ਼ ਕੀਤੀ ਹੈ।

ਇਸ ਪ੍ਰਾਜੈਕਟ ਤਹਿਤ ਸਿਟੀ ਕਲੀਨਿਕ ਲਈ ਜਗ੍ਹਾ ਅਤੇ ਹੋਰ ਸਹਾਇਤਾ ਮੁਹੱਈਆ ਕਰਵਾਏਗੀ, ਜਦਕਿ ਠਲ਼ਛ ਮੈਡੀਕਲ ਕਲੀਨਿਕਸ ਵੱਲੋਂ ਕਲੀਨਿਕ ਦੇ ਰੋਜ਼ਾਨਾ ਪ੍ਰਬੰਧ ਅਤੇ ਸੰਚਾਲਨ ਦੀ ਜ਼ਿੰਮੇਵਾਰੀ ਨਿਭਾਈ ਜਾਵੇਗੀ। ਪਰਿਵਾਰਿਕ ਡਾਕਟਰ ਦੀ ਭਾਲ ਕਰ ਰਹੇ ਸਰੀ ਵਾਸੀਆਂ ਨੂੰ ਤਰਜੀਹ ਦਿੱਤੀ ਜਾਵੇਗੀ।

ਕਾਰਪੋਰੇਟ ਸਰਵਿਸਿਜ਼ ਦੇ ਜਨਰਲ ਮੈਨੇਜਰ ਜੋਏ ਬਰਾੜ ਨੇ ਕਿਹਾ ਕਿ ਇਹ ਪਹਿਲਾ ਕਲੀਨਿਕ ਭਵਿੱਖ ਵਿੱਚ ਸਰੀ ਭਰ ਵਿੱਚ 10 ਤੱਕ ਕਮਿਊਨਿਟੀ ਮੈਡੀਕਲ ਕਲੀਨਿਕਾਂ ਨੂੰ ਸਹਾਇਤਾ ਦੇਣ ਦੀ ਯੋਜਨਾ ਲਈ ਮਜ਼ਬੂਤ ਨੀਂਹ ਸਾਬਤ ਹੋ ਸਕਦਾ ਹੈ।

ਉਨ੍ਹਾਂ ਕਿਹਾ ਕਿ ਜਦੋਂ ਸਿਟੀ ਭਾਈਚਾਰੇ ਦੀ ਲੋੜ ਨੂੰ ਪੂਰਾ ਕਰਨ ਲਈ ਸਹੀ ਭਾਈਵਾਲਾਂ ਨੂੰ ਇਕੱਠਾ ਕਰਦੀ ਹੈ ਤਾਂ ਵੱਡੇ ਪੱਧਰ 'ਤੇ ਬਦਲਾਅ ਸੰਭਵ ਹੋ ਸਕਦਾ ਹੈ।

ਸਿਟੀ ਅਨੁਸਾਰ ਦੂਜਾ ਮੈਡੀਕਲ ਕਲੀਨਿਕ ਇਸ ਪਤਝੜ ਵਿੱਚ ਨਿਊਟਨ ਖੇਤਰ ਵਿੱਚ ਖੋਲ੍ਹੇ ਜਾਣ ਦੀ ਉਮੀਦ ਹੈ।

























## ਸਿਟੀ ਕੌਂਸਲ ਚੋਣਾਂ-ਸਰੀ ਕੰਸਰਵੇਟਿਵ ਦੇ ਮੇਅਰ ਉਮੀਦਵਾਰ ਹੋਨਵੀਰ ਰੰਧਾਵਾ ਵਲੋਂ ਫੰਡਰੇਜਿੰਗ ਡਿਨਰ ਦੌਰਾਨ ਸ਼ਕਤੀ ਪ੍ਰਦਰਸ਼ਨ

### ਕੰਸਰਵੇਟਿਵ ਪਾਰਟੀ ਦੇ ਉਮੀਦਵਾਰਾਂ ਨੇ ਵੋਟਰਾਂ ਤੋਂ ਸਹਿਯੋਗ ਮੰਗਿਆ




**ਸਰੀ , 23 ਅਗਸਤ (ਹਰਦਮ ਮਾਨ )–** ਜਿਉਂ ਜਿਉਂ ਸਰੀ ਸਿਟੀ ਕੌਂਸਲ ਦੀਆਂ ਚੋਣਾਂ ਦਾ ਨਿਰਧਾਰਤ ਦਿਨ ਨੇੜੇ ਆ ਰਿਹਾ ਹੈ, ਤਿਉਂ ਤਿਉਂ ਹੀ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸਰੀ ਸ਼ਹਿਰ 'ਚ ਚੋਣ ਗਤੀਵਿਧੀਆਂ ਦੀ ਬਹੁਤਾਤ ਕਾਰਨ ਚੋਣ ਬੁਖਾਰ ਲਗਾਤਾਰ ਭਖਦਾ ਨਜ਼ਰ ਆ ਰਿਹਾ ਹੈ। ਇਸੇ ਹੀ ਕੜੀ ਤਹਿਤ ਸਰੀ ਕੰਸਰਵੇਟਿਵ ਪਾਰਟੀ ਵੱਲੋਂ ਮੇਅਰ ਦੇ ਅਹੁਦੇ ਲਈ ਚੋਣ ਪਿੜ 'ਚ ਨਿਤਰੇ ਗਏ ਉੱਘੇ ਵਕੀਲ ਹੋਣਵੀਰ ਰੰਧਾਵਾ ਦੇ ਹੱਕ 'ਚ ਆਰੀਆ ਬੈਂਕੁਟ ਹਾਲ ਵਿੱਚ ਆਯੋਜਿਤ ਕੀਤੇ ਇੱਕ ਫੰਡਰੇਜਿੰਗ ਪ੍ਰੋਗਰਾਮ ਵਿੱਚ ਵੱਡੀ ਗਿਣਤੀ 'ਚ ਉਨਾਂ ਦੇ ਸਮਰਥਕਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਤੇ ਆਯੋਜਿਤ ਕੀਤੇ ਸਮਾਗਮ ਦੀ ਸ਼ੁਰੂਆਤ ਗਾਇਕਾ ਕਿਆਰਾ ਵੱਲੋਂ ਕੈਨੇਡਾ ਦੇ ਕੌਮੀ ਗੀਤ ' ਓ ਕੈਨੇਡਾ' ਗਾ ਕੇ ਕੀਤੀ ਗਈ । ਉਪਰੰਤ ਵੱਖ-ਵੱਖ ਉਮੀਦਵਾਰਾਂ ਨੇ ਸਰੀ ਦੀ ਮੌਜੂਦਾ ਸਿਟੀ ਕੌਂਸਲ ਦੀ ਕਾਰਜਸ਼ੈਲੀ ਦੀ ਨੁਕਤਾਚੀਨੀ ਕਰਦਿਆਂ ਕੰਸਰਵੇਟਿਵ ਸਲੇਟ ਦੇ ਮੇਅਰ ਉਮੀਦਵਾਰ ਅਤੇ ਕੌਂਸਲਰਾਂ ਦੀ ਚੋਣ ਲੜ ਰਹੇ ਬਾਕੀ ਉਮੀਦਵਾਰਾਂ ਦਾ ਸਾਥ ਦੇਣ ਦੀ ਅਪੀਲ ਕੀਤੀ। ਇਸ ਮੌਕੇ ਤੇ ਆਪਣੀ ਤਕਰੀਰ ਦੌਰਾਨ ਮੇਅਰ ਉਮੀਦਵਾਰ ਅਤੇ ਉੱਘੇ ਵਕੀਲ ਹੋਣਵੀਰ ਰੰਧਾਵਾ ਨੇ ਵਾਅਦਾ ਕੀਤਾ ਕਿ ਜੇਕਰ ਉਹ ਅਤੇ ਉਨਾਂ ਦੀ ਸਲੇਟ ਦੇ ਉਮੀਦਵਾਰ ਜਿੱਤਣ ਵਿੱਚ ਕਾਮਯਾਬ ਹੁੰਦੇ ਹਨ ਤਾਂ ਉਹ ਸਰੀ ਵਾਸੀਆਂ ਲਈ ਲੁੜੀਦੀਆਂ ਸਹੂਲਤਾਂ ਨੂੰ ਪਹਿਲ ਦੇ ਅਧਾਰ ਤੇ ਲਾਗੂ ਕਰਵਾਉਣ ਦੇ ਨਾਲ ਨਾਲ ਗੈਂਗ ਹਿੰਸਾ ਅਤੇ ਫਿਰੌਤੀ ਦੀਆਂ ਘਟਨਾਵਾਂ ਨੂੰ ਨੱਥ ਪਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਅਤੇ ਯਤਨਸ਼ੀਲ ਰਹਿਣਗੇ। ਉਹਨਾਂ ਸਰੀ ਕੰਸਰਵੇਟਿਵ ਵਲੋਂ ਵਾਅਦਿਆਂ ਦੀ ਇਕ ਲੰਬੀ ਲੜੀ ਪੇਸ਼ ਕੀਤੀ ਜਿਸ ਤਹਿਤ ਅਗਲੇ ਚਾਰ ਸਾਲਾਂ ਦੌਰਾਨ ਪ੍ਰਾਪਰਟੀ ਟੈਕਸ ਫਰੀਜ ਕਰਨ, ਪ੍ਰਾਪਰਟੀ ਟੈਕਸ ਵਿਚ 600 ਡਾਲਰ ਦੀ ਰਾਹਤ, ਉਸਾਰੀ ਪਰਮਿਟ ਇਕ ਹਫਤੇ ਵਿਚ ਜਾਰੀ ਕਰਨ, ਛੋਟੇ ਕਾਰੋਬਾਰਾਂ ਲਈ ਟੈਕਸ ਵਿਚ 5 ਪ੍ਰਤੀਸ਼ਤ ਰਾਹਤ, ਬਿਜਨਸ ਲਾਇਸੰਸ ਫੀਸ ਵਿਚ ਛੋਟ, ਪਾਣੀ ਬਿਲਾਂ ਵਿਚ 50 ਪ੍ਰਤੀਸ਼ਤ ਤੱਕ ਕਟੌਤੀ, ਸਾਉਥ ਸਰੀ ਤੱਕ ਸਕਾਈਟਰੇਨ ਦਾ ਵਿਸਥਾਰ ਅਤੇ ਸਭ ਤੋਂ ਅਹਿਮ ਕਿ ਉਹ ਅਗਲੇ ਚਾਰ ਸਾਲ ਦੌਰਾਨ ਕੌਂਸਲਰਾਂ ਦੀਆਂ ਤਨਖਾਹਾਂ ਵਿਚ ਕੋਈ ਵਾਧਾ ਨਹੀ ਕਰਨਗੇ। ਇਸ ਲਈ ਉਹਨਾਂ ਦੀ ਟੀਮ ਇਕ ਹਲਫੀਆ ਬਿਆਨ ਵੀ ਦੇਵੇਗੀ। ਅਖੀਰ ਚ ਉਨਾਂ ਨੇ ਆਏ ਹੋਏ ਸਾਰੇ ਮਹਿਮਾਨਾਂ ਅਤੇ ਸਮਰਥਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਉਹਨਾਂ ਮੰਚ ਤੋਂ ਆਪਣੀ ਟੀਮ ਵਿਚ ਸ਼ਾਮਿਲ ਕੌਂਸਲਰ ਉਮੀਦਵਾਰਾਂ- ਕੈਲਵਿਨ ਵੈਡਰ ਪਲੋਗ, ਰਿੱਕੀ ਬਾਜਵਾ, ਡੋਨਾ ਵੂ, ਡੈਨ ਬੀ ਕਾਰਲੋਸ, ਸੈਂਡੀ ਦੋਸਾਂਝ ਅਤੇ ਟਾਮ ਸੈਡ ਦੀ ਹਾਜ਼ਰੀਨ ਨਾਲ ਜਾਣ ਪਹਿਚਾਣ ਕਰਵਾਈ ਅਤੇ ਉਹਨਾਂ ਦੀ ਕਾਬਲੀਅਤ ਅਤੇ ਸਰੀ ਸ਼ਹਿਰ ਲਈ ਪ੍ਰਤੀਬਧਤਾ ਦਾ ਪ੍ਰਗਟਾਵਾ ਦੁਹਰਾਇਆ । ਇਸ ਮੌਕੇ ਸਕੂਲ ਟਰੱਸਟੀ ਉਮੀਦਵਾਰ ਗੁਰਨੂਰ ਚੀਮਾ ਦੀ ਵੀ ਜਾਣ ਪਹਿਚਾਣ ਕਰਵਾਈ ਗਈ। ਇਸ ਭਾਰੀ ਇਕੱਠ ਦੌਰਾਨ ਹਾਜ਼ਰ ਸ਼ਖ਼ਸ਼ੀਅਤਾਂ ਵਿੱਚ ਜਗਦੀਪ ਸੰਧੂ ,ਬੈਰੀ ਨਿਊਫਿਲਡ, ਜੂਥ ਹੀਥਰਗੇਟਨ, ਤਰਨਜੀਤ ਮੱਕੜ, ਜਤਿੰਦਰ ਸੰਧੂ, ਨੈਬ ਬਰਾੜ, ਅਮਰੀਕ ਸਿੱਧੂ, ਦੀਪ ਰੰਧਾਵਾ, ਜਗਸੀਰ ਗਿੱਲ, ਰਜੇਸ਼ ਚਾਵਲਾ,ਜਸਪਾਲ ਨੰਦਾ,ਅੰਮ੍ਰਿਤ ਢੋਟ, ਗੁਰਲੀਨ, ਨਿਊਵੇਅ ਰੇਲਿੰਗ ਤੋਂ ਨਿਰਭੈ ਕੈਂਥ,ਅਜਮੇਰ ਸਿੰਘ ਭਾਗਪੁਰ, ਸੀਨੀਅਰ ਸੁਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ, ਉਘੇ ਕਵੀ ਜਸਵਿੰਦਰ, ਰਾਜਵੰਤ ਰਾਜ, ਰਵੀ ਭੁੱਲਰ, ਡਾ ਨਿਰਮਲ ਰੰਧਾਵਾ, ਕਮਲਜੀਤ ਸਿੰਘ ਮੋਗਾ ਤੇ ਹੋਰ ਹਾਜ਼ਰ ਸਨ।

## ਪ੍ਰਧਾਨ ਮੰਤਰੀ ਕਾਰਨੀ ਨੇ ਅਮਰੀਕਾ ਨਾਲ ਅਣਉਚਿਤ ਸਮਝੌਤੇ ਨੂੰ ਰੱਦ ਕਰਕੇ ਸਹੀ ਫੈਸਲਾ ਲਿਆ- ਬਰੈਂਡਾ ਲੌਕ






**ਸਰੀ ( ਕਾਹਲੋਂ )–**ਸਰੀ ਦੀ ਮੇਅਰ ਬਰੈਂਡਾ ਲੌਕ ਨੇ ਇਕ ਬਿਆਨ ਰਾਹੀਂ ਕਿਹਾ ਹੈ ਕਿ ਪ੍ਰਧਾਨ ਮੰਤਰੀ ਕਾਰਨੀ ਨੇ ਅਮਰੀਕਾ ਨਾਲ ਇੱਕ ਅਣਉੱਚਿਤ ਸਮਝੌਤੇ ਨੂੰ ਰੱਦ ਕਰਕੇ ਸਹੀ ਫ਼ੈਸਲਾ ਲਿਆ ਹੈ , ਕਿਉਂਕਿ ਇਸ ਨਾਲ ਕੈਨੇਡਾ ਦੀ ਅਰਥਵਿਵਸਥਾ ਨੂੰ ਨੁਕਸਾਨ ਪਹੁੰਚਦਾ ਸੀ ਅਤੇ ਸਾਡੀ ਖ਼ੁਦਮੁਖ਼ਤਿਆਰੀ ਕਮਜ਼ੋਰ ਹੋ ਸਕਦੀ ਸੀ। ਕੈਨੇਡਾ ਨੇ ਸਦਭਾਵਨਾ ਨਾਲ ਗੱਲਬਾਤ ਕੀਤੀ, ਪਰ ਕੋਈ ਵੀ ਸਮਾਂ-ਸੀਮਾ ਜਾਂ ਟੈਰਿਫ਼ ਦੀ ਧਮਕੀ ਸਾਡੇ ਦੇਸ਼ ਨੂੰ ਇੱਕ ਮਾੜਾ ਸਮਝੌਤਾ ਸਵੀਕਾਰ ਕਰਨ ਲਈ ਮਜਬੂਰ ਨਹੀਂ ਕਰ ਸਕਦੀ। ਕੈਨੇਡਾ ਨੂੰ ਆਪਣੇ ਭਵਿੱਖ ਬਾਰੇ ਖ਼ੁਦ ਫ਼ੈਸਲਾ ਕਰਨ ਦਾ ਹੱਕ ਹੈ, ਅਤੇ ਕੈਨੇਡੀਅਨਾਂ ਨੂੰ ਇਸ ਦੀ ਰੱਖਿਆ ਲਈ ਇਕੱਠੇ ਖੜ੍ਹਨਾ ਚਾਹੀਦਾ ਹੈ।

Executive Branch ਅਮਰੀਕਾ ਵੱਲੋਂ ਕੈਨੇਡਾ ਦੇ ਅਰਬਾਂ ਡਾਲਰ ਮੁੱਲ ਦੇ ਸਮਾਨ 'ਤੇ 50 ਪ੍ਰਤੀਸ਼ਤ ਟੈਰਿਫ਼ ਲਗਾਉਣ ਦਾ ਫ਼ੈਸਲਾ ਅਣਉੱਚਿਤ ਹੈ ਅਤੇ ਇਸ ਦਾ ਨੁਕਸਾਨ ਸਰਹੱਦ ਦੇ ਦੋਵੇਂ ਪਾਸਿਆਂ ਦੇ ਕਾਮਿਆਂ, ਕਾਰੋਬਾਰਾਂ ਅਤੇ ਪਰਿਵਾਰਾਂ ਨੂੰ ਝੱਲਣਾ ਪਵੇਗਾ। ਸਰੀ, ਫੈਡਰਲ ਸਰਕਾਰ ਦੀ ਮਜ਼ਬੂਤ ਪ੍ਰਤੀਕ੍ਰਿਆ ਅਤੇ ਕੈਨੇਡੀਅਨ ਨੌਕਰੀਆਂ ਅਤੇ ਉਦਯੋਗਾਂ ਦੀ ਸੁਰੱਖਿਆ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਦਾ ਸਮਰਥਨ ਕਰਦੀ ਹੈ। ਕੈਨੇਡਾ ਨੂੰ ਨਾ ਤਾਂ ਡਰਾਇਆ ਜਾ ਸਕਦਾ ਹੈ, ਨਾ ਵੰਡਿਆ ਜਾ ਸਕਦਾ ਹੈ ਅਤੇ ਨਾ ਹੀ ਇਸਦੇ ਭਵਿੱਖ ਉੱਤੇ ਆਪਣੇ ਕੰਟਰੋਲ ਤੋਂ ਹੱਥ ਖਿੱਚਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ ਹੈ। ਕੈਨੇਡਾ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਤੇਜ਼ੀ ਨਾਲ ਵਿਕਸਤ ਹੋ ਰਹੇ ਸ਼ਹਿਰਾਂ ਵਿੱਚੋਂ ਇੱਕ ਹੋਣ ਦੇ ਨਾਤੇ, ਅਤੇ ਵੱਡੇ ਉਦਯੋਗਾਂ, ਕਾਰੋਬਾਰਾਂ ਅਤੇ ਵਪਾਰਕ ਰਸਤਿਆਂ ਦਾ ਕੇਂਦਰ ਹੋਣ ਕਰਕੇ, ਸਰੀ ਦੀ ਇੱਕ ਮਹੱਤਵਪੂਰਨ ਭੂਮਿਕਾ ਹੈ। ਮੈਂ ਸਟਾਫ਼ ਨੂੰ ਸਾਡੇ ਖ਼ਰੀਦ ਪ੍ਰਬੰਧਾਂ ਦੀ ਡੂੰਘਾਈ ਨਾਲ ਸਮੀਖਿਆ ਕਰਨ ਅਤੇ ਜਿੱਥੇ ਵੀ ਸੰਭਵ ਹੋਵੇ, ਕੈਨੇਡੀਅਨ ਕਾਰੋਬਾਰਾਂ, ਉਤਪਾਦਾਂ ਅਤੇ ਕਾਮਿਆਂ ਨੂੰ ਸਮਰਥਨ ਦੇਣ ਦੇ ਮੌਕਿਆਂ ਦੀ ਪਛਾਣ ਕਰਨ ਲਈ ਕਿਹਾ ਹੈ।

ਅਸੀਂ ਆਪਣੇ ਫੈਡਰਲ ਅਤੇ ਸੂਬਾਈ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਾਂਗੇ। ਅਸੀਂ ਸਰੀ ਦੇ ਕਾਰੋਬਾਰੀ ਭਾਈਚਾਰੇ ਅਤੇ ਉਨ੍ਹਾਂ ਲੋਕਾਂ ਦੇ ਨਾਲ ਵੀ ਖੜ੍ਹੇ ਰਹਾਂਗੇ ਜਿਨ੍ਹਾਂ ਦੀਆਂ ਨੌਕਰੀਆਂ ਅਤੇ ਰੋਜ਼ੀ-ਰੋਟੀ ਖ਼ਤਰੇ ਵਿੱਚ ਹਨ। ਅਸੀਂ ਅਮਰੀਕਾ ਨਾਲ ਮਜ਼ਬੂਤ ਅਤੇ ਨਿਆਂਪੂਰਨ ਸੰਬੰਧਾਂ ਦੀ ਕਦਰ ਕਰਦੇ ਹਾਂ, ਪਰ ਇਹ ਸਬੰਧ ਕੈਨੇਡਾ ਦੀ ਆਜ਼ਾਦੀ ਪ੍ਰਤੀ ਨਿਆਂ, ਭਰੋਸੇ ਅਤੇ ਸਤਿਕਾਰ 'ਤੇ ਆਧਾਰਿਤ ਹੋਣੇ ਚਾਹੀਦੇ ਹਨ। ਸਰੀ ਦਾ ਰੁਖ਼ ਸਪੱਸ਼ਟ ਹੈ: ਅਸੀਂ ਆਪਣੇ ਕਾਮਿਆਂ, ਕਾਰੋਬਾਰਾਂ, ਅਤੇ ਕੈਨੇਡਾ ਦੇ ਨਾਲ ਖੜ੍ਹੇ ਹਾਂ।

# ਵੈਨਕੂਵਰ ਵਿਚਾਰ ਮੰਚ ਵੱਲੋਂ ਇੰਗਲੈਂਡ ਵਾਸੀ ਸ਼ਾਇਰ ਕਿਰਪਾਲ ਪੂਨੀ ਨਾਲ ਸਾਹਿਤਕ ਮਿਲਣੀ


**ਸਰੀ, 24 ਅਗਸਤ (ਹਰਦਮ ਮਾਨ)–** ਵੈਨਕੂਵਰ ਵਿਚਾਰ ਮੰਚ ਵੱਲੋਂ ਇੰਗਲੈਂਡ ਤੋਂ ਆਏ ਨਾਮਵਰ ਸ਼ਾਇਰ ਕਿਰਪਾਲ ਪੂਨੀ ਨਾਲ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਵਿਖੇ ਸਾਹਿਤਕ ਮਿਲਣੀ ਕੀਤੀ ਗਈ। ਇਸ ਮੌਕੇ ਕਿਰਪਾਲ ਪੂਨੀ ਨੇ ਆਪਣੀ ਜ਼ਿੰਦਗੀ, ਸਾਹਿਤਕ ਸਫ਼ਰ, ਕਾਵਿ-ਸਿਰਜਣਾ ਅਤੇ ਆਪਣੀਆਂ ਪ੍ਰਕਾਸ਼ਿਤ ਪੁਸਤਕਾਂ ਬਾਰੇ ਵਿਚਾਰ ਸਾਂਝੇ ਕੀਤੇ।

ਸਮਾਗਮ ਦੀ ਸ਼ੁਰੂਆਤ ਕਰਦਿਆਂ ਵੈਨਕੂਵਰ ਵਿਚਾਰ ਮੰਚ ਦੇ ਆਗੂ ਮੋਹਨ ਗਿੱਲ ਨੇ ਕਿਰਪਾਲ ਪੂਨੀ ਦੀ ਜਾਣ-ਪਛਾਣ ਕਰਵਾਈ। ਉਨ੍ਹਾਂ ਕਿਹਾ ਕਿ ਕਿਰਪਾਲ ਪੂਨੀ ਪੇਸ਼ੇ ਵਜੋਂ ਇੰਜਨੀਅਰ ਹਨ, ਪਰ ਉਨ੍ਹਾਂ ਦੀ ਸ਼ਖ਼ਸੀਅਤ ਦਾ ਮਹੱਤਵਪੂਰਨ ਪੱਖ ਇੱਕ ਸੰਵੇਦਨਸ਼ੀਲ ਅਤੇ ਚਿੰਤਨਸ਼ੀਲ ਸ਼ਾਇਰ ਦਾ ਹੈ। ਉਨ੍ਹਾਂ ਦੇ ਹੁਣ ਤੱਕ ਦਰਜਨ ਦੇ ਕਰੀਬ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਉਨ੍ਹਾਂ ਦੀ ਸ਼ਾਇਰੀ ਵਿੱਚ ਪਰਵਾਸੀ ਜੀਵਨ ਦੇ ਤਜਰਬਿਆਂ ਦੇ ਨਾਲ-ਨਾਲ ਮਨੁੱਖੀ ਸੰਵੇਦਨਾ, ਸਮਾਜਿਕ ਸਰੋਕਾਰ ਅਤੇ ਆਪਣੇ ਸਮੇਂ ਨਾਲ ਸੰਵਾਦ ਕਰਨ ਦੀ ਕੋਸ਼ਿਸ਼ ਵੀ ਨਜ਼ਰ ਆਉਂਦੀ ਹੈ।

ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਕਿਰਪਾਲ ਪੂਨੀ ਦੀ ਕਵਿਤਾ ਦਾ ਵਿਸ਼ੇਸ਼ ਪੱਖ ਇਹ ਹੈ ਕਿ ਉਹ ਪਰਵਾਸ ਨੂੰ ਸਿਰਫ਼ ਭੂਗੋਲਿਕ ਤਬਦੀਲੀ ਵਜੋਂ ਨਹੀਂ ਦੇਖਦੇ, ਸਗੋਂ ਇਸ ਨਾਲ ਜੁੜੇ ਮਾਨਸਿਕ, ਸਮਾਜਿਕ ਅਤੇ ਭਾਵਨਾਤਮਕ ਅਨੁਭਵਾਂ ਨੂੰ ਵੀ ਆਪਣੀ ਕਵਿਤਾ ਦਾ ਵਿਸ਼ਾ ਬਣਾਉਂਦੇ ਹਨ। ਇਸ ਕਰਕੇ ਉਨ੍ਹਾਂ ਦੀ ਸ਼ਾਇਰੀ ਵਿੱਚ ਆਪਣੀ ਮਿੱਟੀ ਦੀ ਯਾਦ, ਪਰਵਾਸੀ ਜੀਵਨ ਦੀਆਂ ਚੁਣੌਤੀਆਂ ਅਤੇ ਮਨੁੱਖ ਦੇ ਅੰਦਰਲੇ ਸੰਘਰਸ਼ ਦੀ ਗੂੰਜ ਸੁਣਾਈ ਦਿੰਦੀ ਹੈ।

ਇਸ ਮੌਕੇ ਕਿਰਪਾਲ ਪੂਨੀ ਨੇ ਆਪਣੀ ਜੀਵਨ-ਯਾਤਰਾ ਸਾਂਝੀ ਕਰਦਿਆਂ ਦੱਸਿਆ ਕਿ ਉਹ 17 ਸਾਲ ਦੀ ਉਮਰ ਵਿੱਚ ਇੰਗਲੈਂਡ ਪਹੁੰਚ ਗਏ ਸਨ। ਵਿਦੇਸ਼ ਵਿੱਚ ਸ਼ੁਰੂਆਤੀ ਸੰਘਰਸ਼ਾਂ ਤੋਂ ਬਾਅਦ ਉਨ੍ਹਾਂ ਨੇ ਇੰਜਨੀਅਰਿੰਗ ਦੀ ਡਿਗਰੀ ਹਾਸਲ ਕੀਤੀ ਅਤੇ ਆਪਣੇ ਪੇਸ਼ੇਵਰ ਜੀਵਨ ਨੂੰ ਸਥਾਪਿਤ ਕੀਤਾ। ਉਨ੍ਹਾਂ ਕਿਹਾ ਕਿ ਕਵਿਤਾ ਨਾਲ ਉਨ੍ਹਾਂ ਦਾ ਰਿਸ਼ਤਾ ਇਸ ਤੋਂ ਵੀ ਪਹਿਲਾਂ ਦਾ ਹੈ ਅਤੇ ਉਨ੍ਹਾਂ ਨੂੰ 16-17 ਸਾਲ ਦੀ ਉਮਰ ਤੋਂ ਹੀ ਕਵਿਤਾ ਲਿਖਣ ਦਾ ਸ਼ੌਕ ਸੀ। ਉਹਨਾਂ ਆਪਣੀ ਕਾਵਿ-ਚੇਤਨਾ ਦੇ ਪਿਛੋਕੜ ਬਾਰੇ ਦੱਸਦਿਆਂ ਕਿਹਾ ਕਿ ਉਨ੍ਹਾਂ ਦੇ ਦਾਦਾ ਜੀ ਖ਼ੁਦ ਸ਼ਾਇਰ ਸਨ। ਉਨ੍ਹਾਂ ਨੇ ਬਚਪਨ ਦੇ ਲਗਭਗ ਪੰਜ ਸਾਲ ਨਾਨਕੇ ਰਹਿ ਕੇ ਬਿਤਾਏ, ਜਿੱਥੇ ਉਨ੍ਹਾਂ ਦੇ ਨਾਨਾ ਜੀ ਅਤੇ ਪੜਨਾਨਾ ਜੀ ਦੇਸ਼-ਭਗਤੀ ਲਹਿਰ ਨਾਲ ਸਰਗਰਮੀ ਨਾਲ ਜੁੜੇ ਹੋਏ ਸਨ। ਉਨ੍ਹਾਂ ਕਿਹਾ ਕਿ ਪਰਿਵਾਰ ਵਿੱਚੋਂ ਮਿਲੀ ਇਸ ਸਾਹਿਤਕ ਅਤੇ ਦੇਸ਼-ਭਗਤੀ ਦੀ ਵਿਰਾਸਤ ਦਾ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਰਚਨਾਤਮਕ ਸੋਚ ਉੱਤੇ ਡੂੰਘਾ ਪ੍ਰਭਾਵ ਪਿਆ।

ਆਪਣੇ ਕਾਵਿ-ਸੰਗ੍ਰਹਿ 'ਗੁਲਾਮੀਨਾਮਾ' ਬਾਰੇ ਗੱਲ ਕਰਦਿਆਂ ਕਿਰਪਾਲ ਪੂਨੀ ਨੇ ਕਿਹਾ ਕਿ ਗੁਲਾਮੀ ਦੇ ਕਈ ਰੂਪ ਹੁੰਦੇ ਹਨ, ਪਰ ਮਾਨਸਿਕ ਗੁਲਾਮੀ ਸਭ ਤੋਂ ਵੱਡੀ ਗੁਲਾਮੀ ਹੈ। ਉਨ੍ਹਾਂ ਅਨੁਸਾਰ ਮਨੁੱਖ ਲਈ ਬਾਹਰੀ ਬੰਧਨਾਂ ਤੋਂ ਮੁਕਤੀ ਦੇ ਨਾਲ-ਨਾਲ ਆਪਣੀ ਸੋਚ ਨੂੰ ਗੁਲਾਮੀ ਦੀਆਂ ਜਕੜਾਂ ਤੋਂ ਮੁਕਤ ਕਰਨਾ ਵੀ ਬੇਹੱਦ ਜ਼ਰੂਰੀ ਹੈ। ਉਨ੍ਹਾਂ ਨੇ ਆਪਣੇ ਪਰਵਾਸ ਨਾਲ ਸਬੰਧਤ ਕਾਵਿ-ਸੰਗ੍ਰਹਿ ਅਤੇ 'ਕ੍ਰਿਸ਼ਮਈ ਤਰੰਗਾਂ' ਬਾਰੇ ਵੀ ਜਾਣਕਾਰੀ ਦਿੱਤੀ।

ਇਸ ਸਾਹਿਤਕ ਮਿਲਣੀ ਵਿੱਚ ਹਾਜਰ ਸ਼ਾਇਰ ਮਹਿੰਦਰਪਾਲ ਸਿੰਘ ਪਾਲ, ਸ਼ਾਇਰ ਹਰਦਮ ਮਾਨ ਅਤੇ ਅੰਗਰੇਜ਼ ਬਰਾੜ ਨੇ ਵੀ ਕਿਰਪਾਲ ਪੂਨੀ ਨਾਲ ਸਾਹਿਤ, ਕਵਿਤਾ ਅਤੇ ਪਰਵਾਸੀ ਪੰਜਾਬੀ ਜੀਵਨ ਨਾਲ ਸਬੰਧਤ ਵੱਖ-ਵੱਖ ਪਹਿਲੂਆਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਕਿਰਪਾਲ ਪੂਨੀ ਨੇ ਆਪਣੀਆਂ ਕੁਝ ਪੁਸਤਕਾਂ ਮੰਚ ਦੇ ਮੈਂਬਰਾਂ ਨੂੰ ਭੇਟ ਕੀਤੀਆਂ। ਜਰਨੈਲ ਸਿੰਘ ਸੇਖਾ, ਮੋਹਨ ਗਿੱਲ ਅਤੇ ਮਹਿੰਦਰਪਾਲ ਸਿੰਘ ਪਾਲ ਨੇ ਆਪਣੀਆਂ ਪੁਸਤਕਾਂ ਕਿਰਪਾਲ ਪੂਨੀ ਨੂੰ ਦਿੱਤੀਆਂ।

## ਸਰੀ ਵਿਖੇ ਕੈਨੇਡਾ ਉਰਦੂ ਐਸੋਸੀਏਸ਼ਨ ਵੱਲੋਂ ਸਾਲਾਨਾ ਮੁਸ਼ਾਇਰਾ ਤੇ ਸਨਮਾਨ ਸਮਾਗਮ





**ਸਰੀ, ਬੀ.ਸੀ. (ਮਹੇਸ਼ਇੰਦਰ ਸਿੰਘ ਮਾਂਗਟ)–** ਕੈਨੇਡਾ ਉਰਦੂ ਐਸੋਸੀਏਸ਼ਨ ਵੱਲੋਂ ਸ਼ਨੀਵਾਰ, 22 ਅਗਸਤ ਨੂੰ ਫਲੀਟਵੁੱਡ ਕਮਿਊਨਿਟੀ ਸੈਂਟਰ, ਸਰੀ ਵਿਖੇ ਸਾਲਾਨਾ ਮੁਸ਼ਾਇਰਾ ਅਤੇ ਸਨਮਾਨ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਉਰਦੂ ਭਾਸ਼ੀ ਭਾਈਚਾਰੇ ਦੇ ਮੈਂਬਰਾਂ, ਕਵੀਆਂ, ਸਾਹਿਤਕਾਰਾਂ ਅਤੇ ਸੱਭਿਆਚਾਰਕ ਆਗੂਆਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਸਰੀ ਸਿਟੀ ਸੈਂਟਰ ਦੀ ਵਿਧਾਇਕਾ ਅਮਨਾ ਸ਼ਾਹ ਅਤੇ ਵੈਨਕੂਵਰ ਸਥਿਤ ਪਾਕਿਸਤਾਨੀ ਕੌਂਸਲੇਟ ਦੇ ਡਿਪਟੀ ਕੌਂਸਲ ਜਨਰਲ ਵਕਾਸ ਅਹਿਮਦ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।



ਉਰਦੂ ਭਾਸ਼ਾ ਤੇ ਸਾਹਿਤ ਲਈ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਵੱਖ-ਵੱਖ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ। ਡਾ. ਜ਼ਰੀਨ ਨਕਵੀ, ਕਮਰ ਵਹੀਦ, ਫਰਜ਼ਾਨਾ ਆਲਮ ਅਤੇ ਅਫ਼ਸ਼ੀ ਅਜੀਜ਼ ਨੂੰ Appreciation Awards, ਹਰਦੇਵ ਸੋਢੀ ਅਸ਼ਕ ਨੂੰ Lifetime Achievement Award ਅਤੇ ਹਰਸਿਮਰਨ ਸਿੰਘ ਨੂੰ Farogh-e-Sukhan Award ਦਿੱਤਾ ਗਿਆ। ਐਸੋਸੀਏਸ਼ਨ ਦਾ ਵੱਕਾਰੀ Rafiq-e-Urdu Award ਹੁਮਾ ਸ਼ੋਏਬ ਨੂੰ ਪ੍ਰਦਾਨ ਕੀਤਾ ਗਿਆ।

ਸਨਮਾਨ ਸਮਾਗਮ ਤੋਂ ਬਾਅਦ ਮੁਸ਼ਾਇਰੇ ਦੌਰਾਨ ਵੱਖ-ਵੱਖ ਕਵੀਆਂ ਨੇ ਆਪਣੀਆਂ ਉਰਦੂ ਰਚਨਾਵਾਂ ਪੇਸ਼ ਕੀਤੀਆਂ। ਇਸ ਮੌਕੇ ਅਮਰੀਕਾ ਤੋਂ ਪਹੁੰਚੀ ਅਮਨਾ ਮੁਰਾਦ ਨੇ ਅੱਲਾਮਾ ਇਕਬਾਲ ਬਾਰੇ ਵਿਸ਼ੇਸ਼ ਪੇਸ਼ਕਾਰੀ ਵੀ ਦਿੱਤੀ।

ਕੈਨੇਡਾ ਉਰਦੂ ਐਸੋਸੀਏਸ਼ਨ 1997 ਤੋਂ ਉਰਦੂ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਸਰਗਰਮ ਹੈ।

## ਬਾਲ ਮੁਕੰਦ ਸ਼ਰਮਾ ਨੂੰ ਜੇ. ਮਨਿਹਾਸ ਵੱਲੋਂ ਦਿੱਤੀ ਖਾਣੇ ਦੀ ਦਾਵਤ ਮੌਕੇ ਡਾ. ਜਸਵਿੰਦਰ ਭੱਲਾ ਦੀਆਂ ਕੀਤੀਆਂ ਯਾਦਾਂ ਸਾਂਝੀਆਂ



**ਸਰੀ, 24 ਅਗਸਤ (ਮਹੇਸ਼ਇੰਦਰ ਸਿੰਘ ਮਾਂਗਟ)–** ਸਵਰਗਵਾਸੀ ਡਾ. ਜਸਵਿੰਦਰ ਸਿੰਘ ਭੱਲਾ ਦੀ ਪਹਿਲੀ ਬਰਸੀ ਮੌਕੇ ਸਰੀ ਦੇ ਗ੍ਰੈਂਡ ਤਾਜ ਬੈਂਕੁਇਟ ਹਾਲ ਵਿਖੇ ਕਰਵਾਏ ਗਏ ਯਾਦਗਾਰੀ ਸਮਾਗਮ ਤੋਂ ਬਾਅਦ ਉਨ੍ਹਾਂ ਦੇ ਚਾਹੁਣ ਵਾਲਿਆਂ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ਜਮਾਤੀ ਸਾਥੀਆਂ ਵੱਲੋਂ ਉਨ੍ਹਾਂ ਨਾਲ ਬਿਤਾਏ ਸਮੇਂ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਭਾਵਪੂਰਨ ਸ਼ਰਧਾਂਜਲੀ ਭੇਟ ਕੀਤੀ ਗਈ।

ਇਸ ਮੌਕੇ ਡਾ. ਜਸਵਿੰਦਰ ਸਿੰਘ ਭੱਲਾ ਦੇ ਕਰੀਬੀ ਸਾਥੀ ਅਤੇ ਉਨ੍ਹਾਂ ਨਾਲ ਲੰਮਾ ਸਮਾਂ ਬਿਤਾਉਣ ਵਾਲੇ ਬਾਲ ਮੁਕੰਦ ਸ਼ਰਮਾ ਵਿਸ਼ੇਸ਼ ਤੌਰ 'ਤੇ ਆਪਣੇ ਪਰਿਵਾਰ ਸਮੇਤ ਕੈਲਗਰੀ ਤੋਂ ਸਰੀ ਪਹੁੰਚੇ। ਸਮਾਗਮ ਦੌਰਾਨ ਬੁਲਾਰਿਆਂ ਨੇ ਡਾ. ਭੱਲਾ ਦੀ ਸਾਦਗੀ, ਹਾਸ-ਮਜ਼ਾਕ, ਮਿਲਾਪੜੇ ਸੁਭਾਅ ਅਤੇ ਪੰਜਾਬੀ ਮਨੋਰੰਜਨ ਜਗਤ ਵਿੱਚ ਉਨ੍ਹਾਂ ਵੱਲੋਂ ਪਾਏ ਯੋਗਦਾਨ ਨੂੰ ਯਾਦ ਕੀਤਾ।

ਇਸੇ ਲੜੀ ਤਹਿਤ ਉੱਘੇ ਕਾਰੋਬਾਰੀ ਜੇ. ਮਨਿਹਾਸ ਵੱਲੋਂ ਬਾਲ ਮੁਕੰਦ ਸ਼ਰਮਾ ਅਤੇ ਉਨ੍ਹਾਂ ਦੇ ਨਾਲ ਕੈਲਗਰੀ ਤੋਂ ਆਏ ਪਰਿਵਾਰਕ ਮੈਂਬਰਾਂ ਲਈ ਰਿਫਲੈਕਸ਼ਨ ਹਾਲ ਵਿਖੇ ਵਿਸ਼ੇਸ਼ ਖਾਣੇ ਦੀ ਦਾਵਤ ਦਾ ਪ੍ਰਬੰਧ ਕੀਤਾ ਗਿਆ। ਇਸ ਮਿਲਣੀ ਦੌਰਾਨ ਡਾ. ਜਸਵਿੰਦਰ ਭੱਲਾ ਨਾਲ ਬਿਤਾਏ ਪੁਰਾਣੇ ਸਮਿਆਂ ਦੀਆਂ ਯਾਦਾਂ ਤਾਜ਼ਾ ਕੀਤੀਆਂ ਗਈਆਂ ਅਤੇ ਉਨ੍ਹਾਂ ਦੇ ਜੀਵਨ ਨਾਲ ਜੁੜੇ ਕਈ ਦਿਲਚਸਪ ਤੇ ਭਾਵੁਕ ਪਲ ਸਾਂਝੇ ਕੀਤੇ ਗਏ।

ਇਸ ਮੌਕੇ ਡਾ. ਭੱਲਾ ਦੀ ਕਲਾ, ਉਨ੍ਹਾਂ ਦੀ ਦੋਸਤੀ ਅਤੇ ਪੰਜਾਬੀ ਭਾਈਚਾਰੇ ਨਾਲ ਉਨ੍ਹਾਂ ਦੇ ਗੂੜ੍ਹੇ ਰਿਸ਼ਤੇ ਬਾਰੇ ਵੀ ਵਿਚਾਰ-ਵਟਾਂਦਰਾ ਹੋਇਆ। ਹਾਜ਼ਰੀਨ ਨੇ ਕਿਹਾ ਕਿ ਡਾ. ਜਸਵਿੰਦਰ ਸਿੰਘ ਭੱਲਾ ਸਿਰਫ਼ ਇੱਕ ਮਹਾਨ ਕਲਾਕਾਰ ਹੀ ਨਹੀਂ ਸਨ, ਸਗੋਂ ਉਹ ਆਪਣੇ ਸਾਥੀਆਂ ਅਤੇ ਚਾਹੁਣ ਵਾਲਿਆਂ ਦੇ ਦਿਲਾਂ ਵਿੱਚ ਹਮੇਸ਼ਾ ਜ਼ਿੰਦਾ ਰਹਿਣ ਵਾਲੀ ਸ਼ਖ਼ਸੀਅਤ ਸਨ।

ਗੱਲਬਾਤ ਦੌਰਾਨ ਇਹ ਵੀ ਵਿਚਾਰ ਸਾਹਮਣੇ ਆਇਆ ਕਿ ਡਾ. ਭੱਲਾ ਦੀਆਂ ਯਾਦਾਂ ਨੂੰ ਸਾਂਭਣ ਲਈ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਸਮੇਂ-ਸਮੇਂ 'ਤੇ ਅਜਿਹੇ ਯਾਦਗਾਰੀ ਸਮਾਗਮ ਕਰਵਾਏ ਜਾਣ, ਤਾਂ ਜੋ ਉਨ੍ਹਾਂ ਦੀ ਕਲਾ, ਸ਼ਖ਼ਸੀਅਤ ਅਤੇ ਪੰਜਾਬੀ ਸੱਭਿਆਚਾਰ ਲਈ ਦਿੱਤੇ ਯੋਗਦਾਨ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਇਆ ਜਾ ਸਕੇ।

# ਸਰੀ ਸਿਟੀ ਕੌਂਸਲ ਲਈ ਚੋਣ ਮੈਦਾਨ ’ਚ ਉਤਰੀ ਸ਼ੀਨਾ ਵਰਮਾਨੀ — ਜਨਤਕ ਸੁਰੱਖਿਆ, ਵਿੱਤੀ ਜ਼ਿੰਮੇਵਾਰੀ ਤੇ ਭਾਈਚਾਰੇ ਦੀ ਭਲਾਈ ਨੂੰ ਬਣਾਇਆ ਮੁੱਖ ਮੁੱਦਾ

**ਸਰੀ (ਮਹੇਸ਼ਇੰਦਰ ਸਿੰਘ ਮਾਂਗਟ)** ਸ਼ੀਨਾ ਵਰਮਾਨੀ ਸਰੀ ਸਿਟੀ ਕੌਂਸਲ ਦੀ ਚੋਣ ਲੜ ਰਹੀ ਹੈ। ਉਹ ਸਿਟੀ ਹਾਲ ਵਿੱਚ ਵਿਹਾਰਕ ਸੋਚ, ਪਾਰਦਰਸ਼ੀ ਲੀਡਰਸ਼ਿਪ ਅਤੇ ਟੈਕਸਦਾਤਿਆਂ ਨੂੰ ਪਹਿਲ ਦੇਣ ਵਾਲੀ ਨੀਤੀ ਲਿਆਉਣ ਦਾ ਵਾਅਦਾ ਕਰ ਰਹੀ ਹੈ।




ਸ਼ੀਨਾ ਨੇ ਪਿਛਲੇ 25 ਸਾਲਾਂ ਦੌਰਾਨ ਜਨਤਕ ਸੁਰੱਖਿਆ ਦੇ ਖੇਤਰ ਵਿੱਚ ਕੰਮ ਕਰਦਿਆਂ ਬੀ.ਸੀ. ਸਰਕਾਰ ਲਈ ਅਪਰਾਧ ਰੋਕਥਾਮ ਸਬੰਧੀ ਸੂਬਾਈ ਨੀਤੀਆਂ ਤਿਆਰ ਕਰਨ, ਕਾਨੂੰਨੀ ਪਾਲਣਾ ਸਬੰਧੀ ਰਣਨੀਤੀਆਂ ਬਣਾਉਣ ਅਤੇ ਇੰਡੀਜੀਨਸ ਰੀਕੰਸਿਲੀਏਸ਼ਨ ਨਾਲ ਸਬੰਧਤ ਢਾਂਚੇ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

ਨੀਤੀ, ਨਿਯਮਾਂ ਅਤੇ ਅਰਥਸ਼ਾਸਤਰ ਦੇ ਖੇਤਰ ਵਿੱਚ ਤਜਰਬੇ ਤੋਂ ਇਲਾਵਾ, ਸ਼ੀਨਾ ਪਿਛਲੇ 10 ਸਾਲਾਂ ਤੋਂ ਸਥਾਨਕ ਪੱਧਰ ’ਤੇ ਭਾਈਚਾਰਕ ਸੇਵਾ ਨਾਲ ਵੀ ਜੁੜੀ ਹੋਈ ਹੈ, ਜਿੱਥੇ ਉਨ੍ਹਾਂ ਨੇ ਨੌਜਵਾਨਾਂ, ਬਜ਼ੁਰਗਾਂ ਅਤੇ ਨਵੇਂ ਆਏ ਲੋਕਾਂ ਦੀ ਸਹਾਇਤਾ ਲਈ ਕੰਮ ਕੀਤਾ ਹੈ।

ਸ਼ੀਨਾ ਦਾ ਕਹਿਣਾ ਹੈ ਕਿ ਸਰੀ ਵਿੱਚ ਸਥਾਨਕ ਕਾਰੋਬਾਰੀ ਫਿਰੌਤੀ ਦੇ ਡਰ ਕਾਰਨ ਚਿੰਤਤ ਹਨ, ਪਰਿਵਾਰਾਂ ’ਤੇ ਘਰਾਂ ਦੀਆਂ ਵਧਦੀਆਂ ਕੀਮਤਾਂ ਅਤੇ ਰਿਹਾਇਸ਼ੀ ਦਬਾਅ ਦਾ ਪ੍ਰਭਾਵ ਹੈ ਅਤੇ ਮਨੋਰੰਜਨ ਕੇਂਦਰਾਂ ਵਿੱਚ ਵਧਦੀ ਭੀੜ ਵੀ ਇੱਕ ਵੱਡੀ ਚੁਣੌਤੀ ਬਣੀ ਹੋਈ ਹੈ।

ਉਹ ਲਿੰਡਾ ਐਨਿਸ ਅਤੇ Surrey First ਟੀਮ ਨਾਲ ਮਿਲ ਕੇ ਟੈਕਸਦਾਤਿਆਂ ਨੂੰ ਪਹਿਲ ਦੇਣ ਅਤੇ ਸਥਾਨਕ ਸਰਕਾਰ ਨੂੰ ਲੋਕਾਂ ਪ੍ਰਤੀ ਵਧੇਰੇ ਜਵਾਬਦੇਹ ਬਣਾਉਣ ਦੀ ਗੱਲ ਕਰ ਰਹੀ ਹੈ।

ਲਿੰਡਾ ਐਨਿਸ ਨਾਲ ਮਿਲ ਕੇ ਚੋਣ ਲੜਨ ਬਾਰੇ ਸ਼ੀਨਾ ਵਰਮਾਨੀ ਨੇ ਕਿਹਾ ਕਿ ਉਹ ਲਿੰਡਾ ਦੀ ਅਸਲ ਜਨਤਕ ਸੁਰੱਖਿਆ, ਇਮਾਨਦਾਰੀ ਅਤੇ ਪਾਰਦਰਸ਼ਤਾ ਪ੍ਰਤੀ ਵਚਨਬੱਧਤਾ ਤੋਂ ਪ੍ਰਭਾਵਿਤ ਹਨ। ਉਨ੍ਹਾਂ ਮੁਤਾਬਕ ਲਿੰਡਾ ਵੱਲੋਂ Crime Stoppers ਦੀ ਅਗਵਾਈ ਦੌਰਾਨ ਕੀਤੇ ਕੰਮ ਇਸ ਵਚਨਬੱਧਤਾ ਦਾ ਸਬੂਤ ਹਨ।

ਸ਼ੀਨਾ ਨੇ ਕਿਹਾ ਕਿ ਦੋਵੇਂ ਮਿਲ ਕੇ ਪੁਲਿਸ ਨੂੰ ਲੋੜੀਂਦੇ ਸਾਧਨ ਮੁਹੱਈਆ ਕਰਵਾਉਣ, ਹਾਊਸਿੰਗ ਦੇ ਰਾਹ ਵਿੱਚ ਆ ਰਹੀ ਲਾਲ ਫੀਤਾਸ਼ਾਹੀ ਘਟਾਉਣ ਅਤੇ ਇਹ ਯਕੀਨੀ ਬਣਾਉਣ ਲਈ ਕੰਮ ਕਰਨਗੇ ਕਿ ਟੈਕਸਦਾਤਿਆਂ ਨੂੰ ਸਿਰਫ਼ ਪੈਸਾ ਦੇਣ ਵਾਲੇ ਸਰੋਤ ਵਜੋਂ ਨਾ ਦੇਖਿਆ ਜਾਵੇ।

ਸ਼ੀਨਾ ਵਰਮਾਨੀ ਨੇ ਕਿਹਾ ਕਿ ਸਰੀ ਜਲਦ ਹੀ ਬ੍ਰਿਟਿਸ਼ ਕੋਲੰਬੀਆ ਦਾ ਸਭ ਤੋਂ ਵੱਡਾ ਸ਼ਹਿਰ ਬਣਨ ਜਾ ਰਿਹਾ ਹੈ ਅਤੇ ਇਸ ਲਈ ਸ਼ਹਿਰ ਦੇ ਭਵਿੱਖ ਨੂੰ ਸਹੀ ਦਿਸ਼ਾ ਵਿੱਚ ਵਿਕਸਤ ਕਰਨਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।

# ਸਰੀ ਵਿੱਚ 27 ਸਤੰਬਰ ਨੂੰ ਹੋਵੇਗਾ ਨਾਟਕ ‘ਤੂੰ ਅਗਲਾ ਵਰਕਾ ਫੋਲ’ ਦਾ ਵਿਸ਼ੇਸ਼ ਮੰਚਨ

## ਡੀ ਸਟੇਜ ਤੇ ਵੱਡੇ ਹਾਲ ਵਿੱਚ ਹੋਵੇਗੀ ਰੰਗਮੰਚ ਦੀ ਪੇਸ਼ਕਾਰੀ; ਕਵਿੰਦਰ ਚਾਂਦ ਤੇ ਅਮਰੀਕ ਪਲਾਹੀ ਦੀ ਪਹਿਲਕਦਮੀ




**ਸਰੀ (ਮਹੇਸ਼ ਇੰਦਰ ਸਿੰਘ ਮਾਂਗਟ)** ਸਰੀ ਵਾਸੀਆਂ ਅਤੇ ਰੰਗਮੰਚ ਪ੍ਰੇਮੀਆਂ ਲਈ 27 ਸਤੰਬਰ 2026 ਦਾ ਦਿਨ ਖਾਸ ਹੋਣ ਜਾ ਰਿਹਾ ਹੈ। ਪੰਜਾਬੀ ਰੰਗਮੰਚ ਦੀ ਚਰਚਿਤ ਪੇਸ਼ਕਾਰੀ ‘ਤੂੰ ਅਗਲਾ ਵਰਕਾ ਫੋਲ’ ਦਾ ਵਿਸ਼ੇਸ਼ ਮੰਚਨ ਐਤਵਾਰ, 27 ਸਤੰਬਰ ਨੂੰ ਦੁਪਹਿਰ 12 ਵਜੇ ਤਾਜ ਕਨਵੈਨਸ਼ਨ ਸੈਂਟਰ ਵਿਖੇ ਕਰਵਾਇਆ ਜਾ ਰਿਹਾ ਹੈ।

ਇਸ ਮੌਕੇ ਛੋਟੀ ਸਟੇਜ ਦੀ ਬਜਾਏ ਰੰਗਮੰਚ ਲਈ ਵਿਸ਼ੇਸ਼ ਤੌਰ ’ਤੇ ਵੱਡੀ ਸਟੇਜ ਤਿਆਰ ਕੀਤੀ ਜਾਵੇਗੀ ਅਤੇ ਦਰਸ਼ਕਾਂ ਲਈ ਵੱਡੇ ਹਾਲ ਵਿੱਚ ਨਾਟਕ ਪੇਸ਼ ਕੀਤਾ ਜਾਵੇਗਾ। ਪ੍ਰਬੰਧਕਾਂ ਅਨੁਸਾਰ ਇਹ ਦਿਨ ਸਰੀ, ਵੈਨਕੂਵਰ ਅਤੇ ਡੈਲਟਾ ਸਮੇਤ ਆਸ-ਪਾਸ ਦੇ ਇਲਾਕਿਆਂ ਦੇ ਰੰਗਮੰਚ ਪ੍ਰੇਮੀਆਂ ਲਈ ਯਾਦਗਾਰੀ ਹੋਵੇਗਾ।

ਇਸ ਪੇਸ਼ਕਾਰੀ ਦੀ ਪਹਿਲਕਦਮੀ ਕਵਿੰਦਰ ਚਾਂਦ ਅਤੇ ਅਮਰੀਕ ਪਲਾਹੀ ਵੱਲੋਂ ਕੀਤੀ ਗਈ ਹੈ, ਜਦਕਿ ਸੁੱਖੀ ਬਾਠ ਅਤੇ ਪੰਜਾਬ ਭਵਨ ਵੱਲੋਂ ਸਹਿਯੋਗ ਅਤੇ ਹੌਸਲਾ-ਅਫਜ਼ਾਈ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਕੁਲਤਾਰਜੀਤ ਸਿੰਘ ਥਿਆੜਾ ਅਤੇ ਹਰਭਜਨ ਸਿੰਘ ਗਿੱਲ ਸਮੇਤ ਕਈ ਸ਼ਖ਼ਸੀਅਤਾਂ ਵੱਲੋਂ ਵੀ ਇਸ ਉਪਰਾਲੇ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ।

‘ਤੂੰ ਅਗਲਾ ਵਰਕਾ ਫੋਲ’ ਨਾਟਕ ਦੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਈ ਸਫਲ ਸ਼ੋਅ ਹੋ ਚੁੱਕੇ ਹਨ ਅਤੇ ਹਰ ਥਾਂ ਦਰਸ਼ਕਾਂ ਵੱਲੋਂ ਇਸ ਨੂੰ ਪਿਆਰ ਤੇ ਸਤਿਕਾਰ ਮਿਲਿਆ ਹੈ। ਹੁਣ ਸਰੀ ਵਿੱਚ ਹੋਣ ਜਾ ਰਹੀ ਇਸ ਪੇਸ਼ਕਾਰੀ ਨੂੰ ਲੈ ਕੇ ਰੰਗਮੰਚ ਪ੍ਰੇਮੀਆਂ ਵਿੱਚ ਉਤਸ਼ਾਹ ਪਾਇਆ ਜਾ ਰਿਹਾ ਹੈ।

ਆਯੋਜਕਾਂ ਨੇ ਸਰੀ, ਵੈਨਕੂਵਰ, ਡੈਲਟਾ ਅਤੇ ਆਸ-ਪਾਸ ਦੇ ਇਲਾਕਿਆਂ ਦੇ ਦਰਸ਼ਕਾਂ ਨੂੰ ਅਪੀਲ ਕੀਤੀ ਹੈ ਕਿ 27 ਸਤੰਬਰ ਦੀ ਤਾਰੀਖ ਆਪਣੇ ਕੈਲੰਡਰ ਵਿੱਚ ਨੋਟ ਕਰਨ ਅਤੇ ਪਰਿਵਾਰ ਤੇ ਦੋਸਤਾਂ ਸਮੇਤ ਇਸ ਵਿਸ਼ੇਸ਼ ਰੰਗਮੰਚੀ ਪੇਸ਼ਕਾਰੀ ਦਾ ਹਿੱਸਾ ਬਣਨ।

ਇਹ ਪੇਸ਼ਕਾਰੀ ‘ਧਨੁ ਲੇਖਾਰੀ ਨਾਨਕਾ’ ਦੀ ਅਗਲੀ ਕੜੀ ਵਜੋਂ ਰੰਗਮੰਚ ਦੀ ਬਾਤ ਨੂੰ ਅੱਗੇ ਤੋਰਨ ਦਾ ਉਪਰਾਲਾ ਵੀ ਹੈ।

# ਹਾਸਿਆਂ ਦੇ ਬੇਤਾਜ ਬਾਦਸ਼ਾਹ ਜਸਵਿੰਦਰ ਭੱਲਾ ਦੀ ਯਾਦ ਵਿੱਚ ਸਰੀ ਵਿਖੇ ਯਾਦਗਾਰੀ ਸਮਾਗਮ

## ਪੁਸਤਕ ‘ਅਣਡਿੱਠਾ ਅਣਸੁਣਿਆ ਜਸਵਿੰਦਰ ਭੱਲਾ’ ਰਿਲੀਜ਼ ਕੀਤੀ ਗਈ



















**ਸਰੀ, 23 ਅਗਸਤ (ਹਰਦਮ ਮਾਨ)**-ਪੀ.ਏ.ਯੂ. ਫੈਮਿਲੀ ਐਸੋਸੀਏਸ਼ਨ ਵੈਨਕੂਵਰ ਅਤੇ ਡਾ. ਜਸਵਿੰਦਰ ਸਿੰਘ ਭੱਲਾ ਫਾਊਂਡੇਸ਼ਨ ਮੋਹਾਲੀ ਵੱਲੋਂ ਪੰਜਾਬੀ ਹਾਸ-ਰਸ ਦੇ ਬੇਤਾਜ ਬਾਦਸ਼ਾਹ ਅਤੇ ਕਾਮੇਡੀ ਕਿੰਗ ਜਸਵਿੰਦਰ ਭੱਲਾ ਦੇ ਸਦੀਵੀ ਵਿਛੋੜੇ ਤੋਂ ਪੂਰਾ ਇੱਕ ਸਾਲ ਬਾਅਦ ਸਰੀ ਵਿਖੇ ਉਨ੍ਹਾਂ ਦੀ ਯਾਦ ਵਿੱਚ ਇੱਕ ਵਿਸ਼ਾਲ, ਭਾਵਪੂਰਨ ਅਤੇ ਯਾਦਗਾਰੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਦੋ ਸੌ ਦੇ ਕਰੀਬ ਉਨ੍ਹਾਂ ਦੇ ਪ੍ਰਸ਼ੰਸਕਾਂ, ਚਾਹੁਣ ਵਾਲਿਆਂ, ਸਾਹਿਤ ਅਤੇ ਕਲਾ ਨਾਲ ਜੁੜੀਆਂ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕਰਕੇ ਆਪਣੇ ਹਰਮਨ ਪਿਆਰੇ ਕਲਾਕਾਰ ਨੂੰ ਯਾਦ ਕੀਤਾ।

ਇਸ ਸਮਾਗਮ ਦੀ ਸਭ ਤੋਂ ਖ਼ੂਬਸੂਰਤ ਵਿਸ਼ੇਸ਼ਤਾ ਇਹ ਰਹੀ ਕਿ ਜਸਵਿੰਦਰ ਭੱਲਾ ਨੂੰ ਉਦਾਸੀ ਜਾਂ ਸੋਗ ਦੇ ਮਾਹੌਲ ਵਿੱਚ ਨਹੀਂ, ਸਗੋਂ ਹਾਸਿਆਂ ਦੇ ਰੰਗ ਵਿੱਚ ਯਾਦ ਕੀਤਾ ਗਿਆ। ਜਿਸ ਕਲਾਕਾਰ ਨੇ ਆਪਣੀ ਕਲਾ ਰਾਹੀਂ ਦਹਾਕਿਆਂ ਤੱਕ ਪੰਜਾਬੀਆਂ ਦੇ ਚਿਹਰਿਆਂ ’ਤੇ ਮੁਸਕਰਾਹਟਾਂ ਬਿਖੇਰੀਆਂ, ਉਸ ਨੂੰ ਉਸੇ ਹਾਸ-ਰਸ ਅਤੇ ਖੁਸ਼ਮਿਜ਼ਾਜ਼ ਅੰਦਾਜ਼ ਵਿੱਚ ਯਾਦ ਕੀਤਾ ਗਿਆ, ਜਿਸ ਲਈ ਉਹ ਲੋਕਾਂ ਦੇ ਦਿਲਾਂ ਵਿੱਚ ਵਸਦੇ ਹਨ।

ਸਮਾਗਮ ਦੇ ਮੁੱਖ ਬੁਲਾਰੇ ਪੰਜਾਬ ਤੋਂ ਵਿਸ਼ੇਸ਼ ਤੌਰ ’ਤੇ ਪਹੁੰਚੇ ਬਾਲ ਮੁਕੰਦ ਸ਼ਰਮਾ ਸਨ। ਉਹਨਾਂ ਜਸਵਿੰਦਰ ਭੱਲਾ ਨਾਲ ਲੰਮੇ ਸਮਾਂ ਕੰਮ ਕੀਤਾ ਅਤੇ ਉਨ੍ਹਾਂ ਦੀ ਕਲਾ-ਯਾਤਰਾ ਦੇ ਬਹੁਤ ਸਾਰੇ ਪੜਾਵਾਂ ਦੇ ਉਹ ਚਸ਼ਮਦੀਦ ਗਵਾਹ ਰਹੇ ਹਨ। ਬਾਲ ਮੁਕੰਦ ਸ਼ਰਮਾ ਨੇ ਆਪਣੇ ਸੰਬੋਧਨ ਦੌਰਾਨ ਜਸਵਿੰਦਰ ਭੱਲਾ ਨਾਲ ਬਿਤਾਏ ਕਈ ਸਾਲਾਂ ਦੀਆਂ ਅਨਮੋਲ ਯਾਦਾਂ ਬੇਹੱਦ ਖ਼ੂਬਸੂਰਤ ਅਤੇ ਦਿਲਚਸਪ ਲਹਿਜ਼ੇ ਵਿੱਚ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਉਨ੍ਹਾਂ ਨੇ ਜਸਵਿੰਦਰ ਭੱਲਾ ਦੇ ਕਲਾਤਮਕ ਸਫ਼ਰ ਦੇ ਮੁੱਢਲੇ ਦੌਰ ਕੈਸਟਾਂ ਅਤੇ ਭੰਡਾਂ ਦੀ ਕਲਾ ਤੋਂ ਲੈ ਕੇ ਪੰਜਾਬੀ ਫ਼ਿਲਮਾਂ ਤੱਕ ਉਨ੍ਹਾਂ ਦੀ ਸ਼ਾਨਦਾਰ ਕਲਾ-ਯਾਤਰਾ ਦੇ ਕਈ ਪੜਾਵਾਂ ਨੂੰ ਯਾਦ ਕੀਤਾ।

ਉਨ੍ਹਾਂ ਦੀ ਬਿਆਨਕਾਰੀ ਦੀ ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਉਨ੍ਹਾਂ ਨੇ ਜਸਵਿੰਦਰ ਭੱਲਾ ਦੀ ਸ਼ਖ਼ਸੀਅਤ ਦੇ ਕਈ ਅਣਸੁਣੇ ਪੱਖ, ਅਣਕਹੀਆਂ ਗੱਲਾਂ ਅਤੇ ਅਣਮੁੱਲੀਆਂ ਯਾਦਾਂ ਪਹਿਲੀ ਵਾਰ ਸਰੋਤਿਆਂ ਦੇ ਸਾਹਮਣੇ ਰੱਖੀਆਂ। ਇਨ੍ਹਾਂ ਯਾਦਾਂ ਰਾਹੀਂ ਜਸਵਿੰਦਰ ਭੱਲਾ ਦੀ ਕਲਾ ਤੋਂ ਇਲਾਵਾ ਉਨ੍ਹਾਂ ਦੀ ਸਾਦਗੀ, ਮਿਲਾਪੜੇ ਸੁਭਾਅ, ਦੋਸਤੀ ਨਿਭਾਉਣ ਦੀ ਕਲਾ ਅਤੇ ਇਨਸਾਨੀਅਤ ਦੇ ਵੀ ਕਈ ਖ਼ੂਬਸੂਰਤ ਪੱਖ ਸਾਹਮਣੇ ਆਏ। ਬਾਲ ਮੁਕੰਦ ਸ਼ਰਮਾ ਦੀਆਂ ਗੱਲਾਂ ਵਿੱਚ ਦੋਸਤੀ ਦੀ ਗਰਮਾਹਟ ਵੀ ਸੀ, ਹਾਸੇ ਦਾ ਰੰਗ ਵੀ ਅਤੇ ਇੱਕ ਮਹਾਨ ਕਲਾਕਾਰ ਨੂੰ ਨੇੜਿਓਂ ਜਾਣਨ ਵਾਲੇ ਸਾਥੀ ਦੀ ਡੂੰਘੀ ਸਮਝ ਵੀ। ਉਨ੍ਹਾਂ ਦਾ ਸੰਬੋਧਨ ਸਮਾਗਮ ਦਾ ਸਭ ਤੋਂ ਪ੍ਰਭਾਵਸ਼ਾਲੀ ਅਤੇ ਯਾਦਗਾਰੀ ਪਲ ਬਣਿਆ।

ਸਮਾਗਮ ਦੌਰਾਨ ਡਾ. ਸਾਧੂ ਸਿੰਘ ਹਰਜਿੰਦਰ ਥਿੰਦ, ਦਵਿੰਦਰ ਬੈਨੀਪਾਲ, ਜਸਬੀਰ ਰੋਮਾਣਾ, ਜਸਬੀਰ ਚੀਮਾ, ਮਨਿੰਦਰ ਗਿੱਲ, ਗੁਰਮੰਤ ਗਰੇਵਾਲ, ਵਿਜੇ ਸੈਣੀ, ਮੋਹਨ ਗਿੱਲ, ਮਨਮੋਹਨ ਗਰੇਵਾਲ, ਜੋਤਿਸਨਾ ਸਲੂਜਾ, ਕੰਚਨ ਸ਼ਰਮਾ, ਹਰਕੀਰਤ ਚਾਹਲ, ਰਵੀ ਚੀਮਾ, ਰਾਣਾ ਰਣਬੀਰ, ਬੀ.ਸੀ. ਦੇ ਮੰਤਰੀ ਜਗਰੂਪ ਬਰਾੜ, ਡਾ. ਹਮੇਸ਼ ਤਿਵਾੜੀ, ਡਾ. ਰਮੇਸ਼ ਕੁਮਾਰ, ਡਾ. ਆਰ ਐਸ ਪਰਿਹਾਰ, ਸੁਖਵਿੰਦਰ ਸੁੱਖੀ ਅਤੇ ਹੋਰ ਕਈ ਬੁਲਾਰਿਆਂ ਨੇ ਜਸਵਿੰਦਰ ਭੱਲਾ ਨਾਲ ਜੁੜੀਆਂ ਯਾਦਾਂ, ਹਾਸੇ-ਮਜ਼ਾਕ ਵਾਲੇ ਕਿੱਸੇ ਅਤੇ ਉਨ੍ਹਾਂ ਦੀ ਕਲਾ ਨਾਲ ਸੰਬੰਧਿਤ ਦਿਲਚਸਪ ਪਲ ਸਰੋਤਿਆਂ ਨਾਲ ਸਾਂਝੇ ਕੀਤੇ। ਕਿਸੇ ਵੀ ਬੁਲਾਰੇ ਨੇ ਉਦਾਸੀ ਭਰੇ ਜਾਂ ਮਾਤਮੀ ਬੋਲਾਂ ਨਾਲ ਸਮਾਗਮ ਦੇ ਮਾਹੌਲ ਨੂੰ ਗਮਗੀਨ ਨਹੀਂ ਕੀਤਾ। ਹਰ ਕਿਸੇ ਨੇ ਉਨ੍ਹਾਂ ਨੂੰ ਹਾਸਿਆਂ ਦੇ ਬਾਦਸ਼ਾਹ, ਕਮੇਡੀ ਕਿੰਗ ਅਤੇ ਪੰਜਾਬੀ ਹਾਸ-ਰਸ ਦੇ ਅਮਿੱਟ ਚਿਹਰੇ ਵਜੋਂ ਯਾਦ ਕੀਤਾ।

ਇਸ ਮੌਕੇ ਬਾਲ ਮੁਕੰਦ ਸ਼ਰਮਾ ਵੱਲੋਂ ਜਸਵਿੰਦਰ ਭੱਲਾ ਦੀ ਯਾਦ ਨੂੰ ਸਮਰਪਿਤ ਲਿਖੀ ਗਈ ਯਾਦਗਾਰੀ ਪੁਸਤਕ ‘ਅਣਡਿੱਠਾ ਅਣਸੁਣਿਆ ਜਸਵਿੰਦਰ ਭੱਲਾ’ ਵੀ ਰਿਲੀਜ਼ ਕੀਤੀ ਗਈ। ਪੁਸਤਕ ਰਿਲੀਜ਼ ਦਾ ਪਲ ਉਨ੍ਹਾਂ ਦੇ ਪ੍ਰਸ਼ੰਸਕਾਂ ਅਤੇ ਚਾਹੁਣ ਵਾਲਿਆਂ ਲਈ ਬੇਹੱਦ ਮਹੱਤਵਪੂਰਨ ਰਿਹਾ। ਇਹ ਪੁਸਤਕ ਜਸਵਿੰਦਰ ਭੱਲਾ ਦੀ ਕਲਾ ਅਤੇ ਸ਼ਖ਼ਸੀਅਤ ਨਾਲ ਜੁੜੀਆਂ ਯਾਦਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦਾ ਇੱਕ ਮਹੱਤਵਪੂਰਨ ਉਪਰਾਲਾ ਹੈ।

ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਜਰਨੈਲ ਸਿੰਘ ਸੇਖਾ, ਸੁਰਿੰਦਰ ਚਾਹਲ, ਡਾ. ਦਿਲਬਾਗ ਰਾਣਾ, ਰਾਜਵੰਤ ਰਾਜ, ਅੰਗਰੇਜ਼ ਬਰਾੜ, ਡਾ. ਸੁਖਦੇਵ ਮਾਨ, ਡਾ. ਜਸ ਬਾਸੀ, ਜਤਿੰਦਰ ਜੇ ਮਿਨਹਾਸ, ਬਲਦੇਵ ਬਾਠ ਪੀਏਯੂ ਫੈਮਲੀ ਐਸੋਸੀਏਸ਼ਨ ਅਤੇ ਡਾ. ਜਸਵਿੰਦਰ ਸਿੰਘ ਭੱਲਾ ਫਾਊਂਡੇਸ਼ਨ ਦੇ ਸਾਰੇ ਐਗਜ਼ੈਕਟਿਵ ਮੈਂਬਰ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਨਾਲ ਸਬੰਧਤ ਕਈ ਵਿਦਵਾਨ ਅਤੇ ਵਿਦਿਆਰਥੀ ਸ਼ਾਮਲ ਸਨ। ਅੰਤ ਵਿਚ ਡਾ. ਗੁਲਜ਼ਾਰ ਸਿੰਘ ਵਿਲਿੰਗ ਅਤੇ ਡਾ. ਸੁਖਵਿੰਦਰ ਸਿੰਘ ਨੇ ਸਮਾਗਮ ਵਿਚ ਹਾਜਰ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਸਮੁੱਚੇ ਸਮਾਗਮ ਦਾ ਸੰਚਾਲਨ ਡਾ. ਅਮਰਜੀਤ ਭੁੱਲਰ ਨੇ ਬਾਖ਼ੂਬੀ ਕੀਤਾ। ਸਮੁੱਚੇ ਤੌਰ ’ਤੇ ਇਹ ਸਮਾਗਮ ਕਿਸੇ ਵਿਛੜੇ ਕਲਾਕਾਰ ਦਾ ਸਿਰਫ਼ ਯਾਦਗਾਰੀ ਸਮਾਗਮ ਨਹੀਂ ਸੀ, ਸਗੋਂ ਜਸਵਿੰਦਰ ਭੱਲਾ ਦੀ ਜ਼ਿੰਦਗੀ, ਕਲਾ, ਦੋਸਤੀ, ਇਨਸਾਨੀਅਤ ਅਤੇ ਹਾਸੇ ਨੂੰ ਮਨਾਉਣ ਦਾ ਇੱਕ ਖ਼ੂਬਸੂਰਤ ਜਸ਼ਨ ਸੀ। ਉਨ੍ਹਾਂ ਨੂੰ ਯਾਦ ਕਰਦਿਆਂ ਸਰੋਤਿਆਂ ਦੇ ਚਿਹਰਿਆਂ ’ਤੇ ਆਈ ਮੁਸਕਰਾਹਟ ਹੀ ਇਸ ਗੱਲ ਦੀ ਗਵਾਹ ਸੀ ਕਿ ਜਸਵਿੰਦਰ ਭੱਲਾ ਅੱਜ ਵੀ ਆਪਣੀ ਕਲਾ ਰਾਹੀਂ ਲੋਕਾਂ ਦੇ ਦਿਲਾਂ ਵਿੱਚ ਜ਼ਿੰਦਾ ਹਨ।

# ਨਾਨਕਸਰ ਸਿੱਖ ਟੈਂਪਲ ’ਤੇ ਹਮਲਾ ਬੇਹੱਦ ਗਲਤ ਤੇ ਨਾ-ਕਾਬਿਲ-ਏ-ਬਰਦਾਸ਼ਤ : ਮਨਦੀਪ ਸਿੰਘ ਧਾਲੀਵਾਲ





**ਸਰੀ (ਮਹੇਸ਼ਇੰਦਰ ਸਿੰਘ ਮਾਂਗਟ )** ਸਰੀ ਤੋਂ ਐਮ ਐਲ ਏ ਮਨਦੀਪ ਸਿੰਘ ਧਾਲੀਵਾਲ ਨੇ ਨਾਨਕਸਰ ਸਿੱਖ ਟੈਂਪਲ ਵਿਖੇ ਵਾਪਰੀ ਹਿੰਸਕ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਸ ਨੂੰ ਬੇਹੱਦ ਗਲਤ ਅਤੇ ਨਾ-ਕਾਬਿਲ-ਏ-ਬਰਦਾਸ਼ਤ ਕਰਾਰ ਦਿੱਤਾ ਹੈ। ਉਨ੍ਹਾਂ ਫੇਸਬੁੱਕ ਹੈਂਡਲ ਰਾਹੀਂ ਕਿਹਾ ਕਿ ਇੱਕ ਸਿੱਖ ਪੰਜਾਬੀ ਹੋਣ ਦੇ ਨਾਤੇ ਉਹ ਸਪੱਸ਼ਟ ਤੌਰ ’ਤੇ ਕਹਿਣਾ ਚਾਹੁੰਦੇ ਹਨ ਕਿ ਕੈਨੇਡਾ ਵਿੱਚ ਕਿਸੇ ਵੀ ਸਿੱਖ ਨੂੰ ਆਪਣੀ ਧਾਰਮਿਕ ਆਸਥਾ ਦਾ ਪਾਲਣ ਕਰਨ, ਗੁਰਦੁਆਰਾ ਸਾਹਿਬ ਜਾਣ ਜਾਂ ਆਪਣੇ ਹੀ ਭਾਈਚਾਰੇ ਵਿੱਚ ਸੁਰੱਖਿਅਤ ਮਹਿਸੂਸ ਕਰਨ ਲਈ ਡਰ ਵਿੱਚ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਹਮਦਰਦੀ ਨਾਨਕਸਰ ਸਿੱਖ ਟੈਂਪਲ ਦੇ ਮੈਂਬਰਾਂ, ਇਸ ਬੇਤੁਕੀ ਹਿੰਸਾ ਦੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਹੈ। ਉਨ੍ਹਾਂ ਪੀੜਤਾਂ ਦੀ ਜਲਦ ਅਤੇ ਪੂਰੀ ਸਿਹਤਯਾਬੀ ਲਈ ਅਰਦਾਸ ਕਰਦਿਆਂ ਕਿਹਾ ਕਿ ਇਸ ਔਖੀ ਘੜੀ ਵਿੱਚ ਉਹ ਸਾਰੇ ਕੈਨੇਡਾ ਦੇ ਸਿੱਖ ਭਾਈਚਾਰੇ ਦੇ ਨਾਲ ਦ੍ਰਿੜਤਾ ਨਾਲ ਖੜ੍ਹੇ ਹਨ।

ਮਨਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਅੱਜ ਦੀ ਇਹ ਘਟਨਾ ਇੱਕ ਵਾਰ ਫਿਰ ਦਰਸਾਉਂਦੀ ਹੈ ਕਿ ਫੈਡਰਲ ਸਰਕਾਰ ਨੂੰ ਜ਼ਮਾਨਤ (ਭਓਿਲ) ਅਤੇ ਪੈਰੋਲ ਸਬੰਧੀ ਕਾਨੂੰਨਾਂ ਵਿੱਚ ਸੁਧਾਰ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਹਿੰਸਕ ਅਤੇ ਵਾਰ-ਵਾਰ ਅਪਰਾਧ ਕਰਨ ਵਾਲੇ ਵਿਅਕਤੀਆਂ ਨੂੰ ਕਾਨੂੰਨ ਅਨੁਸਾਰ ਸਖ਼ਤ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ, ਉਨ੍ਹਾਂ ਖ਼ਿਲਾਫ਼ ਕਾਨੂੰਨ ਦੀ ਪੂਰੀ ਹੱਦ ਤੱਕ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਜੇਕਰ ਉਹ ਭਾਈਚਾਰੇ ਲਈ ਲਗਾਤਾਰ ਖ਼ਤਰਾ ਬਣੇ ਹੋਏ ਹਨ ਤਾਂ ਉਨ੍ਹਾਂ ਨੂੰ ਜੇਲ੍ਹ ਵਿੱਚ ਹੀ ਰੱਖਿਆ ਜਾਣਾ ਚਾਹੀਦਾ ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਾਡੇ ਧਾਰਮਿਕ ਅਸਥਾਨ ਸੁਰੱਖਿਅਤ ਹੋਣੇ ਚਾਹੀਦੇ ਹਨ, ਸਾਡੇ ਭਾਈਚਾਰੇ ਸੁਰੱਖਿਅਤ ਹੋਣੇ ਚਾਹੀਦੇ ਹਨ ਅਤੇ ਕੈਨੇਡਾ ਵਿੱਚ ਹਰ ਸਿੱਖ ਨੂੰ ਬਿਨਾਂ ਕਿਸੇ ਡਰ ਦੇ ਆਪਣੀ ਧਾਰਮਿਕ ਆਸਥਾ ਦਾ ਪਾਲਣ ਕਰਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ।

# ਸਿੱਖ ਵਿਰਾਸਤ ਨੂੰ ਸੰਭਾਲਣ ਲਈ ਸਰੀ ‘ਚ ਦੋ ਰੋਜ਼ਾ ਪੁਰਾਤਨ ਯੁੱਧ ਕਲਾ ਮੁਕਾਬਲੇ ਕਰਵਾਏ

## ਅਕਾਲ ਖ਼ਾਲਸਾ ਵਲੋਂ ਗੁਰਦੁਆਰਾ ਕਮੇਟੀ ਦੇ ਸਹਿਯੋਗ ਨਾਲ ਕਰਵਾਏ ਮੁਕਾਬਲਿਆਂ ‘ਚ ਅਮਰੀਕਾ ਤੇ ਕੈਨੇਡਾ ਤੋਂ 100 ਵਿਦਿਆਰਥੀਆਂ ਨੇ ਭਾਗ ਲਿਆ

## ਘੋੜ ਸਵਾਰੀ ਤੋਂ ਲੈ ਹਰ ਪੁਰਾਤਨ ਸ਼ਾਸਤਰ ਚਲਾਉਣ ਵਾਲੇ ਵਿਸ਼ੇਸ਼ ਐਵਾਰਡਾਂ ਨਾਲ ਸਨਮਾਨਿਤ











**ਸਰੀ (ਜੋਗਿੰਦਰ ਸਿੰਘ ) –**ਸਿੱਖ ਵਿਰਾਸਤ ਨੂੰ ਸੰਭਾਲਣ ਲਈ ਕੈਨੇਡਾ ‘ਚ ਚੱਲ ਰਹੇ ਉਪਰਾਲਿਆਂ ਦੌਰਾਨ ਅਕਾਲ ਖ਼ਾਲਸਾ ਮਾਰਸ਼ਲ ਆਰਟ ਵਲੋਂ ਗੁਰਦੁਆਰਾ ਦਸਮੇਸ਼ ਦਰਬਾਰ ਸਾਹਿਬ ਦੇ ਸਹਿਯੋਗ ਨਾਲ ਦੋ ਰੋਜ਼ਾ ਸਿੱਖ ਵਾਰੀਅਰ 2026 ਦੇ ਨਾਂਅ ਹੇਠ ਪੁਰਾਤਨ ਯੁੱਧ ਕਲਾ ਨੂੰ ਸਮਰਪਿਤ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ ਗਏ ਙ ਇਸ ਦੌਰਾਨ ਖ਼ਾਲਸਾਈ ਬਾਣੇ ‘ਚ ਸਜੇ ਸੈਕੜੇ ਬੱਚੇ ਜਿਥੇ ਘੋੜ ਸਵਾਰੀ ਤੋਂ ਲੈ ਕੇ ਪੁਰਾਤਨ ਸ਼ਾਸਤਰ ਚਲਾਉਣ ਦੌਰਾਨ ਜਾਹੋ ਜਲਾਲ ਵਾਲਾ ਮਹੌਲ ਸਿਰਜ ਰਹੇ ਸਨ, ਉਥੇ ਨੀਲੇ, ਕੇਸਰੀ ਬਾਣਿਆ ‘ਚ ਸਜੇ ਬੱਚੇ ਸਿੱਖੀ ਦਾ ਵਿਲੱਖਣ ਰੰਗ ਪੇਸ਼ ਕਰ ਰਹੇ ਸਨ ਙ ਮੁਕਾਬਲਿਆਂ ‘ਚ ਕੈਨੇਡਾ ਦੀਆਂ ਵੱਖ ਵੱਖ ਸਟੇਟਾਂ ਤੋਂ ਇਲਾਵਾ ਅਮਰੀਕਾ ਤੋਂ ਵੀ ਵਿਦਿਆਰਥੀ ਪੁੱਜੇ ਹੋਏ ਸਨ। ਇਨ੍ਹਾਂ ਮੁਕਾਬਲਿਆਂ ਦੌਰਾਨ ਛੋਟੇ ਛੋਟੇ ਬੱਚਿਆਂ ਤੋਂ ਇਲਾਵਾ ਨੌਜਵਾਨਾਂ ਵਲੋਂ ਪਹਿਲਾਂ ਘੋੜਿਆਂ ਦੀਆਂ ਕਾਠੀਆਂ ‘ਤੇ ਸਵਾਰ ਹੋ ਤੀਰ ਅੰਦਾਜ਼ੀ, ਨੇਜੇਬਾਜੀ, ਕਿੱਲੇ ਪੁੱਟਣ ਦੇ ਦਿਲ ਖਿੱਚ ਮੁਕਾਬਲੇ ਦਿਖਾਏ ਤੇ ਬਾਅਦ ‘ਚ ਦੋ ਦਿਨ ਪੁਰਾਤਨ ਸ਼ਾਸਤਰਾਂ ਕਿਰਪਾਨ, ਤੀਰ ਕਮਾਨ, ਖੰਡੇ, ਨੇਜੇਬਾਜੀ ਤੇ ਹੋਰ ਅਨੇਕਾਂ ਸ਼ਾਸਤਰਾਂ ਨੂੰ ਐਸਾ ਚਲਾਇਆ ਕਿ ਦੇਖਣ ਵਾਲਿਆਂ ਨੂੰ ਜੈਕਾਰੇ ਗਜਾਉਣ ਲਈ ਮਜਬੂਰ ਕਰ ਦਿੱਤਾ।

ਮੁਕਾਬਲਿਆਂ ਦੇ ਜੇਤੂਆਂ ਰਣ ਦੇ ਸੂਰਮੇ, ਜੋਧੇ, ਤੱਤ ਖ਼ਾਲਸੇ, ਨਿਪੁੰਨ ਜੋਧੇ, ਸਿੱਖ ਵਾਰੀਅਰ, ਸਿੰਘ ਸੂਰਮੇ, ਕੌਰ ਵਾਰੀਅਰ ਤੇ ਹੋਰ ਅਨੇਕਾਂ ਪੁਰਾਤਨ ਐਵਾਰਡਾਂ ਨਾਲ ਨਿਵਾਜਿਆ। ਦੋਵੇਂ ਦਿਨ ਮੁਕਾਬਲੇ ਇੰਨੇ ਦਿਲਚਸਪ ਤੇ ਫਸਵੇਂ ਰਹੇ ਕਿ ਸੰਗਤ ਸ਼ਾਹ ਰੋਕ ਰੋਕ ਦੇਖਦੀ ਰਹੀ।

ਇਨ੍ਹਾਂ ਸਮਾਗਮਾਂ ਦੇ ਮੁੱਖ ਪ੍ਰਬੰਧਕ ਭਾਈ ਜਗਜੀਤ ਸਿੰਘ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਦੇ ਨਾਲ ਨਾਲ ਸਹਿਯੋਗੀ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਙ ਉਨ੍ਹਾਂ ਜੇਤੂ ਵਿਦਿਆਰਥੀਆਂ ਦੇ ਨਾਲ ਨਾਲ ਹਰ ਉਸ ਵਿਦਿਆਰਥੀ ਨੂੰ ਖ਼ਾਲਸਾਈ ਜੋਧਾ ਕਰਾਰ ਦਿੱਤਾ, ਜਿਸ ਵਲੋਂ ਮੁਕਾਬਲਿਆਂ ‘ਚ ਭਾਗ ਲਿਆ ਗਿਆ। ਜੇਤੂਆਂ ਨੂੰ ਇਨਾਮ ਵਜੋਂ ਗੋਲਡਨ, ਚਾਂਦੀ ਢਾਲਾਂ, ਕਿਰਪਾਨਾਂ, ਸ਼ਹੀਦ ਸਿੰਘਾਂ ਦੀਆਂ ਤਸਵੀਰਾਂ ਵਾਲੀਆਂ ਟੀ ਸਰਟਾਂ, ਹੁਡੀਆਂ ਨਾਲ ਸਨਮਾਨਿਆ ਗਿਆ।

ਸਮਾਗਮਾਂ ਦੀ ਕੋਆਰਡੀਨੇਟਰ ਮਿਲਨਜੀਤ ਕੌਰ ਖ਼ਾਲਸਾ ਨੇ ਦੱਸਿਆ ਕਿ ਮੁਕਾਬਲਿਆਂ ‘ਚ 100 ਦੇ ਕਰੀਬ ਬੱਚਿਆਂ ਨੇ ਭਾਗ ਲਿਆ। ਇਸ ਮੌਕੇ ਸਹਿਯੋਗੀਆਂ ‘ਚ ਗੁਰਦੀਪ ਸਿੰਘ ਸਮਰਾ, ਭਾਈ ਜਸਵੀਰ ਸਿੰਘ, ਅਮਨਦੀਪ ਸਿੰਘ ਗਰਚਾ, ਦਿਵਿਆਦੀਪ ਸਿੰਘ, ਨਵਕਿਰਨ ਸਿੰਘ, ਭਾਈ ਸਾਹਿਬ ਸਿੰਘ, ਗੁਰਪ੍ਰੀਤ ਸਿੰਘ ਵਿਨੀਪੈਗ, ਹਰਜਾਪ ਸਿੰਘ, ਗੁਰਸੇਵਕ ਸਿੰਘ, ਹਰਮਨ ਸਿੰਘ,ਭਾਈ ਜੋਬਨਦੀਪ ਸਿੰਘ,ਬੀਬੀ ਪਰਵਿੰਦਰ ਕੌਰ, ਰੁਪਿੰਦਰ ਸਿੰਘ ਰੂਪੀ, ਸੋਨੀ ਝਾਵਰ (ਗੁੱਡ ਡੀਲ ਮੋਟਰ ) ਦਲਜੀਤ ਸਿੰਘ ਸਮੇਤ ਪ੍ਰਬੰਧਕਾਂ ‘ਚ ਬੀਬੀਆਂ ਵੀ ਸ਼ਾਮਿਲ ਸਨ। ਇਸ ਮੀਡੀਆ ਦੇ ਨੁਮਾਇੰਦਿਆਂ ਜੋਗਿੰਦਰ ਸਿੰਘ,ਜਗਦੀਸ਼ ਸਿੰਘ ਖ਼ਾਲਸਾ, ਮਲਕੀਤ ਸਿੰਘ ਅਦਾਰਾ ‘ਅਜੀਤ’, ਰਵੀ ਕੁਮਾਰ ਚੜ੍ਹਦੀ ਕਲਾ, ਨਿਰੰਜਨ ਸਿੰਘ ਲੇਹਲ ਨੂੰ ਵੀ ਸਨਮਾਨਿਤ ਕੀਤਾ ਗਿਆ ਙ

# ਬਰੈਂਪਟਨ ’ਚ ਪਵਨ ਦੀਵਾਨ ਤੇ ਸਤਵੀਰ ਪੱਲੀਝਿੱਕੀ ਦੀ ਸੰਸਦ ਮੈਂਬਰ ਅਮਨਦੀਪ ਕੌਰ ਸੋਢੀ ਨਾਲ ਮੁਲਾਕਾਤ

## ਭਾਰਤ-ਕੈਨੇਡਾ ਵਪਾਰਕ ਸਬੰਧਾਂ, ਇਮੀਗ੍ਰੇਸ਼ਨ ਅਤੇ ਭਾਰਤੀ ਵਿਦਿਆਰਥੀਆਂ ਦੇ ਮੁੱਦਿਆਂ ’ਤੇ ਹੋਈ ਵਿਸਥਾਰਪੂਰਵਕ ਚਰਚਾ




**ਬਰੈਂਪਟਨ (ਕੈਨੇਡਾ), 25 ਅਗਸਤ (ਮਹੇਸ਼ਇੰਦਰ ਸਿੰਘ ਮਾਂਗਟ)–** ਇਨ੍ਹਾਂ ਦਿਨੀਂ ਕੈਨੇਡਾ ਦੌਰੇ ’ਤੇ ਆਏ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਪਵਨ ਦੀਵਾਨ ਅਤੇ ਸ਼ਹੀਦ ਭਗਤ ਸਿੰਘ ਨਗਰ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਸਤਵੀਰ ਸਿੰਘ ਪੱਲੀਝਿੱਕੀ ਦੀ ਅਗਵਾਈ ਹੇਠ ਇੱਕ ਵਫ਼ਦ ਨੇ ਬਰੈਂਪਟਨ ਵਿਖੇ ਕੈਨੇਡੀਅਨ ਸੰਸਦ ਮੈਂਬਰ ਅਮਨਦੀਪ ਕੌਰ ਸੋਢੀ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਉਨ੍ਹਾਂ ਦੇ ਬਰੈਂਪਟਨ ਸੈਂਟਰ ਹਲਕੇ ਦੇ ਦਫ਼ਤਰ ਵਿਖੇ ਹੋਈ।

ਵਫ਼ਦ ਵਿੱਚ ਲਿਬਰਲ ਪਾਰਟੀ ਆਫ ਕੈਨੇਡਾ ਦੇ ਨੈਸ਼ਨਲ ਵਾਈਸ-ਪ੍ਰੈਜ਼ੀਡੈਂਟ ਹਰਦਮ ਮਾਂਗਟ, ਅਮਰਪ੍ਰੀਤ ਔਲਖ, ਯਾਦਵਿੰਦਰ ਸੋਢੀ ਅਤੇ ਅਜੀਤ ਸੋਢੀ ਵੀ ਸ਼ਾਮਲ ਸਨ। ਮੁਲਾਕਾਤ ਦੌਰਾਨ ਭਾਰਤ-ਕੈਨੇਡਾ ਸਬੰਧਾਂ, ਵਪਾਰ, ਇਮੀਗ੍ਰੇਸ਼ਨ ਅਤੇ ਭਾਰਤੀ ਵਿਦਿਆਰਥੀਆਂ ਨੂੰ ਦਰਪੇਸ਼ ਚੁਣੌਤੀਆਂ ਸਮੇਤ ਕਈ ਅਹਿਮ ਮੁੱਦਿਆਂ ’ਤੇ ਉਸਾਰੂ ਵਿਚਾਰ-ਵਟਾਂਦਰਾ ਕੀਤਾ ਗਿਆ।

ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਪਵਨ ਦੀਵਾਨ ਅਤੇ ਸਤਵੀਰ ਸਿੰਘ ਪੱਲੀਝਿੱਕੀ ਨੇ ਕਿਹਾ ਕਿ ਦੋਵਾਂ ਦੇਸ਼ਾਂ ਦਰਮਿਆਨ ਵਪਾਰਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਭਾਰਤ-ਕੈਨੇਡਾ ਮੁਕਤ ਵਪਾਰ ਸਮਝੌਤੇ ਸਬੰਧੀ ਚੱਲ ਰਹੀ ਗੱਲਬਾਤ ਬਾਰੇ ਵੀ ਵਿਸਥਾਰ ਨਾਲ ਚਰਚਾ ਹੋਈ।

ਉਨ੍ਹਾਂ ਕਿਹਾ ਕਿ ਸੰਸਦ ਮੈਂਬਰ ਅਮਨਦੀਪ ਕੌਰ ਸੋਢੀ ਨੇ ਦੱਸਿਆ ਕਿ ਦੋਵਾਂ ਦੇਸ਼ਾਂ ਦੇ ਸਬੰਧਤ ਅਧਿਕਾਰੀ ਮੁਕਤ ਵਪਾਰ ਸਮਝੌਤੇ ਦੀਆਂ ਸ਼ਰਤਾਂ ਅਤੇ ਨਿਯਮਾਂ ਨੂੰ ਅੰਤਿਮ ਰੂਪ ਦੇਣ ਲਈ ਕੰਮ ਕਰ ਰਹੇ ਹਨ। ਇਸ ਸਬੰਧੀ ਕੈਨੇਡਾ ਸਰਕਾਰ ਅਤੇ ਭਾਰਤ ਸਰਕਾਰ ਦਰਮਿਆਨ ਗੱਲਬਾਤ ਨੂੰ ਅਹਿਮ ਮੰਨਿਆ ਜਾ ਰਿਹਾ ਹੈ।

ਮੀਟਿੰਗ ਦੌਰਾਨ ਕੈਨੇਡਾ ਦੀ ਇਮੀਗ੍ਰੇਸ਼ਨ ਨੀਤੀ ਅਤੇ ਭਾਰਤੀ ਵਿਦਿਆਰਥੀਆਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਮੁੱਦਾ ਵੀ ਪ੍ਰਮੁੱਖਤਾ ਨਾਲ ਉਠਾਇਆ ਗਿਆ। ਦੀਵਾਨ ਅਤੇ ਪੱਲੀਝਿੱਕੀ ਨੇ ਕਿਹਾ ਕਿ ਕੈਨੇਡਾ ਵਿੱਚ ਵੱਡੀ ਗਿਣਤੀ ਵਿੱਚ ਵੱਸਦੇ ਭਾਰਤੀ ਭਾਈਚਾਰੇ ਦੀਆਂ ਚਿੰਤਾਵਾਂ ਬਾਰੇ ਵੀ ਸੰਸਦ ਮੈਂਬਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਨ੍ਹਾਂ ਮੁੱਦਿਆਂ ਵਿੱਚ ਭਾਰਤ ਵਿੱਚ ਵੱਸਦੇ ਪਰਿਵਾਰਕ ਮੈਂਬਰਾਂ ਲਈ ਵੀਜ਼ਾ, ਭਾਰਤ ਵਿੱਚ ਜਾਇਦਾਦ ਨਾਲ ਸਬੰਧਤ ਮਾਮਲੇ ਅਤੇ ਇਮੀਗ੍ਰੇਸ਼ਨ ਪ੍ਰਕਿਰਿਆ ਨਾਲ ਜੁੜੀਆਂ ਹੋਰ ਸਮੱਸਿਆਵਾਂ ਸ਼ਾਮਲ ਸਨ।

ਪਵਨ ਦੀਵਾਨ ਅਤੇ ਸਤਵੀਰ ਸਿੰਘ ਪੱਲੀਝਿੱਕੀ ਨੇ ਕਿਹਾ ਕਿ ਸੰਸਦ ਮੈਂਬਰ ਅਮਨਦੀਪ ਕੌਰ ਸੋਢੀ ਨਾਲ ਹੋਈ ਇਹ ਮੁਲਾਕਾਤ ਬੇਹੱਦ ਸਾਰਥਕ ਰਹੀ ਅਤੇ ਭਾਰਤ ਤੇ ਕੈਨੇਡਾ ਦਰਮਿਆਨ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੇ ਨਾਲ-ਨਾਲ ਪੰਜਾਬੀ ਅਤੇ ਭਾਰਤੀ ਭਾਈਚਾਰੇ ਨਾਲ ਸਬੰਧਤ ਮੁੱਦਿਆਂ ਨੂੰ ਅੱਗੇ ਵਧਾਉਣ ਸਬੰਧੀ ਵੀ ਸਕਾਰਾਤਮਕ ਵਿਚਾਰ-ਵਟਾਂਦਰਾ ਹੋਇਆ।



ਸੰਪਾਦਕੀ

# ਰੱਖਿਆ ਖੇਤਰ ’ਚ ਨਿੱਜੀ ਹਿੱਸੇਦਾਰੀ

ਭਾਰਤ ਨੇ ਆਪਣੇ ਦੇਸ਼ ਵਿੱਚ ਹੀ ਰਵਾਇਤੀ ਮਿਜ਼ਾਈਲ ਸਿਸਟਮ ਬਣਾਉਣ ਵੱਲ ਇੱਕ ਵੱਡਾ ਕਦਮ ਚੁੱਕਿਆ ਹੈ। ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਆਰਗੇਨਾਈਜ਼ੇਸ਼ਨ ਯਾਨੀ ਡੀ ਆਰ ਡੀ ਓ ਵੱਲੋਂ ਤਿਆਰ ਕੀਤੀ ਗਈ ਤਕਨੀਕ ਯੋਗ ਭਾਰਤੀ ਕੰਪਨੀਆਂ ਨੂੰ ਦਿੱਤੀ ਜਾਵੇਗੀ। ਇਸ ਦਾ ਮਕਸਦ ਉੱਨਤ ਹਥਿਆਰ ਬਣਾਉਣ ਤੇ ਉਨ੍ਹਾਂ ਨੂੰ ਵੱਡੇ ਪੱਧਰ ’ਤੇ ਤਿਆਰ ਕਰਨ ਵਿਚਲਾ ਪਾੜਾ ਘਟਾਉਣ ਅਤੇ ਆਤਮ-ਨਿਰਭਰ ਰੱਖਿਆ ਉਤਪਾਦਨ ਵੱਲ ਵਧਣਾ ਹੈ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਤਕਨੀਕ ਮਿਲਣ ਦਾ ਮਤਲਬ ਇਹ ਨਹੀਂ ਕਿ ਬਿਨਾਂ ਕਿਸੇ ਰੋਕ-ਟੋਕ ਦੇ ਉਤਪਾਦਨ ਕੀਤਾ ਜਾ ਸਕੇਗਾ। ਕੰਪਨੀਆਂ ਨੂੰ ਸਾਰੇ ਜ਼ਰੂਰੀ ਨਿਯਮਾਂ ਅਤੇ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਕਰਨੀ ਪਵੇਗੀ। ਰੱਖਿਆ ਮੰਤਰਾਲੇ ਨੇ ਅਜੇ ਇਹ ਨਹੀਂ ਦੱਸਿਆ ਕਿ ਕਿਹੜੀਆਂ ਮਿਜ਼ਾਈਲਾਂ ਨੂੰ ਨਿੱਜੀ ਕੰਪਨੀਆਂ ਵੱਲੋਂ ਬਣਾਏ ਜਾਣ ਦੀ ਖੁੱਲ੍ਹ ਦਿੱਤੀ ਜਾਵੇਗੀ ਪਰ ਰਿਪੋਰਟਾਂ ਮੁਤਾਬਿਕ ਆਕਾਸ਼, ਅਸਤਰ ਅਤੇ ਨਾਗ ਵਰਗੀਆਂ ਮਿਜ਼ਾਈਲਾਂ ਦੇ ਨਾਵਾਂ ਦਾ ਜ਼ਿਕਰ ਹੋ ਰਿਹਾ ਹੈ।

ਮਕਸਦ ਸਾਫ਼ ਹੈ ਕਿ ਡੀ ਆਰ ਡੀ ਓ ਵੱਲੋਂ ਤਿਆਰ ਕੀਤੀਆਂ ਤਕਨੀਕਾਂ ਨੂੰ ਲੈਬ ਅਤੇ ਟੈਸਟਿੰਗ ਵਾਲੀਆਂ ਥਾਵਾਂ ਤੋਂ ਕਾਰਖ਼ਾਨਿਆਂ ਤੱਕ ਪਹੁੰਚਾਇਆ ਜਾਵੇ ਤਾਂ ਜੋ ਵੱਡੀ ਗਿਣਤੀ ਵਿੱਚ ਭਰੋਸੇਯੋਗ ਸਿਸਟਮ ਤਿਆਰ ਕੀਤੇ ਜਾ ਸਕਣ। ਨਿੱਜੀ ਕੰਪਨੀਆਂ ਦੇ ਵੱਧ ਤੋਂ ਵੱਧ ਸ਼ਾਮਲ ਹੋਣ ਨਾਲ ਉਤਪਾਦਨ ਦੀ ਸਮਰੱਥਾ ਵਧੇਗੀ, ਮੁਕਾਬਲੇਬਾਜ਼ੀ ਨੂੰ ਹੁਲਾਰਾ ਮਿਲੇਗਾ ਅਤੇ ਪੂਰੀ ਸਪਲਾਈ ਚੇਨ ਵਿੱਚ ਛੋਟੇ ਤੇ ਦਰਮਿਆਨੇ ਉਦਯੋਗਾਂ ਲਈ ਨਵੇਂ ਮੌਕੇ ਪੈਦਾ ਹੋਣਗੇ। ਇਹ ਬਹੁਤ ਜ਼ਰੂਰੀ ਹੈ ਕਿਉਂਕਿ ਮਿਜ਼ਾਈਲ ਬਣਾਉਣ ਦਾ ਕੰਮ ਸਭ ਕੁਝ ਜੋੜ ਕੇ ਤਿਆਰ ਕਰਨ ਤੱਕ ਸੀਮਤ ਨਹੀਂ ਹੁੰਦਾ। ਇੰਜਣ, ਬਿਜਲੀ ਦੇ ਸਾਜ਼ੋ-ਸਾਮਾਨ, ਸੇਧ ਦੇਣ ਵਾਲੇ ਸਿਸਟਮ, ਸੈਂਸਰ ਅਤੇ ਹੋਰ ਖ਼ਾਸ ਹਿੱਸਿਆਂ ਲਈ ਇੱਕ ਮਜ਼ਬੂਤ ਉਦਯੋਗਿਕ ਮਾਹੌਲ ਦੀ ਲੋੜ ਹੁੰਦੀ ਹੈ। ਦੇਸ਼ ਦੇ ਅੰਦਰ ਹੀ ਸਪਲਾਇਰਾਂ ਦਾ ਵੱਡਾ ਨੈੱਟਵਰਕ ਬਣਨ ਨਾਲ ਦੇਸ਼ ਵਿੱਚ ਹੀ ਚੀਜ਼ਾਂ ਤਿਆਰ ਕਰਨ ਦੀ ਤਾਕਤ ਵਧੇਗੀ ਅਤੇ ਵਿਦੇਸ਼ਾਂ ਤੋਂ ਸਾਮਾਨ ਮੰਗਵਾਉਣ ਉੱਤੇ ਨਿਰਭਰਤਾ ਘੱਟ ਹੋਵੇਗੀ। ਪ੍ਰਾਈਵੇਟ ਕੰਪਨੀਆਂ ਨੇ ਸਾਲ 2025-26 ਵਿੱਚ ਭਾਰਤ ਦੇ ਕੁੱਲ ਰੱਖਿਆ ਉਤਪਾਦਨ ਵਿੱਚ 24 ਫ਼ੀਸਦੀ ਹਿੱਸੇਦਾਰੀ ਦਰਜ ਕੀਤੀ ਹੈ, ਜੋ ਕਿ ਪਿਛਲੇ ਵਿੱਤੀ ਸਾਲ ਦੌਰਾਨ 22 ਫ਼ੀਸਦੀ ਸੀ। ਇਹ ਵਾਧਾ ਦੇਸ਼ ਦੇ ਰੱਖਿਆ ਖੇਤਰ ਵਿੱਚ ਨਿੱਜੀ ਖੇਤਰ ਦੀ ਵਧ ਰਹੀ ਭੂਮਿਕਾ ਨੂੰ ਸਪੱਸ਼ਟ ਤੌਰ ’ਤੇ ਦਰਸਾਉਂਦਾ ਹੈ। ਹਾਲਾਂਕਿ, ਸਿਰਫ਼ ਤਕਨੀਕ ਮਿਲਣ ਨਾਲ ਹੀ ਪੂਰੀ ਸਫਲਤਾ ਦੀ ਗਾਰੰਟੀ ਨਹੀਂ ਮਿਲ ਜਾਵੇਗੀ। ਇਸ ਦਿਸ਼ਾ ਵਿੱਚ ਹੋਰ ਵੀ ਕਈ ਅਹਿਮ ਕਦਮ ਚੁੱਕਣ ਦੀ ਲੋੜ ਹੈ। ਖੋਜ ਪ੍ਰਯੋਗਸ਼ਾਲਾਵਾਂ ਤੋਂ ਲੈ ਕੇ ਉਤਪਾਦਨ ਸ਼ੁਰੂ ਹੋਣ ਤੱਕ ਦੇ ਸਮੇਂ ਨੂੰ ਘਟਾਉਣਾ ਅਤੇ ਨਿਰਮਾਣ ਦੇ ਤਰੀਕੇ ਨੂੰ ਸਰਲ ਬਣਾਉਣਾ ਬਹੁਤ ਵੱਡਾ ਫ਼ਰਕ ਪਾ ਸਕਦਾ ਹੈ। ਸਭ ਤੋਂ ਵੱਡੀ ਅਤੇ ਅਹਿਮ ਗੱਲ ਇਹ ਹੈ ਕਿ ਉਤਪਾਦਨ ਦੇ ਕਿਸੇ ਵੀ ਪੜਾਅ ਉੱਤੇ ਗੁਣਵੱਤਾ ਦੇ ਮਿਆਰ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਣਾ ਚਾਹੀਦਾ। ਇਹ ਨਿਯਮ ਖ਼ਾਸ ਕਰਕੇ ਉਨ੍ਹਾਂ ਆਧੁਨਿਕ ਹਥਿਆਰਾਂ ਅਤੇ ਰੱਖਿਆ ਪ੍ਰਣਾਲੀਆਂ ਦੇ ਮਾਮਲੇ ਵਿੱਚ ਬਹੁਤ ਜ਼ਰੂਰੀ ਹੈ, ਜਿਨ੍ਹਾਂ ਉੱਤੇ ਸਿੱਧੇ ਤੌਰ ’ਤੇ ਦੇਸ਼ ਦੀ ਰਾਸ਼ਟਰੀ ਸੁਰੱਖਿਆ ਨਿਰਭਰ ਕਰਦੀ ਹੈ।

# ਸੰਸਦ ਦਾ ਰੁਕਣਾ ਸਿਰਫ਼ ਕਾਰਵਾਈ ਦਾ ਠੱਪ ਹੋਣਾ ਨਹੀਂ, ਜਮਹੂਰੀ ਭਰੋਸੇ ਲਈ ਵੀ ਵੱਡੀ ਚੁਣੌਤੀ

## ਹੰਗਾਮੇ ਅਤੇ ਨਾਅਰੇਬਾਜ਼ੀ ਨਾਲ ਰੁਕਦੇ ਹਨ ਲੋਕਾਂ ਦੇ ਸਵਾਲ; ਸੱਤਾ ਤੇ ਵਿਰੋਧੀ ਧਿਰ ਦੋਵਾਂ ਦੀ ਜ਼ਿੰਮੇਵਾਰੀ ਹੈ ਕਿ ਸੰਸਦੀ ਬਹਿਸ ਅਤੇ ਸੰਵਾਦ ਦੀ ਮਰਿਆਦਾ ਕਾਇਮ ਰਹੇ



ਜਮਹੂਰੀਅਤ ਦੀ ਸਭ ਤੋਂ ਵੱਡੀ ਤਾਕਤ ਸਿਰਫ਼ ਚੋਣਾਂ ਨਹੀਂ ਹਨ। ਚੋਣਾਂ ਤਾਂ ਹਰ ਪੰਜ ਸਾਲ ਬਾਅਦ ਹੁੰਦੀਆਂ ਹਨ, ਪਰ ਜਮਹੂਰੀਅਤ ਵਿੱਚ ਲੋਕਾਂ ਦਾ ਭਰੋਸਾ ਉਨ੍ਹਾਂ ਸੰਸਥਾਵਾਂ ਰਾਹੀਂ ਕਾਇਮ ਰਹਿੰਦਾ ਹੈ, ਜੋ ਚੋਣਾਂ ਤੋਂ ਬਾਅਦ ਵੀ ਸਰਕਾਰ ਨੂੰ ਜਵਾਬਦੇਹ ਬਣਾਉਂਦੀਆਂ ਹਨ। ਭਾਰਤੀ ਸੰਸਦ ਅਜਿਹੀ ਹੀ ਇੱਕ ਮਹੱਤਵਪੂਰਨ ਸੰਸਥਾ ਹੈ। ਇਹ ਕੇਵਲ ਕਾਨੂੰਨ ਬਣਾਉਣ ਦੀ ਥਾਂ ਨਹੀਂ, ਸਗੋਂ ਉਹ ਮੰਚ ਹੈ ਜਿੱਥੇ ਸੱਤਾ ਨੂੰ ਲੋਕਾਂ ਦੇ ਸਵਾਲਾਂ ਦੇ ਜਵਾਬ ਦੇਣੇ ਪੈਂਦੇ ਹਨ, ਵਿਰੋਧੀ ਧਿਰ ਦੀ ਆਵਾਜ਼ ਸੁਣੀ ਜਾਂਦੀ ਹੈ ਅਤੇ ਆਮ ਲੋਕਾਂ ਦੇ ਮੁੱਦੇ ਕੌਮੀ ਮੁੱਦਿਆਂ ਦਾ ਰੂਪ ਲੈਂਦੇ ਹਨ।

ਇਸੇ ਕਰਕੇ ਸੰਸਦ ਦਾ ਸੁਚੱਜੇ ਢੰਗ ਨਾਲ ਚੱਲਣਾ ਸਿਰਫ਼ ਇੱਕ ਸੰਵਿਧਾਨਕ ਰਸਮ ਨਹੀਂ, ਸਗੋਂ ਭਾਰਤੀ ਜਮਹੂਰੀਅਤ ਦੀ ਬੁਨਿਆਦੀ ਲੋੜ ਹੈ। ਜਦੋਂ ਸੰਸਦ ਵਾਰ-ਵਾਰ ਹੰਗਾਮਿਆਂ ਕਾਰਨ ਠੱਪ ਹੋਣ ਲੱਗਦੀ ਹੈ ਤਾਂ ਚਿੰਤਾ ਹੋਣਾ ਸੁਭਾਵਿਕ ਹੈ। ਸਵੇਰੇ ਕਾਰਵਾਈ ਸ਼ੁਰੂ ਹੁੰਦੀ ਹੈ, ਕੁਝ ਹੀ ਸਮੇਂ ਬਾਅਦ ਨਾਅਰੇਬਾਜ਼ੀ ਅਤੇ ਹੰਗਾਮਾ ਸ਼ੁਰੂ ਹੋ ਜਾਂਦਾ ਹੈ, ਤਖ਼ਤੀਆਂ ਤੇ ਬੈਨਰ ਲਹਿਰਾਏ ਜਾਂਦੇ ਹਨ ਅਤੇ ਸਦਨ ਮੁਲਤਵੀ ਕਰ ਦਿੱਤਾ ਜਾਂਦਾ ਹੈ। ਸ਼ਾਮ ਨੂੰ ਖ਼ਬਰ ਆਉਂਦੀ ਹੈ ਕਿ ਅੱਜ ਵੀ ਸੰਸਦ ਦੀ ਕਾਰਵਾਈ ਨਹੀਂ ਚੱਲ ਸਕੀ। ਪਰ ਅਸਲ ਸਵਾਲ ਇੱਥੋਂ ਸ਼ੁਰੂ ਹੁੰਦਾ ਹੈ ਕਿ ਇਸ ਦਾ ਨੁਕਸਾਨ ਆਖ਼ਿਰ ਕਿਸ ਨੂੰ ਹੁੰਦਾ ਹੈ?

ਜਦੋਂ ਸੰਸਦ ਨਹੀਂ ਚੱਲਦੀ ਤਾਂ ਸਿਰਫ਼ ਸਦਨ ਦੀ ਕਾਰਵਾਈ ਨਹੀਂ ਰੁਕਦੀ, ਸਗੋਂ ਲੋਕਾਂ ਦੇ ਸਵਾਲ ਵੀ ਰੁਕ ਜਾਂਦੇ ਹਨ। ਸਰਕਾਰ ਦੀ ਜਵਾਬਦੇਹੀ ਪ੍ਰਭਾਵਿਤ ਹੁੰਦੀ ਹੈ ਅਤੇ ਉਹ ਬਹਿਸ ਰੁਕ ਜਾਂਦੀ ਹੈ, ਜਿਸ ਰਾਹੀਂ ਕਾਨੂੰਨਾਂ ਅਤੇ ਨੀਤੀਆਂ ਨੂੰ ਵੱਖ-ਵੱਖ ਪੱਖਾਂ ਤੋਂ ਪਰਖਿਆ ਜਾਂਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਲੋਕਾਂ ਦਾ ਉਹ ਭਰੋਸਾ ਪ੍ਰਭਾਵਿਤ ਹੁੰਦਾ ਹੈ, ਜਿਸ ਦੇ ਆਧਾਰ ’ਤੇ ਉਹ ਆਪਣੇ ਨੁਮਾਇੰਦਿਆਂ ਨੂੰ ਸੰਸਦ ਵਿੱਚ ਭੇਜਦੇ ਹਨ।

ਵੱਖ-ਵੱਖ ਭਰੋਸੇਯੋਗ ਅੰਦਾਜ਼ਿਆਂ ਮੁਤਾਬਕ, ਜੇ ਲੋਕ ਸਭਾ ਅਤੇ ਰਾਜ ਸਭਾ ਆਪਣੇ ਨਿਰਧਾਰਿਤ ਸਮੇਂ ਅਨੁਸਾਰ ਲਗਭਗ ਛੇ ਘੰਟੇ ਚੱਲਣ ਤਾਂ ਇੱਕ ਦਿਨ ਦੀ ਸੰਸਦੀ ਕਾਰਵਾਈ ’ਤੇ ਕਰੀਬ ਨੌਂ ਕਰੋੜ ਰੁਪਏ ਦਾ ਖ਼ਰਚ ਆਉਂਦਾ ਹੈ। ਇਹ ਰਕਮ ਦੇਸ਼ ਦੇ ਲੋਕਾਂ ਵੱਲੋਂ ਦਿੱਤੇ ਟੈਕਸ ਦੇ ਪੈਸੇ ਵਿੱਚੋਂ ਆਉਂਦੀ ਹੈ। ਇਸ ਲਈ ਸੰਸਦ ਦੇ ਸਮੇਂ ਅਤੇ ਸਰਕਾਰੀ ਖ਼ਰਚ ਦਾ ਹਿਸਾਬ ਹੋਣਾ ਵੀ ਲਾਜ਼ਮੀ ਹੈ। ਪਰ ਸੰਸਦ ਦੇ ਠੱਪ ਹੋਣ ਦਾ ਨੁਕਸਾਨ ਸਿਰਫ਼ ਪੈਸੇ ਦੀ ਬਰਬਾਦੀ ਤੱਕ ਸੀਮਤ ਨਹੀਂ ਹੈ। ਅਸਲ ਨੁਕਸਾਨ ਜਮਹੂਰੀ ਸੰਵਾਦ ਅਤੇ ਲੋਕਾਂ ਦੇ ਭਰੋਸੇ ਦਾ ਹੁੰਦਾ ਹੈ।

### ਸੰਸਦ ਕਿਸੇ ਇੱਕ ਪਾਰਟੀ ਦੀ ਸੰਸਥਾ ਨਹੀਂ

ਸੰਸਦ ਨਾ ਕਿਸੇ ਇੱਕ ਸਰਕਾਰ ਦੀ ਹੁੰਦੀ ਹੈ ਅਤੇ ਨਾ ਹੀ ਕਿਸੇ ਇੱਕ ਵਿਰੋਧੀ ਧਿਰ ਦੀ। ਇਹ ਸੱਤਾ ਅਤੇ ਵਿਰੋਧੀ ਧਿਰ ਦੋਵਾਂ ਤੋਂ ਉੱਪਰ ਦੇਸ਼ ਦੀ ਸੰਵਿਧਾਨਕ ਸੰਸਥਾ ਹੈ। ਇਸ ਦੀ ਮਰਿਆਦਾ ਨਾਲ ਪੂਰੇ ਗਣਰਾਜ ਦੀ ਮਰਿਆਦਾ ਜੁੜੀ ਹੋਈ ਹੈ।

ਇਸ ਲਈ ਜਦੋਂ ਸੰਸਦ ਵਿੱਚ ਬਹਿਸ ਦੀ ਥਾਂ ਸ਼ੋਰ ਅਤੇ ਸੰਵਾਦ ਦੀ ਥਾਂ ਟਕਰਾਅ ਲੈ ਲੈਂਦਾ ਹੈ ਤਾਂ ਨੁਕਸਾਨ ਕਿਸੇ ਇੱਕ ਪਾਰਟੀ ਦਾ ਨਹੀਂ ਹੁੰਦਾ, ਸਗੋਂ ਸੰਸਦੀ ਸੱਭਿਆਚਾਰ ਦਾ ਹੁੰਦਾ ਹੈ। ਸੰਸਥਾਵਾਂ ਇੱਕ ਦਿਨ ਵਿੱਚ ਨਹੀਂ ਬਣਦੀਆਂ। ਉਨ੍ਹਾਂ ਨੂੰ ਮਜ਼ਬੂਤ ਕਰਨ ਵਿੱਚ ਪੀੜ੍ਹੀਆਂ ਲੱਗ ਜਾਂਦੀਆਂ ਹਨ, ਪਰ ਉਨ੍ਹਾਂ ਨੂੰ ਕਮਜ਼ੋਰ ਕਰਨ ਲਈ ਕੁਝ ਸਾਲ ਵੀ ਕਾਫ਼ੀ ਹੋ ਸਕਦੇ ਹਨ। ਇਸੇ ਲਈ ਸੰਸਦ ਬਾਰੇ ਚਰਚਾ ਕਰਦਿਆਂ ਸਿਰਫ਼ ਹੰਗਾਮਿਆਂ ਦੀ ਗੱਲ ਨਹੀਂ, ਸਗੋਂ ਉਸ ਸੰਸਦੀ ਪਰੰਪਰਾ ਦੀ ਵੀ ਗੱਲ ਹੋਣੀ ਚਾਹੀਦੀ ਹੈ ਜੋ ਹੌਲੀ-ਹੌਲੀ ਕਮਜ਼ੋਰ ਹੁੰਦੀ ਨਜ਼ਰ ਆ ਰਹੀ ਹੈ।

ਸੰਸਦ ਵਿੱਚ ਅਸਹਿਮਤੀ ਹੋਣੀ ਲਾਜ਼ਮੀ ਹੈ। ਸਰਕਾਰ ਦੀਆਂ ਨੀਤੀਆਂ ’ਤੇ ਤਿੱਖੇ ਸਵਾਲ ਵੀ ਪੁੱਛੇ ਜਾਣੇ ਚਾਹੀਦੇ ਹਨ ਅਤੇ ਲੋੜ ਪੈਣ ’ਤੇ ਵਿਰੋਧੀ ਧਿਰ ਨੂੰ ਸਰਕਾਰ ਦਾ ਸਖ਼ਤ ਵਿਰੋਧ ਵੀ ਕਰਨਾ ਚਾਹੀਦਾ ਹੈ। ਇਹੀ ਜਮਹੂਰੀਅਤ ਦੀ ਖ਼ੂਬਸੂਰਤੀ ਹੈ। ਪਰ ਅਸਹਿਮਤੀ ਦੀ ਅਸਲ ਤਾਕਤ ਉਸ ਵੇਲੇ ਸਾਹਮਣੇ ਆਉਂਦੀ ਹੈ, ਜਦੋਂ ਇਹ ਸੰਵਾਦ ਅਤੇ ਤਰਕ ਨੂੰ ਜਨਮ ਦਿੰਦੀ ਹੈ। ਜੇ ਅਸਹਿਮਤੀ ਲਗਾਤਾਰ ਹੰਗਾਮੇ ਵਿੱਚ ਬਦਲ ਜਾਵੇ ਤਾਂ ਸਭ ਤੋਂ ਪਹਿਲਾਂ ਆਮ ਲੋਕਾਂ ਦੀ ਆਵਾਜ਼ ਹੀ ਦੱਬਦੀ ਹੈ।

### ਪ੍ਰਸ਼ਨ ਕਾਲ ਸਰਕਾਰ ਦੀ ਜਵਾਬਦੇਹੀ ਦਾ ਅਹਿਮ ਸਾਧਨ

ਸੰਸਦ ਦਾ ਸਭ ਤੋਂ ਮਹੱਤਵਪੂਰਨ ਕੰਮ ਸਿਰਫ਼ ਕਾਨੂੰਨ ਪਾਸ ਕਰਨਾ ਨਹੀਂ, ਸਗੋਂ ਸਰਕਾਰ ਨੂੰ ਜਵਾਬਦੇਹ ਬਣਾਉਣਾ ਵੀ ਹੈ। ਪ੍ਰਸ਼ਨ ਕਾਲ ਇਸ ਪ੍ਰਕਿਰਿਆ ਦਾ ਇੱਕ ਅਹਿਮ ਹਿੱਸਾ ਹੈ। ਇਸ ਦੌਰਾਨ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਸਰਕਾਰ ਤੋਂ ਸਿੱਧੇ ਸਵਾਲ ਪੁੱਛਦੇ ਹਨ। ਮੰਤਰੀਆਂ ਨੂੰ ਜਵਾਬ ਦੇਣੇ ਪੈਂਦੇ ਹਨ ਅਤੇ ਸਰਕਾਰੀ ਨੀਤੀਆਂ ਤੇ ਫ਼ੈਸਲਿਆਂ ਦੀ ਪੜਚੋਲ ਹੁੰਦੀ ਹੈ।

ਜੇ ਸਦਨ ਦਾ ਕੀਮਤੀ ਸਮਾਂ ਹੰਗਾਮੇ ਅਤੇ ਨਾਅਰੇਬਾਜ਼ੀ ਵਿੱਚ ਲੰਘ ਜਾਂਦਾ ਹੈ ਤਾਂ ਪ੍ਰਸ਼ਨ ਕਾਲ ਸਮੇਤ ਕਈ ਅਹਿਮ ਸੰਸਦੀ ਕੰਮ ਪ੍ਰਭਾਵਿਤ ਹੁੰਦੇ ਹਨ। ਸਿਆਸੀ ਤੌਰ ’ਤੇ ਕਿਸ ਪਾਰਟੀ ਨੂੰ ਇਸ ਦਾ ਲਾਭ ਜਾਂ ਨੁਕਸਾਨ ਹੁੰਦਾ ਹੈ, ਇਹ ਵੱਖਰਾ ਮੁੱਦਾ ਹੈ, ਪਰ ਪਹਿਲਾ ਅਤੇ ਸਭ ਤੋਂ ਵੱਡਾ ਨੁਕਸਾਨ ਲੋਕਾਂ ਦਾ ਹੁੰਦਾ ਹੈ।

ਸੰਸਦ ਵਿੱਚ ਹੋਣ ਵਾਲੀ ਹਰ ਬਹਿਸ ਦਾ ਮਕਸਦ ਕਿਸੇ ਇੱਕ ਧਿਰ ਨੂੰ ਹਰਾਉਣਾ ਨਹੀਂ ਹੁੰਦਾ। ਬਹਿਸ ਦਾ ਮਕਸਦ ਵੱਖ-ਵੱਖ ਵਿਚਾਰਾਂ ਅਤੇ ਤੱਥਾਂ ਦੇ ਆਧਾਰ ’ਤੇ ਕਿਸੇ ਮੁੱਦੇ ਦੀ ਬਿਹਤਰ ਸਮਝ ਤੱਕ ਪਹੁੰਚਣਾ ਹੁੰਦਾ ਹੈ। ਇੱਕ ਚੰਗਾ ਕਾਨੂੰਨ ਸਿਰਫ਼ ਬਹੁਮਤ ਨਾਲ ਪਾਸ ਹੋਣ ਕਾਰਨ ਚੰਗਾ ਨਹੀਂ ਬਣ ਜਾਂਦਾ। ਇਸ ਦੇ ਪਿੱਛੇ ਤਰਕ, ਵਿਚਾਰ-ਵਟਾਂਦਰਾ ਅਤੇ ਵੱਖ-ਵੱਖ ਪੱਖਾਂ ਦੀ ਪੜਚੋਲ ਵੀ ਜ਼ਰੂਰੀ ਹੁੰਦੀ ਹੈ।

### ਸੰਸਦੀ ਕਮੇਟੀਆਂ ਦੀ ਭੂਮਿਕਾ ਵੀ ਅਹਿਮ

ਜਦੋਂ ਪੇਸ਼ ਕੀਤੇ ਗਏ ਬਿੱਲਾਂ ’ਤੇ ਲੋੜੀਂਦੀ ਚਰਚਾ ਨਹੀਂ ਹੁੰਦੀ, ਸੰਸਦੀ ਕਮੇਟੀਆਂ ਦੀ ਭੂਮਿਕਾ ਸੀਮਤ ਹੁੰਦੀ ਹੈ ਅਤੇ ਸਦਨ ਦਾ ਵੱਡਾ ਹਿੱਸਾ ਹੰਗਾਮਿਆਂ ਵਿੱਚ ਲੰਘ ਜਾਂਦਾ ਹੈ ਤਾਂ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਦੀ ਗੁਣਵੱਤਾ ’ਤੇ ਵੀ ਸਵਾਲ ਉੱਠਦੇ ਹਨ।

ਕਾਹਲੀ ਵਿੱਚ ਬਣਾਏ ਗਏ ਕਾਨੂੰਨ ਕਈ ਵਾਰ ਅਜਿਹੀਆਂ ਸਮੱਸਿਆਵਾਂ ਪੈਦਾ ਕਰ ਸਕਦੇ ਹਨ, ਜਿਨ੍ਹਾਂ ਦਾ ਅਸਰ ਲੰਮੇ ਸਮੇਂ ਤੱਕ ਰਹਿੰਦਾ ਹੈ। ਇਸ ਲਈ ਸੰਸਦ ਵਿੱਚ ਬਹਿਸ ਲਈ ਮਿਲਣ ਵਾਲਾ ਹਰ ਮਿੰਟ ਮਹੱਤਵਪੂਰਨ ਹੈ। ਸਰਕਾਰ ਲਈ ਇਹ ਜ਼ਰੂਰੀ ਹੈ ਕਿ ਉਹ ਵਿਰੋਧੀ ਧਿਰ ਦੇ ਸਵਾਲਾਂ ਦਾ ਸਾਹਮਣਾ ਕਰੇ ਅਤੇ ਵਿਰੋਧੀ ਧਿਰ ਲਈ ਇਹ ਜ਼ਰੂਰੀ ਹੈ ਕਿ ਉਹ ਆਪਣਾ ਵਿਰੋਧ ਸੰਸਦੀ ਮੰਚ ’ਤੇ ਤਰਕ ਅਤੇ ਤੱਥਾਂ ਨਾਲ ਦਰਜ ਕਰਵਾਏ।

ਇਹ ਵੀ ਸੱਚ ਹੈ ਕਿ ਸੰਸਦੀ ਵਿਘਨ ਕਿਸੇ ਇੱਕ ਪਾਰਟੀ ਜਾਂ ਇੱਕ ਸਰਕਾਰ ਦੀ ਦੇਣ ਨਹੀਂ ਰਹੇ। ਵੱਖ-ਵੱਖ ਸਮਿਆਂ ਵਿੱਚ ਸੱਤਾ ਪੱਖ ਅਤੇ ਵਿਰੋਧੀ ਧਿਰ ਦੋਵਾਂ ਨੇ ਸੰਸਦ ਨੂੰ ਸਿਆਸੀ ਦਬਾਅ ਬਣਾਉਣ ਦੇ ਸਾਧਨ ਵਜੋਂ ਵਰਤਿਆ ਹੈ। ਇਸ ਲਈ ਇਸ ਮੁੱਦੇ ਨੂੰ ਸਿਰਫ਼ ਪਾਰਟੀਬਾਜ਼ ਨਜ਼ਰੀਏ ਨਾਲ ਦੇਖਣਾ ਠੀਕ ਨਹੀਂ ਹੋਵੇਗਾ। ਅੱਜ ਇੱਕ ਧਿਰ ਨੂੰ ਦੋਸ਼ੀ ਠਹਿਰਾਉਣ ਵਾਲੇ ਤੱਥ ਕੱਲ੍ਹ ਦੂਜੀ ਧਿਰ ਦੇ ਇਤਿਹਾਸ ਨਾਲ ਵੀ ਜੁੜ ਸਕਦੇ ਹਨ।

### ਸੱਤਾ ਅਤੇ ਵਿਰੋਧੀ ਧਿਰ ਦੋਵਾਂ ਦੀ ਬਰਾਬਰ ਜ਼ਿੰਮੇਵਾਰੀ

ਜਮਹੂਰੀਅਤ ਵਿੱਚ ਮਜ਼ਬੂਤ ਵਿਰੋਧੀ ਧਿਰ ਬਹੁਤ ਜ਼ਰੂਰੀ ਹੈ। ਵਿਰੋਧੀ ਧਿਰ ਸਰਕਾਰ ਨੂੰ ਸਵਾਲ ਪੁੱਛਦੀ ਹੈ, ਉਸ ਦੀਆਂ ਨੀਤੀਆਂ ਦੀ ਪੜਚੋਲ ਕਰਦੀ ਹੈ ਅਤੇ ਲੋਕਾਂ ਦੇ ਮੁੱਦਿਆਂ ਨੂੰ ਸਦਨ ਤੱਕ ਪਹੁੰਚਾਉਂਦੀ ਹੈ। ਪਰ ਵਿਰੋਧ ਦੀ ਤਾਕਤ ਉਸ ਵੇਲੇ ਹੋਰ ਵਧਦੀ ਹੈ, ਜਦੋਂ ਉਹ ਤੱਥਾਂ, ਤਰਕ ਅਤੇ ਸੰਵਾਦ ਦੇ ਆਧਾਰ ’ਤੇ ਹੋਵੇ। ਸਿਰਫ਼ ਸ਼ੋਰ ਕਿਸੇ ਮੁੱਦੇ ਨੂੰ ਵੱਡਾ ਨਹੀਂ ਬਣਾਉਂਦਾ, ਕਈ ਵਾਰ ਇਹ ਮੁੱਦੇ ਦੀ ਗੰਭੀਰਤਾ ਨੂੰ ਹੀ ਢੱਕ ਦਿੰਦਾ ਹੈ।

ਇਸੇ ਤਰ੍ਹਾਂ ਬਹੁਮਤ ਵਾਲੀ ਸਰਕਾਰ ਨੂੰ ਵੀ ਇਹ ਯਾਦ ਰੱਖਣਾ ਪੈਂਦਾ ਹੈ ਕਿ ਜਮਹੂਰੀਅਤ ਸਿਰਫ਼ ਗਿਣਤੀ ਦਾ ਨਾਮ ਨਹੀਂ। ਬਹੁਮਤ ਸਰਕਾਰ ਨੂੰ ਕਾਨੂੰਨ ਪਾਸ ਕਰਨ ਦੀ ਤਾਕਤ ਦਿੰਦਾ ਹੈ, ਪਰ ਉਸ ਦੇ ਨਾਲ ਵਿਰੋਧੀ ਆਵਾਜ਼ਾਂ ਨੂੰ ਸੁਣਨ ਦੀ ਜ਼ਿੰਮੇਵਾਰੀ ਵੀ ਆਉਂਦੀ ਹੈ। ਸਰਕਾਰ ਲਈ ਸਵਾਲਾਂ ਤੋਂ ਬਚਣਾ ਅਤੇ ਵਿਰੋਧੀ ਧਿਰ ਲਈ ਹਰ ਹਾਲਤ ਵਿੱਚ ਕੰਮ ਰੋਕ ਦੇਣਾ—ਦੋਵੇਂ ਹੀ ਜਮਹੂਰੀਅਤ ਲਈ ਸਿਹਤਮੰਦ ਰਵੱਈਏ ਨਹੀਂ ਹਨ।

### ਸਭ ਤੋਂ ਵੱਡੀ ਪੂੰਜੀ ਲੋਕਾਂ ਦਾ ਭਰੋਸਾ

ਕਿਸੇ ਵੀ ਜਮਹੂਰੀ ਦੇਸ਼ ਦੀ ਸਭ ਤੋਂ ਵੱਡੀ ਪੂੰਜੀ ਉਸ ਦੇ ਲੋਕਾਂ ਦਾ ਭਰੋਸਾ ਹੁੰਦਾ ਹੈ। ਸਰਕਾਰੀ ਖ਼ਜ਼ਾਨੇ ਵਿੱਚ ਕਮੀ ਆਵੇ ਤਾਂ ਉਸ ਨੂੰ ਮੁੜ ਭਰਿਆ ਜਾ ਸਕਦਾ ਹੈ, ਪਰ ਜੇ ਲੋਕਾਂ ਦਾ ਸੰਸਥਾਵਾਂ ਤੋਂ ਭਰੋਸਾ ਉੱਠਣ ਲੱਗੇ ਤਾਂ ਉਸ ਨੂੰ ਮੁੜ ਕਾਇਮ ਕਰਨਾ ਬਹੁਤ ਮੁਸ਼ਕਲ ਹੁੰਦਾ ਹੈ। ਸੰਸਦ ਲੋਕਾਂ ਦੇ ਇਸ ਭਰੋਸੇ ਦਾ ਸਭ ਤੋਂ ਵੱਡਾ ਪ੍ਰਤੀਕ ਹੈ। ਇਸ ਲਈ ਸਿਰਫ਼ ਸੰਸਦ ਨੂੰ ਚਲਾਉਣਾ ਹੀ ਕਾਫ਼ੀ ਨਹੀਂ, ਸਗੋਂ ਉਸ ਨੂੰ ਉਸੇ ਮਕਸਦ ਨਾਲ ਚਲਾਉਣਾ ਵੀ ਲਾਜ਼ਮੀ ਹੈ ਜਿਸ ਲਈ ਸੰਵਿਧਾਨ ਨੇ ਇਸ ਸੰਸਥਾ ਦੀ ਸਥਾਪਨਾ ਕੀਤੀ ਹੈ। ਸੰਸਦ ਦੀ ਮਰਿਆਦਾ ਸਿਰਫ਼ ਨਿਯਮਾਂ ਅਤੇ ਪ੍ਰਕਿਰਿਆਵਾਂ ਨਾਲ ਨਹੀਂ ਬਚਦੀ, ਇਸ ਲਈ ਸੱਤਾ ਅਤੇ ਵਿਰੋਧੀ ਧਿਰ ਦੋਵਾਂ ਵੱਲੋਂ ਜ਼ਿੰਮੇਵਾਰ ਸੰਸਦੀ ਵਿਹਾਰ ਦੀ ਲੋੜ ਹੁੰਦੀ ਹੈ।

ਸੰਸਦ ਕੋਈ ਅਜਿਹੀ ਥਾਂ ਨਹੀਂ ਜਿੱਥੇ ਸਿਰਫ਼ ਫ਼ੈਸਲੇ ਸੁਣਾਏ ਜਾਣ। ਇਹ ਉਹ ਮੰਚ ਹੈ ਜਿੱਥੇ ਫ਼ੈਸਲਿਆਂ ਨੂੰ ਪਰਖਿਆ ਜਾਂਦਾ ਹੈ, ਉਨ੍ਹਾਂ ’ਤੇ ਸਵਾਲ ਹੁੰਦੇ ਹਨ ਅਤੇ ਵੱਖ-ਵੱਖ ਵਿਚਾਰਾਂ ਦੇ ਆਧਾਰ ’ਤੇ ਉਨ੍ਹਾਂ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜੇ ਸਰਕਾਰ ਸਵਾਲਾਂ ਤੋਂ ਬਚੇਗੀ ਅਤੇ ਵਿਰੋਧੀ ਧਿਰ ਬਹਿਸ ਦੀ ਥਾਂ ਸਿਰਫ਼ ਵਿਘਨ ਦਾ ਰਾਹ ਚੁਣੇਗੀ ਤਾਂ ਨੁਕਸਾਨ ਕਿਸੇ ਇੱਕ ਧਿਰ ਦਾ ਨਹੀਂ, ਸਗੋਂ ਪੂਰੀ ਜਮਹੂਰੀ ਵਿਵਸਥਾ ਦਾ ਹੋਵੇਗਾ।

ਅੱਜ ਸਭ ਤੋਂ ਵੱਡੀ ਲੋੜ ਇਸ ਗੱਲ ਦੀ ਹੈ ਕਿ ਸਿਆਸੀ ਟਕਰਾਅ ਨੂੰ ਸੰਸਦੀ ਸੰਵਾਦ ਵਿੱਚ ਬਦਲਿਆ ਜਾਵੇ। ਲੋਕਾਂ ਨੇ ਆਪਣੇ ਨੁਮਾਇੰਦਿਆਂ ਨੂੰ ਇਸ ਲਈ ਚੁਣਿਆ ਹੈ ਕਿ ਉਹ ਉਨ੍ਹਾਂ ਦੇ ਮੁੱਦੇ ਉਠਾਉਣ, ਸਰਕਾਰ ਤੋਂ ਜਵਾਬ ਮੰਗਣ ਅਤੇ ਦੇਸ਼ ਦੇ ਭਵਿੱਖ ਨਾਲ ਜੁੜੇ ਮਸਲਿਆਂ ’ਤੇ ਵਿਚਾਰ ਕਰਨ। ਜੇ ਸੰਸਦ ਵਿੱਚ ਸਿਰਫ਼ ਆਵਾਜ਼ਾਂ ਰਹਿ ਜਾਣ ਅਤੇ ਵਿਚਾਰ ਗੁੰਮ ਹੋ ਜਾਣ ਤਾਂ ਸਭ ਤੋਂ ਵੱਡਾ ਨੁਕਸਾਨ ਉਸ ਆਮ ਨਾਗਰਿਕ ਦਾ ਹੁੰਦਾ ਹੈ, ਜਿਸ ਨੇ ਆਪਣੀ ਵੋਟ ਰਾਹੀਂ ਆਪਣੇ ਨੁਮਾਇੰਦੇ ਸੰਸਦ ਵਿੱਚ ਭੇਜੇ ਹਨ।

ਇਸ ਲਈ ਸਵਾਲ ਸਿਰਫ਼ ਇਹ ਨਹੀਂ ਕਿ ਸੰਸਦ ਕਿੰਨੇ ਘੰਟੇ ਚੱਲੀ ਜਾਂ ਕਿੰਨੇ ਦਿਨ ਮੁਲਤਵੀ ਰਹੀ। ਅਸਲ ਸਵਾਲ ਇਹ ਹੈ ਕਿ ਕੀ ਅਸੀਂ ਉਸ ਸੰਸਦੀ ਪਰੰਪਰਾ ਅਤੇ ਜਮਹੂਰੀ ਸੱਭਿਆਚਾਰ ਨੂੰ ਬਚਾ ਰਹੇ ਹਾਂ, ਜਿਸ ਨੂੰ ਪੀੜ੍ਹੀਆਂ ਦੀ ਮਿਹਨਤ ਨਾਲ ਖੜ੍ਹਾ ਕੀਤਾ ਗਿਆ ਹੈ? ਅਸਹਿਮਤੀ ਜਮਹੂਰੀਅਤ ਦੀ ਕਮਜ਼ੋਰੀ ਨਹੀਂ, ਇਸ ਦੀ ਤਾਕਤ ਹੈ। ਪਰ ਅਸਹਿਮਤੀ ਨੂੰ ਸੰਵਾਦ ਵਿੱਚ ਬਦਲਣ ਦੀ ਸਮਰੱਥਾ ਹੀ ਜਮਹੂਰੀ ਪਰਿਪੱਕਤਾ ਦੀ ਅਸਲ ਨਿਸ਼ਾਨੀ ਹੈ।

# ਜਾਤੀ ਗਿਣਤੀ ਤੋਂ ਲੈ ਕੇ ਐੱਨਪੀਆਰ ਤੱਕ, 2027 ਦੀ ਮਰਦਮਸ਼ੁਮਾਰੀ ਦੀ ਪਾਰਦਰਸ਼ਤਾ ’ਤੇ ਉੱਠੇ ਸਵਾਲ



ਆਉਣ ਵਾਲੀ ਮਰਦਮਸ਼ੁਮਾਰੀ ਵਿੱਚ ਜਾਤੀ ਸਬੰਧੀ ਜਾਣਕਾਰੀ ਇਕੱਠੀ ਕਰਨ ਲਈ ਖੁੱਲ੍ਹੇ ਸਵਾਲ ਦਾ ਤਰੀਕਾ ਅਪਣਾਉਣ ਦੇ ਫ਼ੈਸਲੇ ਨੇ ਇੱਕ ਵਾਰ ਫਿਰ ਕਈ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਸਰਕਾਰ ਵੱਲੋਂ ਅਪਣਾਏ ਜਾ ਰਹੇ ਤਰੀਕੇ ਤਹਿਤ ਗਿਣਤੀ ਕਰਨ ਵਾਲੇ ਕਰਮਚਾਰੀਆਂ ਨੂੰ ਉਹੀ ਜਾਤੀ ਦਰਜ ਕਰਨ ਦੀ ਹਦਾਇਤ ਹੋਵੇਗੀ, ਜੋ ਵਿਅਕਤੀ ਖ਼ੁਦ ਦੱਸੇਗਾ। ਇਸ ਵਿੱਚ ਗਿਣਤੀ ਕਰਨ ਵਾਲੇ ਕਰਮਚਾਰੀ ਵੱਲੋਂ ਇਹ ਫ਼ੈਸਲਾ ਕਰਨ ਦੀ ਗੁੰਜਾਇਸ਼ ਨਹੀਂ ਹੋਵੇਗੀ ਕਿ ਕਿਸੇ ਵਿਅਕਤੀ ਵੱਲੋਂ ਦੱਸੀ ਗਈ ਜਾਤੀ, ਗੋਤ ਜਾਂ ਉਪ-ਜਾਤੀ ਸਰਕਾਰੀ ਤੌਰ ’ਤੇ ਮੰਨੀ ਜਾਂਦੀ ਕਿਸੇ ਖ਼ਾਸ ਜਾਤੀ ਸ਼੍ਰੇਣੀ ਵਿੱਚ ਆਉਂਦੀ ਹੈ ਜਾਂ ਨਹੀਂ।

ਇਸ ਤਰੀਕੇ ਨੇ ਸਭ ਤੋਂ ਵੱਡਾ ਸਵਾਲ ਇਹ ਖੜ੍ਹਾ ਕੀਤਾ ਹੈ ਕਿ ਜੇਕਰ ਜਾਤੀ ਦੀ ਪਛਾਣ ਲਈ ਕੋਈ ਸਪੱਸ਼ਟ ਅਤੇ ਇਕਸਾਰ ਮਾਪਦੰਡ ਜਾਂ ਲੜੀਬੱਧ ਸੂਚੀ ਨਹੀਂ ਹੋਵੇਗੀ ਤਾਂ ਇਕੱਠਾ ਕੀਤਾ ਗਿਆ ਡਾਟਾ ਕਿੰਨਾ ਭਰੋਸੇਯੋਗ ਅਤੇ ਵਰਤੋਂਯੋਗ ਹੋਵੇਗਾ? ਮਰਦਮਸ਼ੁਮਾਰੀ ਸਿਰਫ਼ ਲੋਕਾਂ ਦੀ ਗਿਣਤੀ ਕਰਨ ਦੀ ਪ੍ਰਕਿਰਿਆ ਨਹੀਂ ਹੁੰਦੀ, ਸਗੋਂ ਇਸ ਦੇ ਅੰਕੜੇ ਸਰਕਾਰ ਦੀਆਂ ਨੀਤੀਆਂ, ਯੋਜਨਾਵਾਂ ਅਤੇ ਸਰੋਤਾਂ ਦੀ ਵੰਡ ਲਈ ਲੰਮੇ ਸਮੇਂ ਤੱਕ ਵਰਤੇ ਜਾਂਦੇ ਹਨ। ਇਸ ਲਈ ਇਸ ਵਿੱਚ ਇਕੱਠੀ ਕੀਤੀ ਜਾਣ ਵਾਲੀ ਹਰ ਜਾਣਕਾਰੀ ਦਾ ਸਹੀ ਅਤੇ ਤਸਦੀਕਯੋਗ ਹੋਣਾ ਬਹੁਤ ਜ਼ਰੂਰੀ ਹੈ।

### 2011 ਦਾ ਤਜਰਬਾ ਪਹਿਲਾਂ ਹੀ ਚਿੰਤਾ ਵਧਾਉਂਦਾ ਹੈ

ਸਾਲ 2011 ਦੀ ਸਮਾਜਿਕ-ਆਰਥਿਕ ਅਤੇ ਜਾਤੀ ਮਰਦਮਸ਼ੁਮਾਰੀ ਦਾ ਤਜਰਬਾ ਇਸ ਮਾਮਲੇ ਵਿੱਚ ਇੱਕ ਵੱਡੀ ਚੇਤਾਵਨੀ ਵਜੋਂ ਸਾਹਮਣੇ ਆਉਂਦਾ ਹੈ। ਉਸ ਸਮੇਂ ਲੋਕਾਂ ਨੂੰ ਆਪਣੀ ਜਾਤੀ ਖੁੱਲ੍ਹ ਕੇ ਦੱਸਣ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਲਗਪਗ 46.7 ਲੱਖ ਵੱਖ-ਵੱਖ ਜਾਤੀਆਂ ਅਤੇ ਉਪ-ਜਾਤੀਆਂ ਦੇ ਨਾਮ ਸਾਹਮਣੇ ਆ ਗਏ।

ਇੰਨੀ ਵੱਡੀ ਗਿਣਤੀ ਵਿੱਚ ਵੱਖ-ਵੱਖ ਨਾਮ ਸਾਹਮਣੇ ਆਉਣ ਕਾਰਨ ਡਾਟੇ ਨੂੰ ਇੱਕਸਾਰ ਅਤੇ ਵਰਤੋਂਯੋਗ ਸਰਕਾਰੀ ਅੰਕੜਿਆਂ ਵਿੱਚ ਬਦਲਣਾ ਬੇਹੱਦ ਮੁਸ਼ਕਲ ਸਾਬਤ ਹੋਇਆ। ਆਖ਼ਰਕਾਰ ਇਹ ਜਾਤੀ ਡਾਟਾ ਉਸ ਰੂਪ ਵਿੱਚ ਜਨਤਕ ਨਹੀਂ ਕੀਤਾ ਜਾ ਸਕਿਆ, ਜਿਸ ਰਾਹੀਂ ਇਸ ਦੀ ਵਿਆਪਕ ਨੀਤੀਗਤ ਵਰਤੋਂ ਕੀਤੀ ਜਾ ਸਕੇ। ਇਸ ਲਈ ਹੁਣ ਉਹੀ ਤਰੀਕਾ ਦੁਬਾਰਾ ਅਪਣਾਉਣ ਨਾਲ ਇਹ ਸਵਾਲ ਸੁਭਾਵਿਕ ਤੌਰ ’ਤੇ ਉੱਠਦਾ ਹੈ ਕਿ ਇਸ ਵਾਰ ਨਤੀਜੇ ਕਿਵੇਂ ਵੱਖਰੇ ਹੋਣਗੇ।

### ਜਾਤੀ ਦੀ ਪਛਾਣ ਦੀ ਗੁੰਝਲਦਾਰ ਪ੍ਰਕਿਰਿਆ

ਭਾਰਤ ਵਿੱਚ ਜਾਤੀ ਦੀ ਪਛਾਣ ਇੱਕ ਬਹੁਤ ਹੀ ਗੁੰਝਲਦਾਰ ਮਸਲਾ ਹੈ। ਵੱਖ-ਵੱਖ ਸੂਬਿਆਂ, ਖੇਤਰਾਂ ਅਤੇ ਭਾਈਚਾਰਿਆਂ ਵਿੱਚ ਇੱਕੋ ਨਾਮ ਵਾਲੇ ਸਮੂਹਾਂ ਦੀ ਸਮਾਜਿਕ ਜਾਂ ਸਰਕਾਰੀ ਸ਼੍ਰੇਣੀ ਵੱਖਰੀ ਹੋ ਸਕਦੀ ਹੈ। ਇਸ ਤੋਂ ਇਲਾਵਾ ਗੋਤ, ਉਪ-ਜਾਤੀ ਅਤੇ ਸਥਾਨਕ ਪਛਾਣਾਂ ਹਮੇਸ਼ਾ ਸਰਕਾਰੀ ਸ਼੍ਰੇਣੀਆਂ ਨਾਲ ਪੂਰੀ ਤਰ੍ਹਾਂ ਮੇਲ ਨਹੀਂ ਖਾਂਦੀਆਂ।

ਸਰਕਾਰ ਵੱਲੋਂ ਜਾਤੀਆਂ ਦੀ ਕੋਈ ਲੜੀਬੱਧ ਸੂਚੀ ਜਾਂ ਚੋਣ-ਆਧਾਰਿਤ ਸੂਚੀ ਉਪਲਬਧ ਨਾ ਕਰਵਾਉਣ ਦਾ ਇੱਕ ਕਾਰਨ ਇਹ ਵੀ ਦੱਸਿਆ ਜਾ ਸਕਦਾ ਹੈ ਕਿ ਜਾਤੀ ਦੀ ਪਛਾਣ ਨੂੰ ਸਾਰੇ ਦੇਸ਼ ਲਈ ਇੱਕੋ ਤਰੀਕੇ ਨਾਲ ਪਰਿਭਾਸ਼ਿਤ ਕਰਨਾ ਮੁਸ਼ਕਲ ਹੈ। ਪਰ ਦੂਜੇ ਪਾਸੇ ਖੁੱਲ੍ਹੇ ਜਵਾਬਾਂ ’ਤੇ ਪੂਰੀ ਤਰ੍ਹਾਂ ਨਿਰਭਰ ਰਹਿਣ ਨਾਲ ਡਾਟੇ ਵਿੱਚ ਬੇਹੱਦ ਵੱਖਰਾਪਣ ਆਉਣ ਦਾ ਖ਼ਤਰਾ ਵੀ ਬਣਿਆ ਰਹੇਗਾ।

ਜੇਕਰ ਘਰ-ਘਰ ਜਾ ਕੇ ਗਿਣਤੀ ਕਰਨ ਵਾਲੇ ਕਰਮਚਾਰੀ ਆਪਣੇ ਪੱਧਰ ’ਤੇ ਇਹ ਤੈਅ ਕਰਨ ਲੱਗ ਜਾਣ ਕਿ ਕੋਈ ਵਿਅਕਤੀ ਕਿਸ ਜਾਤੀ ਨਾਲ ਸਬੰਧਤ ਹੈ ਤਾਂ ਮਰਦਮਸ਼ੁਮਾਰੀ ਦੀ ਨਿਰਪੱਖਤਾ ’ਤੇ ਸਵਾਲ ਉੱਠ ਸਕਦੇ ਹਨ। ਇਸ ਨਾਲ ਪੱਖਪਾਤ, ਗਲਤ ਵਰਗੀਕਰਨ, ਬੇਨਿਯਮੀਆਂ ਅਤੇ ਸਿਆਸੀ ਹੇਰਾਫੇਰੀ ਦੇ ਦੋਸ਼ਾਂ ਲਈ ਵੀ ਰਾਹ ਖੁੱਲ੍ਹ ਸਕਦਾ ਹੈ।

### ਪਾਰਦਰਸ਼ੀ ਪ੍ਰਣਾਲੀ ਦੀ ਲੋੜ

ਜਾਤੀ ਦੀ ਸਹੀ ਅਤੇ ਭਰੋਸੇਯੋਗ ਗਿਣਤੀ ਲਈ ਸਿਰਫ਼ ਲੋਕਾਂ ਵੱਲੋਂ ਦਿੱਤੇ ਗਏ ਜਵਾਬ ਦਰਜ ਕਰਨਾ ਕਾਫ਼ੀ ਨਹੀਂ ਹੋਵੇਗਾ। ਉਨ੍ਹਾਂ ਜਵਾਬਾਂ ਨੂੰ ਸੰਭਾਲਣ, ਇੱਕਸਾਰ ਕਰਨ, ਵਰਗੀਕ੍ਰਿਤ ਕਰਨ ਅਤੇ ਲੋੜ ਪੈਣ ’ਤੇ ਤਸਦੀਕ ਕਰਨ ਲਈ ਇੱਕ ਨਿਰਪੱਖ, ਵਿਗਿਆਨਕ ਅਤੇ ਪਾਰਦਰਸ਼ੀ ਪ੍ਰਣਾਲੀ ਵੀ ਜ਼ਰੂਰੀ ਹੈ।

ਮਰਦਮਸ਼ੁਮਾਰੀ ਦੇ ਅੰਕੜੇ ਆਉਣ ਵਾਲੇ ਕਈ ਸਾਲਾਂ ਤੱਕ ਸਰਕਾਰੀ ਨੀਤੀਆਂ ਦਾ ਆਧਾਰ ਬਣ ਸਕਦੇ ਹਨ। ਜੇਕਰ ਸ਼ੁਰੂਆਤੀ ਪੜਾਅ ਵਿੱਚ ਹੀ ਅੰਕੜਿਆਂ ਦੀ ਸ਼ੁੱਧਤਾ ’ਤੇ ਸਵਾਲ ਖੜ੍ਹੇ ਹੋ ਜਾਣ ਤਾਂ ਬਾਅਦ ਵਿੱਚ ਉਨ੍ਹਾਂ ਦੇ ਆਧਾਰ ’ਤੇ ਬਣਨ ਵਾਲੀਆਂ ਨੀਤੀਆਂ ਅਤੇ ਯੋਜਨਾਵਾਂ ਦੀ ਭਰੋਸੇਯੋਗਤਾ ਵੀ ਪ੍ਰਭਾਵਿਤ ਹੋ ਸਕਦੀ ਹੈ।

ਇਸ ਲਈ ਜਾਤੀ ਗਿਣਤੀ ਦੀ ਪ੍ਰਕਿਰਿਆ ਵਿੱਚ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਹਰ ਵਿਅਕਤੀ ਵੱਲੋਂ ਦਿੱਤੀ ਜਾਣਕਾਰੀ ਨੂੰ ਉਸ ਦੀ ਮਰਜ਼ੀ ਅਨੁਸਾਰ ਦਰਜ ਕੀਤਾ ਜਾਵੇ, ਪਰ ਇਸ ਦੇ ਨਾਲ ਹੀ ਅੰਕੜਿਆਂ ਨੂੰ ਵਿਗਿਆਨਕ ਢੰਗ ਨਾਲ ਇਕਸਾਰ ਕਰਨ ਦੀ ਸਪੱਸ਼ਟ ਪ੍ਰਣਾਲੀ ਵੀ ਮੌਜੂਦ ਹੋਵੇ।

### ਐੱਨਪੀਆਰ ਦੇ ਮੁੱਦੇ ਨੇ ਵੀ ਵਧਾਈ ਚਿੰਤਾ

2027 ਦੀ ਮਰਦਮਸ਼ੁਮਾਰੀ ਨਾਲ ਜੁੜੀ ਚਰਚਾ ਸਿਰਫ਼ ਜਾਤੀ ਗਿਣਤੀ ਤੱਕ ਸੀਮਤ ਨਹੀਂ ਹੈ। ਸਾਲ 2019-20 ਦੌਰਾਨ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਹੋਏ ਵਿਆਪਕ ਵਿਰੋਧ ਪ੍ਰਦਰਸ਼ਨਾਂ ਦੇ ਸਮੇਂ ਕੁਝ ਸਰਕਾਰੀ ਪ੍ਰਕਿਰਿਆਵਾਂ ਅਤੇ ਸਵਾਲ ਵੀ ਵੱਡੇ ਵਿਵਾਦ ਦਾ ਵਿਸ਼ਾ ਬਣੇ ਸਨ। ਹੁਣ ਉਨ੍ਹਾਂ ਨਾਲ ਸਬੰਧਤ ਕੁਝ ਮੁੱਦਿਆਂ ਦੇ ਮੁੜ ਸਾਹਮਣੇ ਆਉਣ ਕਾਰਨ ਇਸ ਪ੍ਰਕਿਰਿਆ ਨੂੰ ਲੈ ਕੇ ਸਿਆਸੀ ਅਤੇ ਸਮਾਜਿਕ ਚਰਚਾ ਹੋਣਾ ਸੁਭਾਵਿਕ ਹੈ।

ਕੌਮੀ ਆਬਾਦੀ ਰਜਿਸਟਰ (ਐੱਨਪੀਆਰ) ਦੇ ਸਾਲ 2020 ਦੇ ਪ੍ਰਸਤਾਵਿਤ ਵੇਰਵਿਆਂ ਵਿੱਚ ਰਾਸ਼ਟਰੀਅਤਾ, ਮਾਪਿਆਂ ਨਾਲ ਸਬੰਧਤ ਜਾਣਕਾਰੀ, ਮੋਬਾਈਲ ਨੰਬਰ, ਆਧਾਰ, ਵੋਟਰ ਕਾਰਡ ਅਤੇ ਪਾਸਪੋਰਟ ਆਦਿ ਨਾਲ ਜੁੜੀ ਜਾਣਕਾਰੀ ਸ਼ਾਮਲ ਹੋਣ ਦੀ ਗੱਲ ਸਾਹਮਣੇ ਆਈ ਸੀ। ਉਸ ਸਮੇਂ ਸਰਕਾਰ ਵੱਲੋਂ ਲੋਕਾਂ ਦੇ ਸ਼ੰਕੇ ਦੂਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ, ਪਰ ਸਿਵਲ ਸੁਸਾਇਟੀ ਸਮੂਹਾਂ ਅਤੇ ਵਿਰੋਧੀ ਪਾਰਟੀਆਂ ਵੱਲੋਂ ਐੱਨਪੀਆਰ ਨੂੰ ਕੌਮੀ ਨਾਗਰਿਕ ਰਜਿਸਟਰ (ਐੱਨਆਰਸੀ) ਨਾਲ ਜੋੜੇ ਜਾਣ ਨੂੰ ਲੈ ਕੇ ਚਿੰਤਾਵਾਂ ਜ਼ਾਹਰ ਕੀਤੀਆਂ ਗਈਆਂ ਸਨ।

ਇਨ੍ਹਾਂ ਪੁਰਾਣੇ ਵਿਵਾਦਾਂ ਦੇ ਮੱਦੇਨਜ਼ਰ 2027 ਦੀ ਮਰਦਮਸ਼ੁਮਾਰੀ ਦੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਹੋਰ ਵੀ ਮਹੱਤਵਪੂਰਨ ਬਣ ਜਾਂਦੀ ਹੈ। ਸਰਕਾਰ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਮਰਦਮਸ਼ੁਮਾਰੀ ਨਾਲ ਸਬੰਧਤ ਸਵਾਲਾਂ, ਡਾਟਾ ਇਕੱਠਾ ਕਰਨ ਦੇ ਤਰੀਕੇ, ਜਾਣਕਾਰੀ ਦੀ ਵਰਤੋਂ ਅਤੇ ਇਸ ਦੀ ਸੁਰੱਖਿਆ ਬਾਰੇ ਲੋਕਾਂ ਨੂੰ ਸਪੱਸ਼ਟ ਜਾਣਕਾਰੀ ਦੇਵੇ।

### ਭਰੋਸਾ ਹੀ ਮਰਦਮਸ਼ੁਮਾਰੀ ਦੀ ਸਭ ਤੋਂ ਵੱਡੀ ਕਸੌਟੀ

ਮਰਦਮਸ਼ੁਮਾਰੀ ਕਿਸੇ ਵੀ ਦੇਸ਼ ਦੇ ਪ੍ਰਸ਼ਾਸਨ ਦੀ ਬੁਨਿਆਦੀ ਪ੍ਰਕਿਰਿਆ ਹੁੰਦੀ ਹੈ। ਇਸ ਰਾਹੀਂ ਇਕੱਠੇ ਕੀਤੇ ਅੰਕੜੇ ਸਿਰਫ਼ ਮੌਜੂਦਾ ਆਬਾਦੀ ਦੀ ਤਸਵੀਰ ਨਹੀਂ ਦਿਖਾਉਂਦੇ, ਸਗੋਂ ਭਵਿੱਖ ਦੀਆਂ ਨੀਤੀਆਂ ਅਤੇ ਸਰਕਾਰੀ ਯੋਜਨਾਬੰਦੀ ਨੂੰ ਵੀ ਦਿਸ਼ਾ ਦਿੰਦੇ ਹਨ।

ਇਸ ਲਈ 2027 ਦੀ ਮਰਦਮਸ਼ੁਮਾਰੀ ਦੀ ਸਫਲਤਾ ਸਿਰਫ਼ ਇਸ ਗੱਲ ਨਾਲ ਨਹੀਂ ਮਾਪੀ ਜਾਵੇਗੀ ਕਿ ਕਿੰਨੇ ਲੋਕਾਂ ਦੀ ਗਿਣਤੀ ਕੀਤੀ ਗਈ, ਸਗੋਂ ਇਸ ਗੱਲ ਨਾਲ ਵੀ ਹੋਵੇਗੀ ਕਿ ਲੋਕਾਂ ਨੂੰ ਪੂਰੀ ਪ੍ਰਕਿਰਿਆ ’ਤੇ ਕਿੰਨਾ ਭਰੋਸਾ ਹੋਇਆ। ਜਾਤੀ ਗਿਣਤੀ ਵਰਗੇ ਸੰਵੇਦਨਸ਼ੀਲ ਮਾਮਲੇ ਵਿੱਚ ਨਿਰਪੱਖਤਾ, ਸਪੱਸ਼ਟ ਨਿਯਮ, ਡਾਟੇ ਦੀ ਸੁਰੱਖਿਆ ਅਤੇ ਪੂਰੀ ਪਾਰਦਰਸ਼ਤਾ ਸਭ ਤੋਂ ਮਹੱਤਵਪੂਰਨ ਹੋਣਗੇ।

ਜੇਕਰ ਮਰਦਮਸ਼ੁਮਾਰੀ ਨੂੰ ਸਿਆਸੀ ਵਿਵਾਦਾਂ ਤੋਂ ਉੱਪਰ ਰੱਖ ਕੇ ਵਿਗਿਆਨਕ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਇਆ ਜਾਂਦਾ ਹੈ ਤਾਂ ਇਸ ਦੇ ਅੰਕੜੇ ਦੇਸ਼ ਦੀਆਂ ਸਮਾਜਿਕ ਅਤੇ ਆਰਥਿਕ ਨੀਤੀਆਂ ਲਈ ਬੇਹੱਦ ਲਾਭਦਾਇਕ ਸਾਬਤ ਹੋ ਸਕਦੇ ਹਨ। ਪਰ ਜੇਕਰ ਪ੍ਰਕਿਰਿਆ ਦੀ ਭਰੋਸੇਯੋਗਤਾ ਹੀ ਸਵਾਲਾਂ ਦੇ ਘੇਰੇ ਵਿੱਚ ਆ ਜਾਵੇ ਤਾਂ ਅੰਕੜਿਆਂ ਦੀ ਵਰਤੋਂ ਅਤੇ ਉਨ੍ਹਾਂ ਦੇ ਆਧਾਰ ’ਤੇ ਬਣਨ ਵਾਲੀਆਂ ਨੀਤੀਆਂ ਦੋਵੇਂ ਹੀ ਵਿਵਾਦਾਂ ਵਿੱਚ ਘਿਰ ਸਕਦੀਆਂ ਹਨ।

ਇਸ ਲਈ 2027 ਦੀ ਮਰਦਮਸ਼ੁਮਾਰੀ ਲਈ ਸਭ ਤੋਂ ਵੱਡੀ ਲੋੜ ਸਿਰਫ਼ ਵਿਆਪਕ ਗਿਣਤੀ ਨਹੀਂ, ਸਗੋਂ ਸਹੀ ਗਿਣਤੀ, ਸਪੱਸ਼ਟ ਨਿਯਮ



# ਖ਼ਬਰਨਾਮਾ



## ਭਾਜਪਾ ਨਾਲ ਗੱਠਜੋੜ ਲਈ ਅਕਾਲੀ ਦਲ ਕਰ ਰਿਹੈ ਮਿੰਨਤਾਂ: CM ਭਗਵੰਤ ਮਾਨ

### ਮਜੀਠਾ ਵਿੱਚ ਮਜੀਠੀਆ ਪਰਿਵਾਰ ’ਤੇ ਤਿੱਖੇ ਨਿਸ਼ਾਨੇ; ਕਾਂਗਰਸ ਨੂੰ ਦੱਸਿਆ ‘ਆਖ਼ਰੀ ਸਾਹਾਂ’ ’ਤੇ, 2027 ਵਿੱਚ ਮੁੜ ‘ਆਪ’ ਸਰਕਾਰ ਬਣਨ ਦਾ ਕੀਤਾ ਦਾਅਵਾ

**ਚੰਡੀਗੜ੍ਹ** – ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ ਮਜੀਠਾ ਹਲਕੇ ਦੇ ਕਸਬਾ ਚਵਿੰਡਾ ਦੇਵੀ ਵਿੱਚ ਕਰਵਾਏ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ’ਤੇ ਤਿੱਖੇ ਸਿਆਸੀ ਹਮਲੇ ਕੀਤੇ। ਇਸ ਮੌਕੇ ਉਨ੍ਹਾਂ ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਵੀ ਨਿਸ਼ਾਨੇ ’ਤੇ ਲੈਂਦਿਆਂ ਕਿਹਾ ਕਿ ਮਜੀਠਾ ਹਲਕੇ ਵਿੱਚ ਮਜੀਠੀਆ ਦਾ ਕਥਿਤ ‘ਗੁੰਡਾ ਰਾਜ’ ਹੁਣ ਖ਼ਤਮ ਹੋ ਚੁੱਕਾ ਹੈ।

**ਬਿਕਰਮ ਸਿੰਘ ਮਜੀਠੀਆ ’ਤੇ ਹਮਲਾ**

ਬੋਲਦਿਆਂ ਮੁੱਖ ਮੰਤਰੀ ਨੇ ਮਜੀਠੀਆ ਪਰਿਵਾਰ ’ਤੇ ਗੰਭੀਰ ਦੋਸ਼ ਲਗਾਏ। ਉਨ੍ਹਾਂ ਦਾਅਵਾ ਕੀਤਾ ਕਿ ਮਜੀਠੀਆ ਪਰਿਵਾਰ ਦੇਸ਼ ਨਾਲ ਗੱਦਾਰੀ ਕਰਨ ਵਾਲਾ ਪਰਿਵਾਰ ਹੈ। ਮਾਨ ਨੇ ਕਿਹਾ ਕਿ ਜੱਲ੍ਹਿਆਂਵਾਲਾ ਬਾਗ ਦੇ ਗੋਲੀਕਾਂਡ ਵਾਲੀ ਰਾਤ ਜਨਰਲ ਡਾਇਰ ਨੂੰ ਉਨ੍ਹਾਂ ਦੇ ਘਰ ਖਾਣਾ ਖਵਾਇਆ ਗਿਆ ਸੀ। ਹਾਲਾਂਕਿ ਇਹ ਦੋਸ਼ ਸਿਆਸੀ ਬਿਆਨਬਾਜ਼ੀ ਦਾ ਹਿੱਸਾ ਹਨ ਅਤੇ ਇਸ ਸਬੰਧੀ ਉਨ੍ਹਾਂ ਨੇ ਆਪਣੇ ਸੰਬੋਧਨ ਦੌਰਾਨ ਮਜੀਠੀਆ ਪਰਿਵਾਰ ਨੂੰ ਨਿਸ਼ਾਨਾ ਬਣਾਇਆ।

**ਭਾਜਪਾ ਨਾਲ ਗੱਠਜੋੜ ਨੂੰ ਲੈ ਕੇ ਅਕਾਲੀ ਦਲ ’ਤੇ ਤੰਜ**

ਸ਼੍ਰੋਮਣੀ ਅਕਾਲੀ ਦਲ ਬਾਰੇ ਬੋਲਦਿਆਂ ਭਗਵੰਤ ਮਾਨ ਨੇ ਕਿਹਾ ਕਿ ਪਾਰਟੀ ਆਪਣੀ ਸਿਆਸੀ ਹੋਂਦ ਬਚਾਉਣ ਲਈ ਭਾਜਪਾ ਨਾਲ ਮੁੜ ਗੱਠਜੋੜ ਕਰਨ ਲਈ ਮਿੰਨਤਾਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਸਿਆਸੀ ਬੇੜਾ ਡੁੱਬ ਚੁੱਕਾ ਹੈ ਅਤੇ ਹੁਣ ਪਾਰਟੀ ਭਾਜਪਾ ਦੀ ਬੇੜੀ ਵਿੱਚ ਸਵਾਰ ਹੋ ਕੇ ਆਪਣੀ ਹੋਂਦ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਮਾਨ ਨੇ ਅਕਾਲੀ ਸਰਕਾਰ ਦੇ ਕਾਰਜਕਾਲ ’ਤੇ ਵੀ ਸਵਾਲ ਚੁੱਕਦਿਆਂ ਦੋਸ਼ ਲਾਇਆ ਕਿ ਉਸ ਸਮੇਂ ਪੰਜਾਬ ਵਿੱਚ ਸ਼ਰੇਆਮ ਨਸ਼ਾ ਵਿਕਦਾ ਸੀ। ਉਨ੍ਹਾਂ ਅਕਾਲੀ ਆਗੂਆਂ ਨੂੰ ਪੰਜਾਬ ਦੀ ਜਵਾਨੀ ਦੇ ਨੁਕਸਾਨ ਲਈ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਲੋਕ ਹੁਣ ਰਵਾਇਤੀ ਪਾਰਟੀਆਂ ਦੀ ਸਿਆਸਤ ਨੂੰ ਸਮਝ ਚੁੱਕੇ ਹਨ।

**ਕਾਂਗਰਸ ਨੂੰ ਵੀ ਬਣਾਇਆ ਨਿਸ਼ਾਨਾ**

ਮੁੱਖ ਮੰਤਰੀ ਨੇ ਕਾਂਗਰਸ ’ਤੇ ਵੀ ਤਿੱਖਾ ਹਮਲਾ ਕੀਤਾ। ਉਨ੍ਹਾਂ ਕਾਂਗਰਸ ਦੀ ਮੌਜੂਦਾ ਸਿਆਸੀ ਸਥਿਤੀ ਦੀ ਤੁਲਨਾ ਹਸਪਤਾਲ ਵਿੱਚ ਦਾਖ਼ਲ 90 ਸਾਲਾ ਬਜ਼ੁਰਗ ਨਾਲ ਕੀਤੀ, ਜਿਸ ਬਾਰੇ ਡਾਕਟਰ ਘਰ ਲਿਜਾ ਕੇ ਸੇਵਾ ਕਰਨ ਦੀ ਸਲਾਹ ਦੇ ਦਿੰਦੇ ਹਨ। ਮਾਨ ਨੇ ਕਿਹਾ ਕਿ ਕਾਂਗਰਸ ਹੁਣ ਆਖ਼ਰੀ ਸਾਹਾਂ ’ਤੇ ਹੈ ਅਤੇ ਪਾਰਟੀ ਦੇ ਅੰਦਰ ਚੱਲ ਰਹੀ ਕੁਰਸੀ ਦੀ ਲੜਾਈ ਹੀ ਇਸ ਦੇ ਪਤਨ ਦਾ ਮੁੱਖ ਕਾਰਨ ਬਣੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਰਵਾਇਤੀ ਸਿਆਸੀ ਪਾਰਟੀਆਂ ਤੋਂ ਨਿਜਾਤ ਮਿਲ ਚੁੱਕੀ ਹੈ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਪੰਜਾਬ ਦੇ ਲੋਕ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣਗੇ।

**ਮਜੀਠਾ ਦੇ ਵਿਕਾਸ ਲਈ ਗਰਾਂਟਾਂ ਦੀ ਕੋਈ ਕਮੀ ਨਹੀਂ ਰਹੇਗੀ**

ਲੋਕ ਮਿਲਣੀ ਦੌਰਾਨ ਭਗਵੰਤ ਮਾਨ ਨੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਹੌਸਲਾ-ਅਫ਼ਜ਼ਾਈ ਵੀ ਕੀਤੀ। ਉਨ੍ਹਾਂ ਕਿਹਾ ਕਿ ਮਜੀਠਾ ਹਲਕੇ ਵਿੱਚ ਵਿਕਾਸ ਕਾਰਜਾਂ ਨੂੰ ਤੇਜ਼ ਕੀਤਾ ਜਾਵੇਗਾ ਅਤੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਵਿਕਾਸ ਨਾਲ ਸਬੰਧਤ ਕੰਮਾਂ ਨੂੰ ਤੁਰੰਤ ਮਨਜ਼ੂਰੀ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਹਲਕੇ ਦੇ ਵਿਕਾਸ ਕਾਰਜਾਂ ਲਈ ਗਰਾਂਟਾਂ ਦੀ ਕੋਈ ਕਮੀ ਨਹੀਂ ਰਹੇਗੀ ਅਤੇ ਸਰਕਾਰ ਵੱਲੋਂ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ।

## ਦਮਦਮੀ ਟਕਸਾਲ ਦਾ ਨਵਾਂ ‘ਸੇਵਕ ਜਥਾ’ ਬਣਿਆ ਚਰਚਾ ਦਾ ਕੇਂਦਰ, ਕੀ ਚੋਣ ਸਿਆਸਤ ਵੱਲ ਵਧ ਰਹੀ ਹੈ ਟਕਸਾਲ?

### ਸਿਆਸੀ ਪਾਰਟੀਆਂ ਵਰਗਾ ਢਾਂਚਾ ਬਣਨ ਮਗਰੋਂ ਉੱਠੇ ਸਵਾਲ; ਟਕਸਾਲ ਨੇ ਚੋਣਾਂ ਲੜਨ ਦੀਆਂ ਚਰਚਾਵਾਂ ਨੂੰ ਕੀਤਾ ਖਾਰਜ



**ਚੰਡੀਗੜ੍ਹ** – ਪੰਜਾਬ ਦੀ ਸਿਆਸਤ ਅਤੇ ਸਿੱਖ ਧਾਰਮਿਕ ਹਲਕਿਆਂ ਵਿੱਚ ਦਮਦਮੀ ਟਕਸਾਲ ਵੱਲੋਂ ਬਣਾਏ ਗਏ ਨਵੇਂ ਜਥੇਬੰਦਕ ਵਿੰਗ ‘ਦਮਦਮੀ ਟਕਸਾਲ ਸੇਵਕ ਜਥਾ’ ਨੂੰ ਲੈ ਕੇ ਚਰਚਾਵਾਂ ਤੇਜ਼ ਹੋ ਗਈਆਂ ਹਨ। ਇਸ ਨਵੇਂ ਜਥੇ ਦਾ ਢਾਂਚਾ ਮੁੱਖ ਧਾਰਾ ਦੀਆਂ ਰਾਜਨੀਤਿਕ ਜਥੇਬੰਦੀਆਂ ਨਾਲ ਮਿਲਦਾ-ਜੁਲਦਾ ਹੋਣ ਕਾਰਨ ਸਵਾਲ ਉੱਠ ਰਹੇ ਹਨ ਕਿ ਕੀ ਦਮਦਮੀ ਟਕਸਾਲ ਆਉਣ ਵਾਲੇ ਸਮੇਂ ਵਿੱਚ ਸਿੱਧੇ ਤੌਰ ’ਤੇ ਚੋਣ ਰਾਜਨੀਤੀ ਵਿੱਚ ਦਾਖ਼ਲ ਹੋਣ ਦੀ ਤਿਆਰੀ ਕਰ ਰਹੀ ਹੈ।

ਦਮਦਮੀ ਟਕਸਾਲ ਦਾ ਪੰਜਾਬ ਦੀ ਸਿਆਸਤ ਨਾਲ ਲੰਮਾ ਅਤੇ ਪ੍ਰਭਾਵਸ਼ਾਲੀ ਸਬੰਧ ਰਿਹਾ ਹੈ। ਹਾਲਾਂਕਿ ਟਕਸਾਲ ਨੇ ਹੁਣ ਤੱਕ ਕਦੇ ਵੀ ਆਪਣੇ ਨਾਂ ’ਤੇ ਸਿੱਧੀਆਂ ਚੋਣਾਂ ਨਹੀਂ ਲੜੀਆਂ, ਪਰ ਵੱਖ-ਵੱਖ ਮੌਕਿਆਂ ’ਤੇ ਇਸ ਦੀ ਸਿਆਸੀ ਪਸੰਦ ਅਤੇ ਸਰਗਰਮੀਆਂ ਚਰਚਾ ਦਾ ਵਿਸ਼ਾ ਬਣਦੀਆਂ ਰਹੀਆਂ ਹਨ। ਪਹਿਲਾਂ ਦਮਦਮੀ ਟਕਸਾਲ ਵੱਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਸਮਰਥਨ ਦਿੱਤਾ ਜਾਂਦਾ ਰਿਹਾ ਹੈ, ਪਰ ਪਿਛਲੇ ਕੁਝ ਸਮੇਂ ਦੌਰਾਨ ਟਕਸਾਲ ਮੁਖੀ ਹਰਨਾਮ ਸਿੰਘ ਧੁੰਮਾ ਦੀ ਭਾਰਤੀ ਜਨਤਾ ਪਾਰਟੀ ਨਾਲ ਨੇੜਤਾ ਨੂੰ ਲੈ ਕੇ ਵੀ ਸਿਆਸੀ ਹਲਕਿਆਂ ਵਿੱਚ ਚਰਚਾ ਰਹੀ ਹੈ।

ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਦੌਰਾਨ ਦਮਦਮੀ ਟਕਸਾਲ ਵੱਲੋਂ ਮੁੰਬਈ ਵਿੱਚ ਭਾਜਪਾ ਦੇ ਹੱਕ ਵਿੱਚ ਸਮਰਥਨ ਪ੍ਰਗਟਾਉਣ ਦੀਆਂ ਖ਼ਬਰਾਂ ਵੀ ਸਾਹਮਣੇ ਆਈਆਂ ਸਨ। ਇਸ ਤੋਂ ਇਲਾਵਾ 6 ਜੂਨ ਨੂੰ ਮਹਿਤਾ ਚੌਂਕ ਵਿਖੇ ਹੋਏ ਘੱਲੂਘਾਰਾ ਸਮਾਗਮ ਵਿੱਚ ਮਹਾਰਾਸ਼ਟਰ ਸਰਕਾਰ ਦੇ ਮੰਤਰੀਆਂ ਅਤੇ ਭਾਜਪਾ ਨਾਲ ਸਬੰਧਤ ਆਗੂਆਂ ਦੀ ਸ਼ਮੂਲੀਅਤ ਵੀ ਚਰਚਾ ਦਾ ਵਿਸ਼ਾ ਬਣੀ ਸੀ। ਇਸ ਮੌਕੇ ਆਗੂਆਂ ਵੱਲੋਂ ਦਮਦਮੀ ਟਕਸਾਲ ਦੇ ਚੌਥੇ ਮੁਖੀ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਅਪਰੇਸ਼ਨ ਬਲੂ ਸਟਾਰ ਦੀ ਨਿੰਦਾ ਕੀਤੀ ਗਈ ਸੀ।

ਹੁਣ ‘ਦਮਦਮੀ ਟਕਸਾਲ ਸੇਵਕ ਜਥਾ’ ਦੇ ਗਠਨ ਤੋਂ ਬਾਅਦ ਸਿਆਸੀ ਹਲਕਿਆਂ ਵਿੱਚ ਇਹ ਚਰਚਾ ਵੀ ਚੱਲ ਰਹੀ ਹੈ ਕਿ ਕੀ ਇਸ ਜਥੇ ਰਾਹੀਂ ਟਕਸਾਲ ਇੱਕ ਵਿਸ਼ਾਲ ਜਥੇਬੰਦਕ ਨੈੱਟਵਰਕ ਤਿਆਰ ਕਰ ਰਹੀ ਹੈ, ਜਿਸ ਦੀ ਭਵਿੱਖ ਵਿੱਚ ਸਿਆਸੀ ਪੱਧਰ ’ਤੇ ਵਰਤੋਂ ਕੀਤੀ ਜਾ ਸਕਦੀ ਹੈ। ਕੁਝ ਹਲਕਿਆਂ ਵਿੱਚ ਇਹ ਕਿਆਸ ਵੀ ਲਗਾਏ ਜਾ ਰਹੇ ਹਨ ਕਿ ਇਹ ਨੈੱਟਵਰਕ ਭਵਿੱਖ ਵਿੱਚ ਭਾਜਪਾ ਲਈ ਸਹਾਇਕ ਹੋ ਸਕਦਾ ਹੈ।

ਹਾਲਾਂਕਿ ਦਮਦਮੀ ਟਕਸਾਲ ਨੇ ਇਨ੍ਹਾਂ ਚਰਚਾਵਾਂ ਅਤੇ ਦਾਅਵਿਆਂ ਨੂੰ ਸਪੱਸ਼ਟ ਤੌਰ ’ਤੇ ਰੱਦ ਕੀਤਾ ਹੈ। ਟਕਸਾਲ ਦੇ ਪ੍ਰਵਕਤਾ ਹਰਸ਼ਦੀਪ ਸਿੰਘ ਰੰਧਾਵਾ ਨੇ ਕਿਹਾ ਕਿ ‘ਸੇਵਕ ਜਥਾ’ ਕੋਈ ਰਾਜਨੀਤਿਕ ਪਾਰਟੀ ਨਹੀਂ ਹੈ ਅਤੇ ਨਾ ਹੀ ਟਕਸਾਲ ਦਾ ਚੋਣਾਂ ਲੜਨ ਦਾ ਕੋਈ ਇਰਾਦਾ ਹੈ। ਉਨ੍ਹਾਂ ਕਿਹਾ ਕਿ ਇਸ ਜਥੇ ਦਾ ਮੁੱਖ ਉਦੇਸ਼ ਸੰਗਤ ਅਤੇ ਸ਼ਰਧਾਲੂਆਂ ਨੂੰ ਰਾਜਨੀਤਿਕ ਤੌਰ ’ਤੇ ਜਾਗਰੂਕ ਕਰਨਾ, ਧਰਮ ਪ੍ਰਚਾਰ ਨੂੰ ਅੱਗੇ ਵਧਾਉਣਾ, ਨਸ਼ਾ ਛੁਡਾਊ ਮੁਹਿੰਮਾਂ ਵਿੱਚ ਯੋਗਦਾਨ ਪਾਉਣਾ ਅਤੇ ਪੰਜਾਬ ਨਾਲ ਜੁੜੇ ਅਹਿਮ ਮੁੱਦਿਆਂ ’ਤੇ ਲਗਾਤਾਰ ਕੰਮ ਕਰਨਾ ਹੈ।

ਹਰਸ਼ਦੀਪ ਸਿੰਘ ਰੰਧਾਵਾ ਨੇ ਦਮਦਮੀ ਟਕਸਾਲ ਦੇ ਭਾਜਪਾ ਨਾਲ ਸਬੰਧਾਂ ਨੂੰ ਲੈ ਕੇ ਵੀ ਆਪਣਾ ਪੱਖ ਰੱਖਿਆ। ਉਨ੍ਹਾਂ ਕਿਹਾ ਕਿ ਪੰਥਕ ਮੁੱਦਿਆਂ, ਖਾਸ ਕਰਕੇ ਬੰਦੀ ਸਿੰਘਾਂ ਦੀ ਰਿਹਾਈ ਵਰਗੇ ਮਾਮਲਿਆਂ ਨੂੰ ਹੱਲ ਕਰਵਾਉਣ ਲਈ ਸਰਕਾਰਾਂ ਅਤੇ ਵੱਖ-ਵੱਖ ਸਿਆਸੀ ਧਿਰਾਂ ਨਾਲ ਗੱਲਬਾਤ ਕਰਨੀ ਜ਼ਰੂਰੀ ਹੁੰਦੀ ਹੈ। ਉਨ੍ਹਾਂ ਅਨੁਸਾਰ ਕਿਸੇ ਸਿਆਸੀ ਧਿਰ ਨਾਲ ਸੰਪਰਕ ਜਾਂ ਗੱਲਬਾਤ ਨੂੰ ਸਿੱਧੇ ਤੌਰ ’ਤੇ ਚੋਣ ਰਾਜਨੀਤੀ ਵਿੱਚ ਦਾਖ਼ਲੇ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ।

ਦਮਦਮੀ ਟਕਸਾਲ ਦਾ ਸਿਆਸੀ ਇਤਿਹਾਸ ਵੀ ਲਗਭਗ ਪੰਜ ਦਹਾਕਿਆਂ ਤੋਂ ਵੱਧ ਪੁਰਾਣਾ ਹੈ। ਐਮਰਜੈਂਸੀ ਦੇ ਦੌਰਾਨ ਤਤਕਾਲੀ ਟਕਸਾਲ ਮੁਖੀ ਸੰਤ ਕਰਤਾਰ ਸਿੰਘ ਨੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀਆਂ ਨੀਤੀਆਂ ਦਾ ਖੁੱਲ੍ਹ ਕੇ ਵਿਰੋਧ ਕੀਤਾ ਸੀ। ਇਸ ਤੋਂ ਬਾਅਦ ਵੀ ਟਕਸਾਲ ਦਾ ਸਿੱਖ ਸਿਆਸਤ ਅਤੇ ਪੰਥਕ ਮਾਮਲਿਆਂ ਵਿੱਚ ਪ੍ਰਭਾਵ ਬਣਿਆ ਰਿਹਾ, ਪਰ ਵੱਡਾ ਜਥੇਬੰਦਕ ਅਤੇ ਸਿਆਸੀ ਪ੍ਰਭਾਵ ਹੋਣ ਦੇ ਬਾਵਜੂਦ ਟਕਸਾਲ ਨੇ ਕਦੇ ਵੀ ਸਿੱਧੇ ਤੌਰ ’ਤੇ ਚੋਣ ਮੈਦਾਨ ਵਿੱਚ ਉਤਰ ਕੇ ਚੋਣ ਨਹੀਂ ਲੜੀ।

ਪਿਛਲੇ ਕੁਝ ਸਮੇਂ ਤੋਂ ਦਮਦਮੀ ਟਕਸਾਲ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਕਾਰ ਵੀ ਕਈ ਮੁੱਦਿਆਂ ਨੂੰ ਲੈ ਕੇ ਮਤਭੇਦ ਸਾਹਮਣੇ ਆਏ ਹਨ। ਖਾਸ ਤੌਰ ’ਤੇ ਜਥੇਦਾਰਾਂ ਦੀ ਨਿਯੁਕਤੀ ਦੇ ਮਾਮਲੇ ਨੂੰ ਲੈ ਕੇ ਦੋਵਾਂ ਧਿਰਾਂ ਦੇ ਰੁਖ ਵਿੱਚ ਅੰਤਰ ਦਿਖਾਈ ਦਿੱਤਾ ਹੈ। ਹਰਨਾਮ ਸਿੰਘ ਧੁੰਮਾ ਵੱਲੋਂ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਪ੍ਰਵਾਨ ਨਾ ਕਰਨ ਦਾ ਮਾਮਲਾ ਵੀ ਇਸੇ ਸੰਦਰਭ ਵਿੱਚ ਚਰਚਾ ਵਿੱਚ ਰਿਹਾ ਹੈ।

ਇਸ ਤਰ੍ਹਾਂ ‘ਦਮਦਮੀ ਟਕਸਾਲ ਸੇਵਕ ਜਥਾ’ ਦੇ ਗਠਨ ਨੇ ਪੰਜਾਬ ਦੀ ਸਿਆਸਤ ਅਤੇ ਪੰਥਕ ਹਲਕਿਆਂ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਇੱਕ ਪਾਸੇ ਟਕਸਾਲ ਇਸ ਨੂੰ ਧਾਰਮਿਕ, ਸਮਾਜਿਕ ਅਤੇ ਜਾਗਰੂਕਤਾ ਨਾਲ ਜੁੜੀਆਂ ਗਤੀਵਿਧੀਆਂ ਲਈ ਬਣਾਇਆ ਗਿਆ ਜਥਾ ਦੱਸ ਰਹੀ ਹੈ, ਜਦਕਿ ਦੂਜੇ ਪਾਸੇ ਇਸ ਦੇ ਸਿਆਸੀ ਢਾਂਚੇ ਅਤੇ ਹਾਲੀਆ ਸਿਆਸੀ ਸਰਗਰਮੀਆਂ ਨੂੰ ਦੇਖਦਿਆਂ ਭਵਿੱਖ ਵਿੱਚ ਇਸ ਦੀ ਭੂਮਿਕਾ ਨੂੰ ਲੈ ਕੇ ਕਈ ਤਰ੍ਹਾਂ ਦੇ ਸਵਾਲ ਉੱਠ ਰਹੇ ਹਨ।

## ਹੜਤਾਲੀ ਮੁਲਾਜ਼ਮਾਂ ਨੂੰ ਛੰ ਮਾਨ ਦੀ ਦੋ-ਟੁੱਕ: ਪਹਿਲਾਂ ਹੜਤਾਲ ਖ਼ਤਮ ਕਰੋ, ਫਿਰ ਹੋਵੇਗੀ ਗੱਲਬਾਤ

### ਪੰਜਾਬ ਭਰ ਦੇ ਸਰਕਾਰੀ ਦਫ਼ਤਰਾਂ ਵਿੱਚ ਕੰਮਕਾਜ ਠੱਪ; ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਰੋਸ ਰੈਲੀਆਂ, ਮੰਗਾਂ ਨਾ ਮੰਨੇ ਜਾਣ ’ਤੇ ਸੰਘਰਸ਼ ਹੋਰ ਤਿੱਖਾ ਕਰਨ ਦੀ ਚਿਤਾਵਨੀ



**ਚੰਡੀਗੜ੍ਹ** – ਪੰਜਾਬ ਵਿੱਚ ਆਪਣੀਆਂ ਮੰਗਾਂ ਨੂੰ ਲੈ ਕੇ ਹੜਤਾਲ ’ਤੇ ਗਏ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਖ਼ਤ ਸੁਨੇਹਾ ਦਿੱਤਾ ਹੈ। ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਸਰਕਾਰ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ’ਤੇ ਗੱਲਬਾਤ ਕਰਨ ਲਈ ਤਿਆਰ ਹੈ, ਪਰ ਹੜਤਾਲ ਜਾਰੀ ਰਹਿਣ ਦੌਰਾਨ ਗੱਲਬਾਤ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਪਹਿਲਾਂ ਹੜਤਾਲ ਖ਼ਤਮ ਕੀਤੀ ਜਾਵੇ ਅਤੇ ਇਸ ਤੋਂ ਬਾਅਦ ਹੀ ਮੁਲਾਜ਼ਮ ਜਥੇਬੰਦੀਆਂ ਨਾਲ ਗੱਲਬਾਤ ਕੀਤੀ ਜਾਵੇਗੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਐਕਸ ਅਕਾਊਂਟ ’ਤੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਮੁਲਾਜ਼ਮ ਸਰਕਾਰ ਅਤੇ ਸਮਾਜ ਦਾ ਅਹਿਮ ਹਿੱਸਾ ਹਨ ਅਤੇ ਸਰਕਾਰ ਉਨ੍ਹਾਂ ਦੀ ਹਰ ਜਾਇਜ਼ ਗੱਲ ਸੁਣਨ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਸਰਕਾਰ ਹਰ ਮਸਲੇ ਦਾ ਹੱਲ ਕੱਢਣ ਲਈ ਵਚਨਬੱਧ ਹੈ, ਪਰ ਗੱਲਬਾਤ ਅਤੇ ਹੜਤਾਲ ਦੋਵੇਂ ਇੱਕੋ ਸਮੇਂ ਨਹੀਂ ਚੱਲ ਸਕਦੇ।

ਮੁੱਖ ਮੰਤਰੀ ਨੇ ਆਪਣੇ ਸੁਨੇਹੇ ਵਿੱਚ ਕਿਹਾ ਕਿ ਜਦੋਂ ਮੁਲਾਜ਼ਮ ਹੜਤਾਲ ਖ਼ਤਮ ਕਰਨਗੇ, ਉਸ ਤੋਂ ਬਾਅਦ ਉਨ੍ਹਾਂ ਦੀਆਂ ਮੰਗਾਂ ਅਤੇ ਮੁੱਦਿਆਂ ’ਤੇ ਗੱਲਬਾਤ ਕੀਤੀ ਜਾਵੇਗੀ। ਉਨ੍ਹਾਂ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ’ਤੇ ਵਿਚਾਰ ਕਰਨ ਦਾ ਭਰੋਸਾ ਵੀ ਦਿੱਤਾ।

**ਪੰਜਾਬ ਸਿਵਲ ਸਕੱਤਰੇਤ ਵਿੱਚ ਕੰਮਕਾਜ ਠੱਪ**

ਦੂਜੇ ਪਾਸੇ ਪੰਜਾਬ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਸਾਂਝੇ ਮੰਚ ਅਤੇ ਫਰੰਟ ਵੱਲੋਂ ਦਿੱਤੇ ਸੱਦੇ ਤਹਿਤ ਅੱਜ ਸੂਬੇ ਦੇ ਸਰਕਾਰੀ ਦਫ਼ਤਰਾਂ ਵਿੱਚ ਕੰਮਕਾਜ ਮੁਕੰਮਲ ਤੌਰ ’ਤੇ ਬੰਦ ਰੱਖਿਆ ਗਿਆ। ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਵੱਖ-ਵੱਖ ਦਫ਼ਤਰਾਂ ਵਿੱਚ ਰੋਸ ਰੈਲੀਆਂ ਕਰਕੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਪੰਜਾਬ ਸਿਵਲ ਸਕੱਤਰੇਤ ਵਿੱਚ ਵੀ ਮੁਲਾਜ਼ਮਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਮੰਤਰੀਆਂ ਦਾ ਸਮੁੱਚਾ ਸਟਾਫ ਵੀ ਰੈਲੀ ਵਿੱਚ ਸ਼ਾਮਲ ਹੋਇਆ। ਮੁਲਾਜ਼ਮਾਂ ਨੇ ਸਮੂਹਿਕ ਛੁੱਟੀ ਲੈ ਕੇ ਆਪਣੇ ਰੋਸ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ।

ਚੰਡੀਗੜ੍ਹ ਦੇ ਸੈਕਟਰ-17 ਵਿੱਚ ਪੁਲ ਦੇ ਹੇਠਾਂ ਵੱਖ-ਵੱਖ ਡਾਇਰੈਕਟੋਰੇਟਾਂ ਦੇ ਮੁਲਾਜ਼ਮਾਂ ਵੱਲੋਂ ਰੋਸ ਰੈਲੀਆਂ ਕੀਤੀਆਂ ਗਈਆਂ। ਇਸੇ ਤਰ੍ਹਾਂ ਸੈਕਟਰ-17 ਸਥਿਤ ਉਦਯੋਗ ਭਵਨ ਵਿੱਚ ਪੀ.ਐੱਸ.ਆਈ.ਈ.ਸੀ. ਸਟਾਫ ਐਸੋਸੀਏਸ਼ਨ ਵੱਲੋਂ ਵੀ ਰੋਸ ਪ੍ਰਦਰਸ਼ਨ ਕੀਤਾ ਗਿਆ।

**ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਹੋਰ ਤਿੱਖਾ ਕਰਨ ਦੀ ਚਿਤਾਵਨੀ**

ਸਕੱਤਰੇਤ ਵਿੱਚ ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਮੁਲਾਜ਼ਮ ਆਗੂਆਂ ਨੇ ਕਿਹਾ ਕਿ ਉਹ ਆਪਣੀਆਂ ਮੰਗਾਂ ਨੂੰ ਲੈ ਕੇ ਲੰਮੇ ਸਮੇਂ ਤੋਂ ਸਰਕਾਰ ਨਾਲ ਗੱਲਬਾਤ ਦੀ ਕੋਸ਼ਿਸ਼ ਕਰ ਰਹੇ ਹਨ। ਆਗੂਆਂ ਨੇ ਕਿਹਾ ਕਿ ਜੇਕਰ ਅੱਜ ਮੁੱਖ ਮੰਤਰੀ ਨਾਲ ਤਾਲਮੇਲ ਕਮੇਟੀ ਦੀ ਤੈਅ ਮੀਟਿੰਗ ਦੌਰਾਨ ਉਨ੍ਹਾਂ ਦੀਆਂ ਮੰਗਾਂ ਦਾ ਕੋਈ ਠੋਸ ਹੱਲ ਨਹੀਂ ਨਿਕਲਦਾ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

ਮੁਲਾਜ਼ਮ ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ ਇਸ ਦਾ ਸਿਆਸੀ ਖ਼ਮਿਆਜ਼ਾ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਭੁਗਤਣਾ ਪਵੇਗਾ। ਉਨ੍ਹਾਂ ਕਿਹਾ ਕਿ ਮੁਲਾਜ਼ਮ ਅਤੇ ਪੈਨਸ਼ਨਰ ਆਪਣੀਆਂ ਮੰਗਾਂ ਦੀ ਪੂਰਤੀ ਲਈ ਸੰਘਰਸ਼ ਜਾਰੀ ਰੱਖਣਗੇ।

**ਮੀਟਿੰਗ ਲਈ ਮੁਲਾਜ਼ਮ ਆਗੂ ਜਲੰਧਰ ਪਹੁੰਚੇ**

ਮੁੱਖ ਮੰਤਰੀ ਦਫ਼ਤਰ ਵੱਲੋਂ ਜਥੇਬੰਦੀਆਂ ਨਾਲ ਕੀਤੀ ਜਾਣ ਵਾਲੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਮੁਲਾਜ਼ਮ ਆਗੂ ਸੁਖਚੈਨ ਸਿੰਘ ਖਹਿਰਾ, ਸੁਸ਼ੀਲ ਕੁਮਾਰ ਫੌਜੀ ਅਤੇ ਸਾਹਿਲ ਸ਼ਰਮਾ ਵੀ ਸਿਵਲ ਸਕੱਤਰੇਤ ਚੰਡੀਗੜ੍ਹ ਤੋਂ ਜਲੰਧਰ ਪਹੁੰਚ ਗਏ ਹਨ।

ਹੁਣ ਸਭ ਦੀਆਂ ਨਜ਼ਰਾਂ ਮੁੱਖ ਮੰਤਰੀ ਅਤੇ ਮੁਲਾਜ਼ਮ ਜਥੇਬੰਦੀਆਂ ਵਿਚਾਲੇ ਹੋਣ ਵਾਲੀ ਮੀਟਿੰਗ ’ਤੇ ਟਿਕੀਆਂ ਹਨ। ਇੱਕ ਪਾਸੇ ਸਰਕਾਰ ਨੇ ਹੜਤਾਲ ਖ਼ਤਮ ਹੋਣ ਤੋਂ ਬਾਅਦ ਹੀ ਗੱਲਬਾਤ ਦੀ ਸ਼ਰਤ ਰੱਖੀ ਹੈ, ਜਦਕਿ ਦੂਜੇ ਪਾਸੇ ਮੁਲਾਜ਼ਮ ਜਥੇਬੰਦੀਆਂ ਆਪਣੀਆਂ ਮੰਗਾਂ ’ਤੇ ਠੋਸ ਫ਼ੈਸਲੇ ਦੀ ਮੰਗ ਕਰ ਰਹੀਆਂ ਹਨ। ਇਸ ਕਾਰਨ ਆਉਣ ਵਾਲੀ ਮੀਟਿੰਗ ਪੰਜਾਬ ਵਿੱਚ ਚੱਲ ਰਹੇ ਮੁਲਾਜ਼ਮ ਅੰਦੋਲਨ ਦੀ ਅਗਲੀ ਦਿਸ਼ਾ ਤੈਅ ਕਰਨ ਵਿੱਚ ਅਹਿਮ ਮੰਨੀ ਜਾ ਰਹੀ ਹੈ।

## ਪੰਜਾਬ ’ਚ ਹੜਤਾਲੀ ਮੁਲਾਜ਼ਮਾਂ ’ਤੇ ਸਰਕਾਰ ਦੀ ਸਖ਼ਤੀ, ਗੈਰਹਾਜ਼ਰ ਕਰਮਚਾਰੀਆਂ ਦੀਆਂ ਸੂਚੀਆਂ ਤਲਬ

### ਡਿਊਟੀ ਤੋਂ ਬਿਨਾਂ ਮਨਜ਼ੂਰੀ ਗੈਰਹਾਜ਼ਰ ਰਹਿਣ ਵਾਲਿਆਂ ਖ਼ਿਲਾਫ਼ ਕਾਰਵਾਈ ਦੇ ਸੰਕੇਤ; ਮੁੱਖ ਮੰਤਰੀ ਮਾਨ ਨੇ ਮੁਲਾਜ਼ਮਾਂ ਨਾਲ ਮੀਟਿੰਗ ਨਹੀਂ ਕੀਤੀ, ਦੋਵਾਂ ਧਿਰਾਂ ਵਿਚਾਲੇ ਟਕਰਾਅ ਵਧਣ ਦੇ ਆਸਾਰ



**ਚੰਡੀਗੜ੍ਹ** – ਪੰਜਾਬ ਵਿੱਚ ਸਰਕਾਰੀ ਮੁਲਾਜ਼ਮਾਂ ਦੀ ਹੜਤਾਲ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣਾ ਰੁਖ਼ ਹੋਰ ਸਖ਼ਤ ਕਰ ਲਿਆ ਹੈ। ਸੂਬੇ ਵਿੱਚ ਹੜਤਾਲ ਦੌਰਾਨ ਡਿਊਟੀ ਤੋਂ ਗੈਰਹਾਜ਼ਰ ਰਹਿਣ ਵਾਲੇ ਮੁਲਾਜ਼ਮਾਂ ਦੀਆਂ ਸੂਚੀਆਂ ਸਰਕਾਰ ਵੱਲੋਂ ਤਲਬ ਕੀਤੀਆਂ ਗਈਆਂ ਹਨ। ਪ੍ਰਸ਼ਾਸਕੀ ਸਕੱਤਰਾਂ ਅਤੇ ਵਿਭਾਗੀ ਮੁਖੀਆਂ ਤੋਂ ਗੈਰਹਾਜ਼ਰ ਰਹਿਣ ਵਾਲੇ ਮੁਲਾਜ਼ਮਾਂ ਦਾ ਰਿਕਾਰਡ ਮੰਗਿਆ ਗਿਆ ਹੈ। ਸਰਕਾਰ ਵੱਲੋਂ ਅਜਿਹੇ ਮੁਲਾਜ਼ਮਾਂ ਖ਼ਿਲਾਫ਼ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੇ ਜਾਣ ਦੇ ਸੰਕੇਤ ਦਿੱਤੇ ਗਏ ਹਨ।

ਸਰਕਾਰ ਦਾ ਤਰਕ ਹੈ ਕਿ ਮੁਲਾਜ਼ਮਾਂ ਦੀ ਹੜਤਾਲ ਕਾਰਨ ਸਰਕਾਰੀ ਦਫ਼ਤਰਾਂ ਵਿੱਚ ਕੰਮਕਾਜ ਪ੍ਰਭਾਵਿਤ ਹੋਇਆ ਅਤੇ ਆਮ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਲੋਕਾਂ ਨੂੰ ਹੋ ਰਹੀ ਪ੍ਰੇਸ਼ਾਨੀ ਅਤੇ ਸਰਕਾਰੀ ਕੰਮਕਾਜ ਵਿੱਚ ਪੈਦਾ ਹੋਏ ਵਿਘਨ ਨੂੰ ਧਿਆਨ ਵਿੱਚ ਰੱਖਦਿਆਂ ਸਰਕਾਰ ਨੇ ਹੁਣ ਹੜਤਾਲ ਵਿੱਚ ਸ਼ਾਮਲ ਹੋਏ ਮੁਲਾਜ਼ਮਾਂ ਦੀ ਹਾਜ਼ਰੀ ਅਤੇ ਗੈਰਹਾਜ਼ਰੀ ਦਾ ਰਿਕਾਰਡ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ ਹੈ।

**ਮੁੱਖ ਮੰਤਰੀ ਨਾਲ ਮੀਟਿੰਗ ਨਾ ਹੋਣ ਕਾਰਨ ਮੁਲਾਜ਼ਮ ਨਾਰਾਜ਼**

ਇਸ ਦੌਰਾਨ ਇਹ ਵੀ ਜਾਣਕਾਰੀ ਸਾਹਮਣੇ ਆਈ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਹੜਤਾਲ ਖ਼ਤਮ ਕਰਕੇ ਗੱਲਬਾਤ ਕਰਨ ਸਬੰਧੀ ਸੁਨੇਹਾ ਦਿੱਤੇ ਜਾਣ ਤੋਂ ਬਾਅਦ ਮੁਲਾਜ਼ਮ ਆਗੂ ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਲਈ ਪਹੁੰਚੇ ਸਨ। ਹਾਲਾਂਕਿ ਮੁੱਖ ਮੰਤਰੀ ਵੱਲੋਂ ਉਨ੍ਹਾਂ ਨੂੰ ਮਿਲਣ ਲਈ ਸਮਾਂ ਨਾ ਦਿੱਤੇ ਜਾਣ ਕਾਰਨ ਮੁਲਾਜ਼ਮ ਆਗੂਆਂ ਵਿੱਚ ਰੋਸ ਪੈਦਾ ਹੋ ਗਿਆ।

ਮੁਲਾਜ਼ਮ ਜਥੇਬੰਦੀਆਂ ਦਾ ਕਹਿਣਾ ਹੈ ਕਿ ਉਹ ਆਪਣੇ ਬਣਦੇ ਹੱਕਾਂ ਦੀ ਮੰਗ ਕਰ ਰਹੇ ਹਨ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਲੈ ਕੇ ਸਰਕਾਰ ਨੂੰ ਗੱਲਬਾਤ ਦਾ ਰਾਹ ਅਪਣਾਉਣਾ ਚਾਹੀਦਾ ਹੈ। ਮੁਲਾਜ਼ਮਾਂ ਨੇ ਇਹ ਵੀ ਦਲੀਲ ਦਿੱਤੀ ਕਿ ਅਦਾਲਤ ਵੱਲੋਂ ਉਨ੍ਹਾਂ ਦੇ ਹੱਕ ਵਿੱਚ ਫ਼ੈਸਲੇ ਆਉਣ ਦੇ ਬਾਵਜੂਦ ਉਨ੍ਹਾਂ ਨਾਲ ਮੁਲਾਜ਼ਮ ਪੱਖੀ ਢੰਗ ਨਾਲ ਗੱਲਬਾਤ ਨਹੀਂ ਕੀਤੀ ਜਾ ਰਹੀ।

**ਛੰ ਮਾਨ ਪਹਿਲਾਂ ਹੀ ਦੇ ਚੁੱਕੇ ਸਨ ਸਖ਼ਤ ਸੰਦੇਸ਼**

ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਭਰ ਵਿੱਚ ਹੜਤਾਲ ’ਤੇ ਗਏ ਮੁਲਾਜ਼ਮਾਂ ਨੂੰ ਸਖ਼ਤ ਸੁਨੇਹਾ ਦਿੰਦਿਆਂ ਕਿਹਾ ਸੀ ਕਿ ਹੜਤਾਲ ਅਤੇ ਗੱਲਬਾਤ ਇੱਕੋ ਸਮੇਂ ਨਹੀਂ ਚੱਲ ਸਕਦੀਆਂ। ਆਪਣੇ ਐਕਸ ਅਕਾਊਂਟ ’ਤੇ ਜਾਰੀ ਕੀਤੇ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਸੀ ਕਿ ਮੁਲਾਜ਼ਮ ਸਰਕਾਰ ਦੇ ਪਰਿਵਾਰ ਦਾ ਅਹਿਮ ਹਿੱਸਾ ਹਨ ਅਤੇ ਸਰਕਾਰ ਉਨ੍ਹਾਂ ਦੀ ਹਰ ਜਾਇਜ਼ ਗੱਲ ਸੁਣਨ ਲਈ ਤਿਆਰ ਹੈ।

ਮੁੱਖ ਮੰਤਰੀ ਨੇ ਕਿਹਾ ਸੀ ਕਿ ਸਰਕਾਰ ਹਰ ਮਸਲੇ ਦਾ ਹੱਲ ਕੱਢਣ ਲਈ ਵਚਨਬੱਧ ਹੈ, ਪਰ ਗੱਲਬਾਤ ਉਦੋਂ ਹੀ ਹੋਵੇਗੀ ਜਦੋਂ ਹੜਤਾਲ ਖ਼ਤਮ ਕੀਤੀ ਜਾਵੇਗੀ। ਉਨ੍ਹਾਂ ਨੇ ਮੁਲਾਜ਼ਮਾਂ ਨੂੰ ਹੜਤਾਲ ਖ਼ਤਮ ਕਰਕੇ ਗੱਲਬਾਤ ਦੀ ਮੇਜ਼ ’ਤੇ ਆਉਣ ਦਾ ਸੰਕੇਤ ਦਿੱਤਾ ਸੀ।

**ਸਰਕਾਰੀ ਦਫ਼ਤਰਾਂ ਵਿੱਚ ਕੰਮਕਾਜ ਰਿਹਾ ਪ੍ਰਭਾਵਿਤ**

ਦੂਜੇ ਪਾਸੇ ਪੰਜਾਬ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਸਾਂਝੇ ਮੰਚ ਅਤੇ ਫਰੰਟ ਦੇ ਸੱਦੇ ’ਤੇ ਸੂਬੇ ਦੇ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਹੜਤਾਲ ਕਰਕੇ ਰੋਸ ਪ੍ਰਦਰਸ਼ਨ ਕੀਤੇ ਗਏ। ਕਈ ਸਰਕਾਰੀ ਦਫ਼ਤਰਾਂ ਵਿੱਚ ਕੰਮਕਾਜ ਬੰਦ ਰਿਹਾ ਅਤੇ ਮੁਲਾਜ਼ਮਾਂ ਨੇ ਆਪਣੀਆਂ ਮੰਗਾਂ ਦੇ ਹੱਕ ਵਿੱਚ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

ਇਸ ਦੌਰਾਨ ਮੁਲਾਜ਼ਮਾਂ ਵੱਲੋਂ ਵੱਖ-ਵੱਖ ਥਾਵਾਂ ’ਤੇ ਰੋਸ ਰੈਲੀਆਂ ਵੀ ਕੀਤੀਆਂ ਗਈਆਂ। ਜਥੇਬੰਦੀਆਂ ਦਾ ਕਹਿਣਾ ਹੈ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ’ਤੇ ਸਰਕਾਰ ਵੱਲੋਂ ਕੋਈ ਠੋਸ ਹੱਲ ਨਹੀਂ ਕੱਢਿਆ ਜਾਂਦਾ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾ ਸਕਦਾ ਹੈ।

**ਪਰਸੋਨਲ ਵਿਭਾਗ ਦੇ ਹੁਕਮ ਨਾਲ ਸਰਕਾਰ ਦੇ ਰੁਖ਼ ਦੇ ਸੰਕੇਤ**

ਸਰਕਾਰ ਦੇ ਸਖ਼ਤ ਰੁਖ਼ ਦਾ ਸੰਕੇਤ ਪਰਸੋਨਲ ਵਿਭਾਗ ਵੱਲੋਂ ਜਾਰੀ ਕੀਤੇ ਗਏ ਸਰਕਾਰੀ ਹੁਕਮ ਤੋਂ ਵੀ ਮਿਲਦਾ ਹੈ। ਇਸ ਪੱਤਰ ਵਿੱਚ ਸਰਕਾਰ ਨੂੰ ਮਿਲੀਆਂ ਸ਼ਿਕਾਇਤਾਂ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਹੈ ਕਿ ਮੁਲਾਜ਼ਮਾਂ ਦੀ ਦਫ਼ਤਰਾਂ ਵਿੱਚ ਗੈਰਹਾਜ਼ਰੀ ਕਾਰਨ ਆਮ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਸਾਰੇ ਪ੍ਰਸ਼ਾਸਕੀ ਸਕੱਤਰਾਂ ਅਤੇ ਵਿਭਾਗੀ ਮੁਖੀਆਂ ਨੂੰ ਹੜਤਾਲ ਜਾਂ ਹੋਰ ਕਾਰਨਾਂ ਕਰਕੇ ਡਿਊਟੀ ਤੋਂ ਗੈਰਹਾਜ਼ਰ ਰਹਿਣ ਵਾਲੇ ਮੁਲਾਜ਼ਮਾਂ ਦੀਆਂ ਸੂਚੀਆਂ ਤਿਆਰ ਕਰਨ ਲਈ ਕਿਹਾ ਹੈ। ਸਰਕਾਰ ਵੱਲੋਂ ਅੱਜ ਦਫ਼ਤਰੀ ਸਮਾਂ ਖ਼ਤਮ ਹੋਣ ਤੋਂ ਬਾਅਦ ਇਹ ਸੂਚੀਆਂ ਆਮ ਰਾਜ ਪ੍ਰਬੰਧ ਵਿਭਾਗ ਨੂੰ ਸੌਂਪਣ ਲਈ ਕਿਹਾ ਗਿਆ ਹੈ।

**ਕਰੀਬ ਸਾਢੇ 7 ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਜੁੜਿਆ ਮਾਮਲਾ**

ਆਪਣੀਆਂ ਮੰਗਾਂ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਗਿਣਤੀ ਕਰੀਬ ਸਾਢੇ 7 ਲੱਖ ਦੱਸੀ ਜਾ ਰਹੀ ਹੈ। ਇਸ ਲਈ ਸਰਕਾਰ ਅਤੇ ਮੁਲਾਜ਼ਮ ਜਥੇਬੰਦੀਆਂ ਵਿਚਾਲੇ ਚੱਲ ਰਿਹਾ ਵਿਵਾਦ ਸਿਆਸੀ ਅਤੇ ਪ੍ਰਸ਼ਾਸਨਿਕ ਦੋਵੇਂ ਪੱਖਾਂ ਤੋਂ ਮਹੱਤਵਪੂਰਨ ਬਣ ਗਿਆ ਹੈ।

ਸਰਕਾਰ ਦੇ ਤਾਜ਼ਾ ਕਦਮਾਂ ਨੂੰ ਦੇਖਦਿਆਂ ਆਉਣ ਵਾਲੇ ਦਿਨਾਂ ਵਿੱਚ ਮੁਲਾਜ਼ਮਾਂ ਅਤੇ ਸਰਕਾਰ ਵਿਚਾਲੇ ਟਕਰਾਅ ਹੋਰ ਵਧਣ ਦੇ ਆਸਾਰ ਹਨ। ਖ਼ਾਸ ਤੌਰ ’ਤੇ ਇਸ ਲਈ ਵੀ ਕਿ ਪੰਜਾਬ ਵਿੱਚ ਅਗਾਮੀ ਵਿਧਾਨ ਸਭਾ ਚੋਣਾਂ ਹੁਣ ਦੂਰ ਨਹੀਂ ਹਨ ਅਤੇ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਜੁੜਿਆ ਇਹ ਮਸਲਾ ਸਰਕਾਰ ਲਈ ਸਿਆਸੀ ਤੌਰ ’ਤੇ ਵੀ ਅਹਿਮ ਬਣ ਸਕਦਾ ਹੈ।

**2023 ਦੇ ਸਰਕਾਰੀ ਰੁਖ਼ ਨਾਲ ਕੀਤੀ ਜਾ ਰਹੀ ਤੁਲਨਾ**


ਮੌਜੂਦਾ ਹਾਲਾਤ ਦੀ ਤੁਲਨਾ ਸਾਲ 2023 ਵਿੱਚ ਬਣੀ ਸਥਿਤੀ ਨਾਲ ਵੀ ਕੀਤੀ ਜਾ ਰਹੀ ਹੈ। ਉਸ ਸਮੇਂ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦੇ ਸ਼ੁਰੂਆਤੀ ਦੌਰ ਵਿੱਚ ਪੀ.ਸੀ.ਐੱਸ. ਅਧਿਕਾਰੀਆਂ ਨੇ ਵਿਜੀਲੈਂਸ ਬਿਊਰੋ ਦੀ ਇੱਕ ਕਾਰਵਾਈ ਦੇ ਵਿਰੋਧ ਵਿੱਚ ਸਮੂਹਿਕ ਛੁੱਟੀ ’ਤੇ ਜਾਣ ਦੀ ਚਿਤਾਵਨੀ ਦਿੱਤੀ ਸੀ। ਉਸ ਸਮੇਂ ਤਹਿਸੀਲਦਾਰਾਂ ਨੇ ਵੀ ਅਧਿਕਾਰੀਆਂ ਦੇ ਸਮਰਥਨ ਵਿੱਚ ਆਪਣਾ ਰੁਖ਼ ਸਪੱਸ਼ਟ ਕੀਤਾ ਸੀ।

ਉਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਖ਼ਤ ਰੁਖ਼ ਅਪਣਾਉਂਦਿਆਂ ਅਧਿਕਾਰੀਆਂ ਨੂੰ ਕੰਮ ’ਤੇ ਵਾਪਸ ਆਉਣ ਜਾਂ ਫਿਰ ਨਤੀਜੇ ਭੁਗਤਣ ਦੀ ਚਿਤਾਵਨੀ ਦਿੱਤੀ ਸੀ। ਸਰਕਾਰ ਦੇ ਇਸ ਰੁਖ਼ ਤੋਂ ਬਾਅਦ ਉਸ ਸਮੇਂ ਦਾ ਵਿਵਾਦ ਕਾਫ਼ੀ ਹੱਦ ਤੱਕ ਕਾਬੂ ਵਿੱਚ ਆ ਗਿਆ ਸੀ।

ਹਾਲਾਂਕਿ 2023 ਵਿੱਚ ਵਿਰੋਧ ਕਰਨ ਵਾਲੇ ਅਧਿਕਾਰੀਆਂ ਦੀ ਗਿਣਤੀ ਮੁਕਾਬਲਤਨ ਘੱਟ ਸੀ, ਜਦਕਿ ਮੌਜੂਦਾ ਸਮੇਂ ਵਿੱਚ ਹੜਤਾਲ ਨਾਲ ਜੁੜੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਗਿਣਤੀ ਕਾਫ਼ੀ ਵੱਡੀ ਹੈ। ਇਸ ਦੇ ਨਾਲ ਹੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਦੇਖਦਿਆਂ ਸਰਕਾਰ ਅਤੇ ਮੁਲਾਜ਼ਮ ਜਥੇਬੰਦੀਆਂ ਦੋਵਾਂ ਲਈ ਇਹ ਮਾਮਲਾ ਵਕਾਰੀ ਬਣ ਗਿਆ ਹੈ। ਜੇਕਰ ਗੱਲਬਾਤ ਰਾਹੀਂ ਜਲਦੀ ਕੋਈ ਹੱਲ ਨਾ ਨਿਕਲਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਇਹ ਟਕਰਾਅ ਹੋਰ ਤਿੱਖਾ ਹੋ ਸਕਦਾ ਹੈ।

## ਪੰਜਾਬ ਦੇ ਵੱਡੇ ਡੈਮਾਂ ’ਚ ਪਾਣੀ ਦਾ ਪੱਧਰ ਪਿਛਲੇ ਸਾਲ ਨਾਲੋਂ ਹੇਠਾਂ, ਆਮਦ ’ਚ ਵੀ ਵੱਡੀ ਕਮੀ

### ਭਾਖੜਾ, ਪੌਂਗ ਤੇ ਰਣਜੀਤ ਸਾਗਰ ਡੈਮਾਂ ’ਚ ਪਿਛਲੇ ਸਾਲ ਦੇ ਮੁਕਾਬਲੇ ਘੱਟ ਪਾਣੀ; 15 ਸਤੰਬਰ ਤੱਕ ਪਾਣੀ ਭਰਨ ਦਾ ਸੀਜ਼ਨ ਜਾਰੀ ਰਹਿਣ ਦੀ ਉਮੀਦ



**ਚੰਡੀਗੜ੍ਹ** – ਪੰਜਾਬ ਦੇ ਮੁੱਖ ਡੈਮਾਂ ਭਾਖੜਾ, ਪੌਂਗ ਅਤੇ ਰਣਜੀਤ ਸਾਗਰ ਵਿੱਚ ਇਸ ਸਾਲ ਮੌਨਸੂਨ ਦੌਰਾਨ ਪਾਣੀ ਦੀ ਆਮਦ ਪਿਛਲੇ ਸਾਲ ਦੇ ਮੁਕਾਬਲੇ ਘੱਟ ਰਹੀ ਹੈ। ਮੌਨਸੂਨ ਸੀਜ਼ਨ ਆਪਣੇ ਅੰਤ ਵੱਲ ਵਧ ਰਿਹਾ ਹੈ, ਪਰ 27 ਅਗਸਤ ਤੱਕ ਦੇ ਅੰਕੜਿਆਂ ਮੁਤਾਬਕ ਤਿੰਨਾਂ ਪ੍ਰਮੁੱਖ ਡੈਮਾਂ ਵਿੱਚ ਪਾਣੀ ਦਾ ਪੱਧਰ ਪਿਛਲੇ ਸਾਲ ਨਾਲੋਂ ਹੇਠਾਂ ਦਰਜ ਕੀਤਾ ਗਿਆ ਹੈ।

ਇਸ ਕਾਰਨ ਡੈਮਾਂ ਵਿੱਚ ਅਜੇ ਵੀ ਕਾਫ਼ੀ ਖਾਲੀ ਸਮਰੱਥਾ ਮੌਜੂਦ ਹੈ। ਹਾਲਾਂਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਭਭੰਬ) ਦੇ ਸੂਤਰਾਂ ਮੁਤਾਬਕ ਮੌਜੂਦਾ ਪਾਣੀ ਦਾ ਪੱਧਰ ਭਾਈਵਾਲ ਸੂਬਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਹਿਸਾਬ ਨਾਲ ਤਸੱਲੀਬਖ਼ਸ਼ ਹੈ।

**ਭਾਖੜਾ ਡੈਮ ਦਾ ਪੱਧਰ 37 ਫੁੱਟ ਤੋਂ ਵੱਧ ਹੇਠਾਂ**

27 ਅਗਸਤ ਤੱਕ ਭਾਖੜਾ ਰਿਜ਼ਰਵਾਇਰ ਵਿੱਚ ਪਾਣੀ ਦਾ ਪੱਧਰ 1,634.22 ਫੁੱਟ ਦਰਜ ਕੀਤਾ ਗਿਆ ਹੈ। ਇਹ ਪਿਛਲੇ ਸਾਲ ਦੇ ਇਸੇ ਸਮੇਂ ਦੇ ਮੁਕਾਬਲੇ 37.27 ਫੁੱਟ ਘੱਟ ਹੈ। ਮੌਜੂਦਾ ਸਮੇਂ ਭਾਖੜਾ ਡੈਮ ਲਗਭਗ 64 ਫ਼ੀਸਦੀ ਭਰਿਆ ਹੋਇਆ ਹੈ।

ਪਾਣੀ ਦੀ ਆਮਦ ਵਿੱਚ ਵੀ ਇਸ ਸਾਲ ਵੱਡਾ ਫ਼ਰਕ ਦੇਖਣ ਨੂੰ ਮਿਲਿਆ ਹੈ। 27 ਅਗਸਤ ਨੂੰ ਭਾਖੜਾ ਡੈਮ ਵਿੱਚ ਪਾਣੀ ਦੀ ਆਮਦ 30,452 ਕਿਊਸਿਕ ਦਰਜ ਕੀਤੀ ਗਈ, ਜਦਕਿ ਪਿਛਲੇ ਸਾਲ ਇਸੇ ਦਿਨ ਇਹ ਅੰਕੜਾ 58,997 ਕਿਊਸਿਕ ਸੀ। ਇਸ ਤਰ੍ਹਾਂ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਆਮਦ ਕਾਫ਼ੀ ਘੱਟ ਰਹੀ ਹੈ।

**ਪੌਂਗ ਡੈਮ ਵਿੱਚ ਵੀ ਪਾਣੀ ਘੱਟ**

ਪੌਂਗ ਡੈਮ ਦੀ ਸਥਿਤੀ ਵੀ ਇਸੇ ਤਰ੍ਹਾਂ ਦੀ ਹੈ। ਇਸ ਡੈਮ ਵਿੱਚ ਪਾਣੀ ਦਾ ਪੱਧਰ 1,365.67 ਫੁੱਟ ਦਰਜ ਕੀਤਾ ਗਿਆ ਹੈ, ਜੋ ਪਿਛਲੇ ਸਾਲ ਦੇ ਮੁਕਾਬਲੇ 27.33 ਫੁੱਟ ਘੱਟ ਹੈ।

ਪੌਂਗ ਡੈਮ ਵਿੱਚ 27 ਅਗਸਤ ਨੂੰ ਪਾਣੀ ਦੀ ਆਮਦ 22,202 ਕਿਊਸਿਕ ਰਹੀ। ਪਿਛਲੇ ਸਾਲ ਦੇ ਮੁਕਾਬਲੇ ਪਾਣੀ ਦੀ ਆਮਦ ਵਿੱਚ ਆਈ ਇਹ ਕਮੀ ਮੌਨਸੂਨ ਦੌਰਾਨ ਘੱਟ ਰਹੇ ਪਾਣੀ ਦੇ ਵਹਾਅ ਨੂੰ ਦਰਸਾਉਂਦੀ ਹੈ।

**ਰਣਜੀਤ ਸਾਗਰ ਡੈਮ ਦਾ ਪੱਧਰ ਵੀ ਹੇਠਾਂ**

ਰਾਵੀ ਦਰਿਆ ’ਤੇ ਬਣੇ ਰਣਜੀਤ ਸਾਗਰ ਡੈਮ ਵਿੱਚ ਵੀ ਪਿਛਲੇ ਸਾਲ ਦੇ ਮੁਕਾਬਲੇ ਪਾਣੀ ਦਾ ਪੱਧਰ ਘੱਟ ਦਰਜ ਕੀਤਾ ਗਿਆ ਹੈ। ਇਸ ਵਾਰ ਇੱਥੇ ਪਾਣੀ ਦਾ ਪੱਧਰ 12.27 ਮੀਟਰ ਘੱਟ ਹੈ।

ਰਣਜੀਤ ਸਾਗਰ ਡੈਮ ਵਿੱਚ ਵੀ ਪਾਣੀ ਦੀ ਆਮਦ ਕਾਫ਼ੀ ਘੱਟ ਰਹੀ। 27 ਅਗਸਤ ਨੂੰ ਇੱਥੇ 7,073 ਕਿਊਸਿਕ ਪਾਣੀ ਦੀ ਆਮਦ ਦਰਜ ਕੀਤੀ ਗਈ।

**ਮੌਜੂਦਾ ਪੱਧਰ ਨੂੰ ਭਭੰਬ ਨੇ ਦੱਸਿਆ ਤਸੱਲੀਬਖ਼ਸ਼**

ਤਿੰਨਾਂ ਡੈਮਾਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਪਾਣੀ ਦਾ ਪੱਧਰ ਘੱਟ ਹੋਣ ਦੇ ਬਾਵਜੂਦ ਭਭੰਬ ਦੇ ਸੂਤਰਾਂ ਦਾ ਕਹਿਣਾ ਹੈ ਕਿ ਮੌਜੂਦਾ ਪਾਣੀ ਦੀ ਸਥਿਤੀ ਭਾਈਵਾਲ ਸੂਬਿਆਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਤਸੱਲੀਬਖ਼ਸ਼ ਹੈ।

ਅਧਿਕਾਰੀਆਂ ਮੁਤਾਬਕ ਪਿਛਲੇ ਇੱਕ ਦਹਾਕੇ ਦੌਰਾਨ ਭਾਖੜਾ ਡੈਮ ਦਾ ਪਾਣੀ ਦਾ ਪੱਧਰ ਕਦੇ ਵੀ 1,550 ਫੁੱਟ ਤੋਂ ਹੇਠਾਂ ਨਹੀਂ ਗਿਆ। ਇਸ ਸਾਲ ਜੇਕਰ ਪਾਣੀ ਦਾ ਪੱਧਰ ਇਸ ਹੱਦ ਤੋਂ ਹੇਠਾਂ ਆਉਂਦਾ ਹੈ ਤਾਂ ਇਸ ਨੂੰ ਡੈਮ ਦੇ ਢਾਂਚੇ ਦੇ ਨਜ਼ਰੀਏ ਤੋਂ ਵੀ ਇੱਕ ਰਾਹਤ ਵਾਲੀ ਸਥਿਤੀ ਮੰਨਿਆ ਜਾ ਸਕਦਾ ਹੈ।

**15 ਸਤੰਬਰ ਤੱਕ ਮੀਂਹ ਦੀ ਉਮੀਦ**

ਅਧਿਕਾਰੀਆਂ ਮੁਤਾਬਕ ਡੈਮਾਂ ਵਿੱਚ ਪਾਣੀ ਭਰਨ ਦਾ ਮੌਜੂਦਾ ਸੀਜ਼ਨ 15 ਸਤੰਬਰ ਤੱਕ ਜਾਰੀ ਰਹਿਣ ਦੀ ਉਮੀਦ ਹੈ। ਇਸ ਲਈ ਆਉਣ ਵਾਲੇ ਹਫ਼ਤੇ ਡੈਮਾਂ ਲਈ ਅਹਿਮ ਰਹਿਣਗੇ।

ਅਧਿਕਾਰੀ ਉਮੀਦ ਕਰ ਰਹੇ ਹਨ ਕਿ ਬਾਕੀ ਰਹਿੰਦੇ ਮੌਨਸੂਨ ਦਿਨਾਂ ਦੌਰਾਨ ਪੰਜਾਬ ਅਤੇ ਡੈਮਾਂ ਦੇ ਕੈਚਮੈਂਟ ਖੇਤਰਾਂ ਵਿੱਚ ਚੰਗੀ ਬਾਰਿਸ਼ ਹੋਵੇਗੀ। ਜੇਕਰ ਆਉਣ ਵਾਲੇ ਹਫ਼ਤਿਆਂ ਵਿੱਚ ਮੀਂਹ ਵਧਦਾ ਹੈ ਤਾਂ ਡੈਮਾਂ ਵਿੱਚ ਪਾਣੀ ਦੀ ਆਮਦ ਵਿੱਚ ਵੀ ਸੁਧਾਰ ਆ ਸਕਦਾ ਹੈ ਅਤੇ ਮੌਜੂਦਾ ਕਮੀ ਨੂੰ ਕੁਝ ਹੱਦ ਤੱਕ ਪੂਰਾ ਕੀਤਾ ਜਾ ਸਕਦਾ ਹੈ।

# ਨੇਪਾਲ 'ਚ ਹੜ੍ਹਾਂ ਨੇ ਮਚਾਈ ਭਾਰੀ ਤਬਾਹੀ, 538 ਮੌਤਾਂ; 288 ਭਾਰਤੀਆਂ ਸਮੇਤ ਕਰੀਬ 500 ਲੋਕ ਲਾਪਤਾ

## ਤਿੱਬਤ ਸਰਹੱਦ ਨੇੜੇ ਅਚਾਨਕ ਆਏ ਹੜ੍ਹਾਂ ਨਾਲ ਪੁਲ ਅਤੇ ਹਾਈਡ੍ਰੋਪਾਵਰ ਪ੍ਰਾਜੈਕਟ ਤਬਾਹ; ਭਾਰਤੀ ਦੂਤਾਵਾਸ ਨੇ ਐਮਰਜੈਂਸੀ ਨੰਬਰ ਕੀਤੇ ਜਾਰੀ

## ਤਾਮਿਲਨਾਡੂ ਦੇ 21 ਲੋਕਾਂ ਨੂੰ ਬਚਾਇਆ ਗਿਆ: ਵਿਦੇਸ਼ ਮੰਤਰਾਲਾ

**ਕਾਠਮੰਡੂ**–ਨੇਪਾਲ ਵਿੱਚ ਤਿੱਬਤ ਦੀ ਸਰਹੱਦ ਨਾਲ ਲੱਗਦੇ ਮੱਧ ਅਤੇ ਉੱਤਰੀ ਇਲਾਕਿਆਂ ਵਿੱਚ ਬੁੱਧਵਾਰ ਸਵੇਰੇ ਅਚਾਨਕ ਆਏ ਭਿਆਨਕ ਹੜ੍ਹਾਂ ਨੇ ਵੱਡੀ ਤਬਾਹੀ ਮਚਾ ਦਿੱਤੀ। ਹੜ੍ਹਾਂ ਅਤੇ ਇਸ ਨਾਲ ਆਏ ਮਲਬੇ ਕਾਰਨ ਹੁਣ ਤੱਕ 538 ਲੋਕਾਂ ਦੀ ਮੌਤ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ, ਜਦਕਿ ਕਰੀਬ 500 ਲੋਕ ਲਾਪਤਾ ਦੱਸੇ ਜਾ ਰਹੇ ਹਨ। ਲਾਪਤਾ ਲੋਕਾਂ ਵਿੱਚ 288 ਭਾਰਤੀ ਨਾਗਰਿਕ ਅਤੇ 37 ਪਰਵਾਸੀ ਭਾਰਤੀ ਵੀ ਸ਼ਾਮਲ ਹਨ। ਕੁਦਰਤੀ ਆਫ਼ਤ ਕਾਰਨ ਕਈ ਪਿੰਡਾਂ ਅਤੇ ਸ਼ਹਿਰਾਂ ਵਿੱਚ ਭਾਰੀ ਨੁਕਸਾਨ ਹੋਇਆ ਹੈ।

ਅਧਿਕਾਰੀਆਂ ਮੁਤਾਬਕ ਸਥਾਨਕ ਸਮੇਂ ਅਨੁਸਾਰ ਸਵੇਰੇ ਕਰੀਬ 9 ਵਜੇ ਭੋਟੇ ਕੋਸ਼ੀ ਨਦੀ ਵਿੱਚ ਅਚਾਨਕ ਪਾਣੀ ਦਾ ਪੱਧਰ ਵਧਣ ਨਾਲ ਹੜ੍ਹ ਆ ਗਿਆ। ਇਸ ਦਾ ਸਭ ਤੋਂ ਵੱਧ ਅਸਰ ਤਿੱਬਤ ਦੀ ਸਰਹੱਦ ਨਾਲ ਲੱਗਦੇ ਰਸੁਵਾ ਅਤੇ ਧਾਡਿੰਗ ਜ਼ਿਲ੍ਹਿਆਂ ਵਿੱਚ ਦੇਖਣ ਨੂੰ ਮਿਲਿਆ। ਇਸ ਤੋਂ ਬਾਅਦ ਹੜ੍ਹ ਦਾ ਪਾਣੀ ਧਾਡਿੰਗ, ਨੁਵਾਕੋਟ ਅਤੇ ਚਿਤਵਨ ਸਮੇਤ ਹੋਰ ਇਲਾਕਿਆਂ ਤੱਕ ਵੀ ਫੈਲ ਗਿਆ।

ਅਚਾਨਕ ਆਏ ਹੜ੍ਹ ਕਾਰਨ ਕਈ ਸੜਕਾਂ ਅਤੇ ਸੰਪਰਕ ਮਾਰਗ ਪਾਣੀ ਅਤੇ ਮਲਬੇ ਦੀ ਲਪੇਟ ਵਿੱਚ ਆ ਗਏ। ਘੱਟੋ-ਘੱਟ ਚਾਰ ਪੱਕੇ ਪੁਲ ਅਤੇ ਕਈ ਆਰਜ਼ੀ ਪੁਲ ਨੁਕਸਾਨੇ ਜਾਂ ਰੁੜ੍ਹ ਗਏ ਹਨ। ਇਸ ਕਾਰਨ ਪ੍ਰਭਾਵਿਤ ਇਲਾਕਿਆਂ ਦਾ ਬਾਕੀ ਹਿੱਸਿਆਂ ਨਾਲ ਸੰਪਰਕ ਵੀ ਕਈ ਥਾਵਾਂ 'ਤੇ ਟੁੱਟ ਗਿਆ ਹੈ। ਹੜ੍ਹਾਂ ਦੀ ਲਪੇਟ ਵਿੱਚ ਆਉਣ ਕਾਰਨ ਘੱਟੋ-ਘੱਟ ਇੱਕ ਦਰਜਨ ਹਾਈਡ੍ਰੋਪਾਵਰ ਪ੍ਰਾਜੈਕਟਾਂ ਨੂੰ ਵੀ ਨੁਕਸਾਨ ਪਹੁੰਚਣ ਦੀ ਜਾਣਕਾਰੀ ਹੈ।

ਮੁੱਢਲੀਆਂ ਰਿਪੋਰਟਾਂ ਵਿੱਚ ਸੈਟੇਲਾਈਟ ਤਸਵੀਰਾਂ ਦੇ ਵਿਸ਼ਲੇਸ਼ਣ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਨੇਪਾਲ-ਤਿੱਬਤ ਸਰਹੱਦ ਦੇ ਨੇੜੇ ਪਹਾੜੀ ਚੱਟਾਨਾਂ ਖਿਸਕਣ ਕਾਰਨ ਪਾਣੀ ਦਾ ਵਹਾਅ ਅਚਾਨਕ ਵਧਿਆ ਹੋ ਸਕਦਾ ਹੈ। ਇਹ ਇਲਾਕਾ ਤਿੱਬਤ-ਰਸੁਵਾਗੜ੍ਹੀ ਸਰਹੱਦੀ ਖੇਤਰ ਤੋਂ ਕਰੀਬ 20 ਕਿਲੋਮੀਟਰ ਉੱਤਰ-ਪੂਰਬ ਵੱਲ ਸਥਿਤ ਹੈ।



ਨੇਪਾਲ ਦੀ ਨੈਸ਼ਨਲ ਡਿਜ਼ਾਸਟਰ ਰਿਸਕ ਰਿਡਕਸ਼ਨ ਐਂਡ ਮੈਨੇਜਮੈਂਟ ਅਥਾਰਟੀ ਮੁਤਾਬਕ ਨੇਪਾਲ-ਤਿੱਬਤ ਸਰਹੱਦ 'ਤੇ ਸਥਿਤ ਲੇਂਡੇ ਨਦੀ ਵਿੱਚ ਚੱਟਾਨਾਂ ਖਿਸਕਣ ਅਤੇ ਪਾਣੀ ਦਾ ਪੱਧਰ ਵਧਣ ਕਾਰਨ ਹੜ੍ਹ ਅਤੇ ਮਲਬੇ ਦਾ ਤੇਜ਼ ਵਹਾਅ ਤਿਮੂਰ ਇਲਾਕੇ ਵਿੱਚ ਭੋਟੇ ਕੋਸ਼ੀ ਰਾਹੀਂ ਤ੍ਰਿਸ਼ੂਲੀ ਨਦੀ ਤੱਕ ਪਹੁੰਚ ਗਿਆ। ਇਸ ਕਾਰਨ ਨਦੀ ਦੇ ਆਲੇ-ਦੁਆਲੇ ਦੇ ਕਈ ਇਲਾਕੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ।

ਅਧਿਕਾਰੀਆਂ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਵੱਖ-ਵੱਖ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਲਾਪਤਾ ਲੋਕਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਲਾਪਤਾ ਕਰੀਬ 500 ਲੋਕਾਂ ਵਿੱਚ ਘੱਟੋ-ਘੱਟ 288 ਭਾਰਤੀ ਨਾਗਰਿਕ ਅਤੇ 37 ਐੱਨਆਰਆਈ ਸ਼ਾਮਲ ਹੋਣ ਦੀ ਜਾਣਕਾਰੀ ਹੈ। ਇਸ ਤੋਂ ਇਲਾਵਾ ਨੇਪਾਲ ਦੇ ਸੁਰੱਖਿਆ ਬਲਾਂ ਦੇ ਕਈ ਜਵਾਨ ਵੀ ਲਾਪਤਾ ਹਨ।

ਨੇਪਾਲ ਦੇ ਵਿਦੇਸ਼ ਮੰਤਰੀ ਸ਼ਿਸ਼ਿਰ ਖਨਾਲ ਨੇ ਦੱਸਿਆ ਕਿ ਵੱਖ-ਵੱਖ ਥਾਵਾਂ 'ਤੇ ਨੇਪਾਲ ਦੀ ਫ਼ੌਜ ਦੇ 44 ਜਵਾਨਾਂ ਸਮੇਤ ਕੁੱਲ 80 ਸੁਰੱਖਿਆ ਕਰਮਚਾਰੀਆਂ ਦੇ ਲਾਪਤਾ ਹੋਣ ਦੀ ਜਾਣਕਾਰੀ ਹੈ। ਪ੍ਰਭਾਵਿਤ ਇਲਾਕਿਆਂ ਵਿੱਚ ਸੁਰੱਖਿਆ ਬਲਾਂ ਅਤੇ ਹੋਰ ਬਚਾਅ ਟੀਮਾਂ ਵੱਲੋਂ ਲਾਪਤਾ ਲੋਕਾਂ ਦੀ ਭਾਲ ਅਤੇ ਰਾਹਤ ਕਾਰਜ ਜਾਰੀ ਹਨ।

ਹੜ੍ਹਾਂ ਨਾਲ ਸਭ ਤੋਂ ਵੱਧ ਪ੍ਰਭਾਵਿਤ ਰਸੁਵਾ ਜ਼ਿਲ੍ਹਾ ਦੱਸਿਆ ਜਾ ਰਿਹਾ ਹੈ। ਇਹ ਜ਼ਿਲ੍ਹਾ ਨੇਪਾਲ ਦੀ ਰਾਜਧਾਨੀ ਕਾਠਮਾਂਡੂ ਤੋਂ ਕਰੀਬ 125 ਕਿਲੋਮੀਟਰ ਉੱਤਰ-ਪੂਰਬ ਵਿੱਚ ਤਿੱਬਤ ਸਰਹੱਦ ਦੇ ਨੇੜੇ ਸਥਿਤ ਹੈ। ਇੱਥੇ ਹੜ੍ਹ ਦੇ ਪਾਣੀ ਅਤੇ ਮਲਬੇ ਨੇ ਰਿਹਾਇਸ਼ੀ ਇਲਾਕਿਆਂ, ਸੜਕਾਂ ਅਤੇ ਬੁਨਿਆਦੀ ਢਾਂਚੇ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ।

ਨੇਪਾਲ ਵਿੱਚ ਵੱਡੀ ਗਿਣਤੀ ਵਿੱਚ ਭਾਰਤੀ ਨਾਗਰਿਕਾਂ ਦੇ ਪ੍ਰਭਾਵਿਤ ਹੋਣ ਦੀਆਂ ਰਿਪੋਰਟਾਂ ਸਾਹਮਣੇ ਆਉਣ ਤੋਂ ਬਾਅਦ ਭਾਰਤੀ ਦੂਤਾਵਾਸ ਵੀ ਸਰਗਰਮ ਹੋ ਗਿਆ ਹੈ। ਦੂਤਾਵਾਸ ਨੇ ਪ੍ਰਭਾਵਿਤ ਭਾਰਤੀ ਨਾਗਰਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਐਮਰਜੈਂਸੀ ਸੰਪਰਕ ਨੰਬਰ ਜਾਰੀ ਕੀਤੇ ਹਨ। ਦੂਤਾਵਾਸ ਨੇ ਕਿਹਾ ਹੈ ਕਿ ਪ੍ਰਭਾਵਿਤ ਭਾਰਤੀ ਨਾਗਰਿਕਾਂ ਦੀ ਜਾਣਕਾਰੀ ਅਤੇ ਸੁਰੱਖਿਆ ਲਈ ਨੇਪਾਲ ਸਰਕਾਰ ਦੇ ਸਬੰਧਤ ਅਧਿਕਾਰੀਆਂ ਨਾਲ ਲਗਾਤਾਰ ਸੰਪਰਕ ਬਣਾਇਆ ਹੋਇਆ ਹੈ।

ਭਾਰਤੀ ਦੂਤਾਵਾਸ ਨੇ ਕਿਹਾ ਕਿ ਨੇਪਾਲ ਸਰਕਾਰ ਨਾਲ ਤਾਲਮੇਲ ਕਰਕੇ ਭਾਰਤੀ ਨਾਗਰਿਕਾਂ ਦੇ ਬਚਾਅ ਅਤੇ ਰਾਹਤ ਕਾਰਜਾਂ ਨੂੰ ਹੋਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪ੍ਰਭਾਵਿਤ ਲੋਕਾਂ ਤੱਕ ਜਲਦ ਤੋਂ ਜਲਦ ਸਹਾਇਤਾ ਪਹੁੰਚਾਉਣ ਅਤੇ ਲਾਪਤਾ ਵਿਅਕਤੀਆਂ ਦੀ ਜਾਣਕਾਰੀ ਇਕੱਠੀ ਕਰਨ ਲਈ ਵੀ ਯਤਨ ਕੀਤੇ ਜਾ ਰਹੇ ਹਨ।

ਇਸ ਦੇ ਨਾਲ ਹੀ ਨੇਪਾਲ ਟੂਰਿਜ਼ਮ ਬੋਰਡ ਨੇ ਵੀ ਹੜ੍ਹਾਂ ਅਤੇ ਕੁਦਰਤੀ ਆਫ਼ਤ ਤੋਂ ਪ੍ਰਭਾਵਿਤ ਲੋਕਾਂ ਅਤੇ ਯਾਤਰੀਆਂ ਦੀ ਸਹਾਇਤਾ ਲਈ ਟੋਲ-ਫ਼੍ਰੀ ਐਮਰਜੈਂਸੀ ਨੰਬਰ ਜਾਰੀ ਕੀਤਾ ਹੈ। ਅਧਿਕਾਰੀਆਂ ਵੱਲੋਂ ਪ੍ਰਭਾਵਿਤ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਸਾਵਧਾਨ ਰਹਿਣ ਅਤੇ ਸਥਾਨਕ ਪ੍ਰਸ਼ਾਸਨ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ।

# ਚੀਨ ਦੇ ਪ੍ਰਧਾਨ ਮੰਤਰੀ ਨੇ ਤਿਬਤ ਵਿੱਚ ਹੜ੍ਹ ਪ੍ਰਭਾਵਿਤ ਖੇਤਰ ਦਾ ਦੌਰਾ ਕੀਤਾ; 360 ਲੋਕ ਅਜੇ ਵੀ ਲਾਪਤਾ

## ਹੜ੍ਹ ਨੇ ਚੀਨ-ਨੇਪਾਲ ਸਰਹੱਦ ਖੇਤਰ ਦੇ ਨੇੜੇ ਸਥਿਤ ਪਿੰਡਾਂ ਅਤੇ ਕਸਬਿਆਂ ਵਿੱਚ ਭਾਰੀ ਤਬਾਹੀ ਮਚਾਈ




**ਤਿਬਤ**– ਚੀਨ ਦੇ ਪ੍ਰਧਾਨ ਮੰਤਰੀ ਲੀ ਕਿਵਾਂਗ ਨੇ ਵੀਰਵਾਰ ਨੂੰ ਤਿਬਤ ਵਿੱਚ ਨੇਪਾਲ ਸਰਹੱਦ ਚੌਕੀ ਨੇੜੇ ਗਯਿਰੋਂਗ ਟਾਊਨਸ਼ਿਪ ਦਾ ਦੌਰਾ ਕੀਤਾ, ਜਿੱਥੇ ਭਿਆਨਕ ਹੜ੍ਹ ਕਾਰਨ ਭਾਰੀ ਨੁਕਸਾਨ ਹੋਇਆ ਹੈ ਅਤੇ 360 ਲੋਕ ਲਾਪਤਾ ਹਨ।

ਤਿਬਤ ਖੁਦਮੁਖਤਿਆਰ ਖੇਤਰ ਦੇ ਗਯਿਰੋਂਗ ਟਾਊਨਸ਼ਿਪ ਵਿੱਚ ਬੁੱਧਵਾਰ ਸਵੇਰੇ ਅਚਾਨਕ ਹੜ੍ਹ ਆ ਗਿਆ। ਹੜ੍ਹ ਨੇ ਚੀਨ-ਨੇਪਾਲ ਸਰਹੱਦ ਖੇਤਰ ਦੇ ਨੇੜੇ ਸਥਿਤ ਪਿੰਡਾਂ ਅਤੇ ਕਸਬਿਆਂ ਵਿੱਚ ਭਾਰੀ ਤਬਾਹੀ ਮਚਾਈ।

ਸਰਕਾਰੀ ਸਮਾਚਾਰ ਏਜੰਸੀ 'ਸ਼ਿੰਹੁਆ' ਦੀ ਖ਼ਬਰ ਅਨੁਸਾਰ, ਲੀ ਕਿਵਾਂਗ ਸਬੰਧਤ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਆਪਦਾ ਪ੍ਰਭਾਵਿਤ ਖੇਤਰ ਵਿੱਚ ਪਹੁੰਚੇ।

ਪੀਪਲਜ਼ ਲਿਬਰੇਸ਼ਨ ਆਰਮੀ ਦੀ 'ਵੈਸਟਰਨ ਥੀਏਟਰ ਕਮਾਂਡ' ਦੇ ਇੱਕ ਦਲ ਨੂੰ ਵੀਰਵਾਰ ਨੂੰ ਪ੍ਰਭਾਵਿਤ ਖੇਤਰ ਵਿੱਚ ਭੇਜਿਆ ਗਿਆ। ਇਹ ਕਮਾਂਡ ਤਿਬਤ ਵਿੱਚ ਭਾਰਤ-ਚੀਨ ਸਰਹੱਦ ਦੀ ਨਿਗਰਾਨੀ ਕਰਦੀ ਹੈ। ਇਹ ਦਲ ਕਾਉਂਟੀ ਵਿੱਚ ਫ਼ੌਜੀ ਕਰਮਚਾਰੀਆਂ ਵੱਲੋਂ ਚਲਾਏ ਜਾ ਰਹੇ ਸੰਯੁਕਤ ਬਚਾਅ ਅਭਿਆਨ ਦਾ ਤਾਲਮੇਲ ਕਰੇਗਾ। ਸਥਾਨਕ ਅਧਿਕਾਰੀਆਂ ਵੱਲੋਂ ਜਾਰੀ ਮੁੱਢਲੀ ਜਾਣਕਾਰੀ ਅਨੁਸਾਰ, ਇਲਾਕੇ ਵਿੱਚ 260 ਵਿਦੇਸ਼ੀ ਨਾਗਰਿਕ ਲਾਪਤਾ ਹਨ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲਿਨ ਜਿਆਨ ਨੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਇਸ ਸੰਬੰਧ ਵਿੱਚ ਹੋਰ ਜਾਣਕਾਰੀਆਂ ਦੀ ਅਜੇ ਤਸਦੀਕ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਨੇਪਾਲ ਵੱਲ ਪ੍ਰਭਾਵਿਤ ਖੇਤਰ ਵਿੱਚ ਲਗਪਗ 100 ਚੀਨੀ ਨਾਗਰਿਕ ਲਾਪਤਾ ਹਨ। ਉਨ੍ਹਾਂ ਕਿਹਾ ਕਿ ਨੇਪਾਲ ਵਿੱਚ ਸਥਿਤ ਚੀਨੀ ਦੂਤਾਵਾਸ ਨੇਪਾਲੀ ਅਧਿਕਾਰੀਆਂ ਨਾਲ ਮਿਲ ਕੇ ਇਸ ਸੰਬੰਧ ਵਿੱਚ ਹੋਰ ਜਾਣਕਾਰੀ ਇਕੱਠੀ ਕਰ ਰਿਹਾ ਹੈ।

ਲਿਨ ਨੇ ਕਿਹਾ ਕਿ ਚੀਨ, ਨੇਪਾਲ ਨਾਲ ਲਗਾਤਾਰ ਸੰਪਰਕ ਤੇ ਤਾਲਮੇਲ ਵਿੱਚ ਹੈ ਅਤੇ ਨੇਪਾਲੀ ਧਿਰ ਨਾਲ ਮਿਲ ਕੇ ਭਾਲ ਅਤੇ ਬਚਾਅ ਅਭਿਆਨ ਚਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਪਦਾ ਦੇ ਪ੍ਰਭਾਵ ਕਾਰਨ ਵਿਸਤ੍ਰਿਤ ਜਾਣਕਾਰੀ ਅਜੇ ਪ੍ਰਾਪਤ ਹੋਣੀ ਬਾਕੀ ਹੈ।

ਉੱਥੇ ਹੀ ਚੀਨ ਦੇ ਰਾਸ਼ਟਰਪਤੀ ਸ਼ੀ ਜਿੰਨਪਿੰਗ ਨੇ ਬੁੱਧਵਾਰ ਨੂੰ ਜੰਗੀ ਪੱਧਰ 'ਤੇ ਭਾਲ ਅਤੇ ਬਚਾਅ ਅਭਿਆਨ ਚਲਾਉਣ ਦਾ ਹੁਕਮ ਦਿੱਤਾ ਸੀ। ਇਸ ਤੋਂ ਬਾਅਦ ਪੀ ਐੱਲ ਏ ਦੀ ਵੈਸਟਰਨ ਥੀਏਟਰ ਕਮਾਂਡ ਦਾ ਸੰਚਾਲਨ ਦਲ ਪ੍ਰਭਾਵਿਤ ਖੇਤਰ ਵਿੱਚ ਭੇਜਿਆ ਗਿਆ।

# ਪੰਜਾਬ 'ਚ ਮੁੜ ਅਕਾਲੀ-ਭਾਜਪਾ ਗੱਠਜੋੜ ਦੀਆਂ ਚਰਚਾਵਾਂ ਤੇਜ਼, ਸੀਟਾਂ ਤੋਂ ਲੈ ਕੇ CM ਦੇ ਅਹੁਦੇ ਤੱਕ ਪੇਚ

## ਭਾਜਪਾ ਨੇ ਗੱਠਜੋੜ ਦੀ ਸਥਿਤੀ ਵਿੱਚ 55 ਸੰਭਾਵੀ ਹਲਕਿਆਂ ਦੀ ਸੂਚੀ ਤਿਆਰ ਕੀਤੀ; ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਅਹੁਦਿਆਂ 'ਤੇ ਦੋਵਾਂ ਧਿਰਾਂ ਵਿਚਾਲੇ ਬਣੀ ਸਹਿਮਤੀ ਅਜੇ ਸਪੱਸ਼ਟ ਨਹੀਂ



**ਨਵੀਂ ਦਿੱਲੀ** – ਪੰਜਾਬ ਵਿੱਚ ਅਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਸੰਭਾਵਿਤ ਗੱਠਜੋੜ ਨੂੰ ਲੈ ਕੇ ਸਿਆਸੀ ਚਰਚਾਵਾਂ ਤੇਜ਼ ਹੋ ਗਈਆਂ ਹਨ। ਦੋਵੇਂ ਪਾਰਟੀਆਂ ਵਿਚਾਲੇ ਸੀਟਾਂ ਦੀ ਵੰਡ ਤੋਂ ਇਲਾਵਾ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੇ ਅਹੁਦਿਆਂ ਨੂੰ ਲੈ ਕੇ ਵੀ ਅੰਦਰੂਨੀ ਪੱਧਰ 'ਤੇ ਵਿਚਾਰ-ਵਟਾਂਦਰਾ ਚੱਲ ਰਿਹਾ ਹੈ।

ਭਾਵੇਂ ਭਾਜਪਾ ਦੇ ਕੌਮੀ ਜਨਰਲ ਸਕੱਤਰ ਬੀ.ਐੱਲ. ਸੰਤੋਸ਼ ਵੱਲੋਂ ਪਾਰਟੀ ਦੇ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਚੋਣ ਲੜਨ ਲਈ ਤਿਆਰ ਹੋਣ ਦੀ ਗੱਲ ਕਹੀ ਗਈ ਹੈ, ਪਰ ਸੂਤਰਾਂ ਅਨੁਸਾਰ ਪਾਰਟੀ ਨੇ ਸੰਭਾਵਿਤ ਗੱਠਜੋੜ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ 55 ਹਲਕਿਆਂ ਦੀ ਇੱਕ ਸੰਭਾਵੀ ਸੂਚੀ ਵੀ ਤਿਆਰ ਰੱਖੀ ਹੈ। ਇਸ ਸੂਚੀ ਵਿੱਚ 45 ਅਜਿਹੇ ਹਲਕੇ ਦੱਸੇ ਜਾ ਰਹੇ ਹਨ, ਜਿੱਥੇ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਨੇ ਅਕਾਲੀ ਦਲ ਨਾਲੋਂ ਵੱਧ ਵੋਟਾਂ ਹਾਸਲ ਕੀਤੀਆਂ ਸਨ।

### 2024 ਦੇ ਚੋਣ ਨਤੀਜਿਆਂ ਦੇ ਆਧਾਰ 'ਤੇ ਭਾਜਪਾ ਦਾ ਮੁਲਾਂਕਣ

ਭਾਜਪਾ ਦੇ ਅੰਦਰੂਨੀ ਮੁਲਾਂਕਣ ਮੁਤਾਬਕ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਨੇ ਪੰਜਾਬ ਦੀਆਂ ਵਿਧਾਨ ਸਭਾ ਸੀਟਾਂ ਦੇ ਹਿਸਾਬ ਨਾਲ 23 ਹਲਕਿਆਂ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਸੀ। ਇਸ ਤੋਂ ਇਲਾਵਾ 6 ਸੀਟਾਂ 'ਤੇ ਭਾਜਪਾ ਦੂਜੇ ਅਤੇ 16 ਸੀਟਾਂ 'ਤੇ ਤੀਜੇ ਸਥਾਨ 'ਤੇ ਰਹੀ। ਇਸ ਤਰ੍ਹਾਂ ਕੁੱਲ 45 ਵਿਧਾਨ ਸਭਾ ਹਲਕਿਆਂ ਵਿੱਚ ਭਾਜਪਾ ਦੀ ਸਥਿਤੀ ਅਕਾਲੀ ਦਲ ਦੇ ਮੁਕਾਬਲੇ ਮਜ਼ਬੂਤ ਰਹੀ ਸੀ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਨੇ 9 ਸੀਟਾਂ 'ਤੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ 5 ਸੀਟਾਂ 'ਤੇ ਦੂਜੇ ਅਤੇ 5 ਸੀਟਾਂ 'ਤੇ ਤੀਜੇ ਸਥਾਨ 'ਤੇ ਰਿਹਾ ਸੀ।

ਭਾਜਪਾ ਦੇ ਇਸ ਮੁਲਾਂਕਣ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਜੇ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਦੋਵੇਂ ਪਾਰਟੀਆਂ ਦੇ ਵੋਟਾਂ ਦਾ ਜੋੜ ਇਕੱਠਾ ਕੀਤਾ ਜਾਂਦਾ, ਤਾਂ ਗੱਠਜੋੜ 25 ਹੋਰ ਵਿਧਾਨ ਸਭਾ ਹਲਕਿਆਂ ਵਿੱਚ ਅੱਗੇ ਰਹਿ ਸਕਦਾ ਸੀ। ਇਸ ਹਿਸਾਬ ਨਾਲ ਦੋਵਾਂ ਪਾਰਟੀਆਂ ਦੀ ਸਥਿਤੀ ਕਰੀਬ 57 ਸੀਟਾਂ 'ਤੇ ਮਜ਼ਬੂਤ ਬਣਦੀ, ਜੋ ਪੰਜਾਬ ਵਿਧਾਨ ਸਭਾ ਵਿੱਚ ਬਹੁਮਤ ਲਈ ਲੋੜੀਂਦੇ 59 ਦੇ ਅੰਕੜੇ ਦੇ ਕਾਫ਼ੀ ਨੇੜੇ ਹੈ।

### ਮੁੱਖ ਮੰਤਰੀ ਦੇ ਅਹੁਦੇ 'ਤੇ ਬਣਿਆ ਮੁੱਖ ਪੇਚ

ਸੰਭਾਵਿਤ ਅਕਾਲੀ-ਭਾਜਪਾ ਗੱਠਜੋੜ ਵਿੱਚ ਸਭ ਤੋਂ ਵੱਡਾ ਸਵਾਲ ਮੁੱਖ ਮੰਤਰੀ ਦੇ ਅਹੁਦੇ ਨੂੰ ਲੈ ਕੇ ਦੱਸਿਆ ਜਾ ਰਿਹਾ ਹੈ। ਪਿਛਲੇ ਗੱਠਜੋੜ ਦੌਰਾਨ ਭਾਜਪਾ ਪੰਜਾਬ ਵਿੱਚ 23 ਸੀਟਾਂ 'ਤੇ ਚੋਣ ਲੜਦੀ ਸੀ, ਜਦਕਿ ਮੁੱਖ ਮੰਤਰੀ ਦਾ ਅਹੁਦਾ ਸ਼੍ਰੋਮਣੀ ਅਕਾਲੀ ਦਲ ਕੋਲ ਰਹਿੰਦਾ ਸੀ। ਉਸ ਸਮੇਂ ਭਾਜਪਾ ਨੂੰ ਗੱਠਜੋੜ ਵਿੱਚ 'ਛੋਟੇ ਭਰਾ' ਦੀ ਭੂਮਿਕਾ ਵਿੱਚ ਦੇਖਿਆ ਜਾਂਦਾ ਸੀ।

ਹਾਲਾਂਕਿ ਮੌਜੂਦਾ ਸਿਆਸੀ ਹਾਲਾਤ ਪਹਿਲਾਂ ਨਾਲੋਂ ਵੱਖਰੇ ਹਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਵਾਲੀ ਭਾਜਪਾ ਲੀਡਰਸ਼ਿਪ ਵੱਲੋਂ ਇਹ ਸੰਕੇਤ ਦਿੱਤੇ ਜਾ ਚੁੱਕੇ ਹਨ ਕਿ ਪਾਰਟੀ ਹੁਣ ਪੰਜਾਬ ਵਿੱਚ ਪਹਿਲਾਂ ਵਾਲੀ 'ਛੋਟੇ ਭਰਾ' ਦੀ ਭੂਮਿਕਾ ਸਵੀਕਾਰ ਕਰਨ ਦੇ ਹੱਕ ਵਿੱਚ ਨਹੀਂ ਹੈ। ਇਸ ਕਾਰਨ ਮੁੱਖ ਮੰਤਰੀ ਦੇ ਅਹੁਦੇ ਨੂੰ ਲੈ ਕੇ ਦੋਵਾਂ ਧਿਰਾਂ ਵਿਚਾਲੇ ਗੱਲਬਾਤ ਮਹੱਤਵਪੂਰਨ ਬਣ ਗਈ ਹੈ।

ਸਿਆਸੀ ਚਰਚਾਵਾਂ ਮੁਤਾਬਕ ਮੁੱਖ ਮੰਤਰੀ ਦੇ ਚਿਹਰੇ ਬਾਰੇ ਫ਼ੈਸਲਾ ਗੱਠਜੋੜ ਬਣਨ ਤੋਂ ਪਹਿਲਾਂ ਕਰਨ ਦੀ ਬਜਾਏ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਕੀਤੇ ਜਾਣ ਦੀ ਸੰਭਾਵਨਾ ਵੀ ਹੈ। ਇਸ ਨਾਲ ਚੋਣਾਂ ਤੋਂ ਪਹਿਲਾਂ ਦੋਵਾਂ ਪਾਰਟੀਆਂ ਲਈ ਸੀਟਾਂ ਦੀ ਵੰਡ ਅਤੇ ਸਾਂਝੀ ਰਣਨੀਤੀ ਤੈਅ ਕਰਨਾ ਸੌਖਾ ਹੋ ਸਕਦਾ ਹੈ।

# ਯੂਕਰੇਨ ਜੰਗ ਦੇ ਸਬਕ ਮਗਰੋਂ ਕੈਨੇਡੀਅਨ ਫ਼ੌਜ ਦੀ ਡਰੋਨ ਤਾਕਤ ਵਿੱਚ ਵੱਡਾ ਵਾਧਾ, ਨਵੀਆਂ ਮਾਨਵ-ਰਹਿਤ ਪ੍ਰਣਾਲੀਆਂ ਲਈ ਟੈਂਡਰ

## ਨਿਗਰਾਨੀ, ਟੋਹ ਅਤੇ ਸਪਲਾਈ ਪਹੁੰਚਾਉਣ ਲਈ ਹਵਾਈ, ਜ਼ਮੀਨੀ ਤੇ ਪਾਣੀ ਵਾਲੀਆਂ ਪ੍ਰਣਾਲੀਆਂ ਵਿਕਸਤ ਕਰਨ ਦੀ ਤਿਆਰੀ



**ਕੀਵ:** ਯੂਕਰੇਨ ਜੰਗ ਦੌਰਾਨ ਡਰੋਨਾਂ ਦੀ ਵਧਦੀ ਭੂਮਿਕਾ ਤੋਂ ਸਬਕ ਲੈਂਦਿਆਂ ਕੈਨੇਡੀਅਨ ਫ਼ੌਜ ਨੇ ਆਪਣੀ ਡਰੋਨ ਸਮਰੱਥਾ ਨੂੰ ਤੇਜ਼ੀ ਨਾਲ ਵਧਾਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਕੈਨੇਡਾ ਦੀ ਕੇਂਦਰੀ ਸਰਕਾਰ ਨੇ ਫ਼ੌਜ ਲਈ ਨਵੀਆਂ ਮਾਨਵ-ਰਹਿਤ ਪ੍ਰਣਾਲੀਆਂ ਵਿਕਸਤ ਕਰਨ ਵਾਸਤੇ ਟੈਂਡਰ ਜਾਰੀ ਕੀਤੇ ਹਨ। ਇਨ੍ਹਾਂ ਵਿੱਚ ਨਿਗਰਾਨੀ, ਟੋਹ, ਖ਼ੁਫ਼ੀਆ ਜਾਣਕਾਰੀ ਇਕੱਠੀ ਕਰਨ ਅਤੇ ਸਮਾਨ ਤੇ ਗੋਲਾ-ਬਾਰੂਦ ਪਹੁੰਚਾਉਣ ਵਾਲੇ ਡਰੋਨ ਸ਼ਾਮਲ ਹਨ।

ਇਹ ਪੂਰੀ ਯੋਜਨਾ ਕੈਨੇਡੀਅਨ ਫ਼ੌਜ ਦੀ ਮਿਨਰਵਾ ਪਹਿਲਕਦਮੀ ਦਾ ਹਿੱਸਾ ਹੈ। ਇਸ ਤਹਿਤ ਸਿਰਫ਼ ਹਵਾਈ ਡਰੋਨਾਂ 'ਤੇ ਹੀ ਧਿਆਨ ਨਹੀਂ ਦਿੱਤਾ ਜਾ ਰਿਹਾ, ਸਗੋਂ ਜ਼ਮੀਨ ਅਤੇ ਪਾਣੀ 'ਤੇ ਚੱਲਣ ਵਾਲੀਆਂ ਮਾਨਵ-ਰਹਿਤ ਪ੍ਰਣਾਲੀਆਂ ਵੀ ਵਿਕਸਤ ਕੀਤੀਆਂ ਜਾਣਗੀਆਂ। ਇਨ੍ਹਾਂ ਦਾ ਮਕਸਦ ਜਵਾਨਾਂ ਨੂੰ ਖ਼ਤਰਨਾਕ ਇਲਾਕਿਆਂ ਵਿੱਚ ਭੇਜਣ ਤੋਂ ਪਹਿਲਾਂ ਟੋਹ ਲੈਣ, ਨਿਗਰਾਨੀ ਕਰਨ ਅਤੇ ਲੋੜੀਂਦੀ ਸਪਲਾਈ ਪਹੁੰਚਾਉਣ ਦੀ ਸਮਰੱਥਾ ਵਧਾਉਣਾ ਹੈ।

### ਨਿਗਰਾਨੀ ਅਤੇ ਖ਼ੁਫ਼ੀਆ ਜਾਣਕਾਰੀ ਇਕੱਠੀ ਕਰਨ 'ਤੇ ਜ਼ੋਰ

24 ਅਗਸਤ ਨੂੰ ਜਾਰੀ ਕੀਤੀ ਗਈ ਤਾਜ਼ਾ ਮੰਗ ਵਿੱਚ ਕੈਨੇਡੀਅਨ ਫ਼ੌਜ ਨੇ ਅਜਿਹੀਆਂ ਡਰੋਨ ਪ੍ਰਣਾਲੀਆਂ ਦੀ ਮੰਗ ਕੀਤੀ ਹੈ, ਜੋ ਜੰਗੀ ਹਾਲਾਤਾਂ ਵਿੱਚ ਖ਼ੁਫ਼ੀਆ ਜਾਣਕਾਰੀ ਇਕੱਠੀ ਕਰਨ ਅਤੇ ਨਿਗਰਾਨੀ ਕਰਨ ਦੇ ਸਮਰੱਥ ਹੋਣ। ਇਸ ਦੇ ਨਾਲ ਜ਼ਮੀਨੀ ਨਿਗਰਾਨੀ ਅਤੇ ਟੋਹ ਲਈ ਮਾਨਵ-ਰਹਿਤ ਜ਼ਮੀਨੀ ਪ੍ਰਣਾਲੀਆਂ ਵੀ ਵਿਕਸਤ ਕਰਨ ਦੀ ਯੋਜਨਾ ਹੈ।

ਕੈਨੇਡਾ ਦੀ ਇਸ ਯੋਜਨਾ ਵਿੱਚ ਆਰਕਟਿਕ ਖੇਤਰ ਨੂੰ ਵੀ ਖ਼ਾਸ ਮਹੱਤਤਾ ਦਿੱਤੀ ਜਾ ਰਹੀ ਹੈ। ਕੈਨੇਡਾ ਨੂੰ ਅਜਿਹੀਆਂ ਡਰੋਨ ਪ੍ਰਣਾਲੀਆਂ ਦੀ ਲੋੜ ਹੈ, ਜੋ ਬੇਹੱਦ ਠੰਢੇ ਮੌਸਮ ਅਤੇ ਮੁਸ਼ਕਲ ਭੂਗੋਲਿਕ ਹਾਲਾਤਾਂ ਵਿੱਚ ਵੀ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਸਕਣ।

### ਜਵਾਨਾਂ ਤੱਕ ਸਮਾਨ ਅਤੇ ਗੋਲਾ-ਬਾਰੂਦ ਪਹੁੰਚਾਉਣਗੇ ਡਰੋਨ

ਫ਼ੌਜ ਦੀ ਯੋਜਨਾ ਸਿਰਫ਼ ਨਿਗਰਾਨੀ ਤੱਕ ਸੀਮਤ ਨਹੀਂ ਹੈ। ਅਜਿਹੀਆਂ ਮਾਨਵ-ਰਹਿਤ ਪ੍ਰਣਾਲੀਆਂ ਵੀ ਵਿਕਸਤ ਕੀਤੀਆਂ ਜਾ ਰਹੀਆਂ ਹਨ, ਜੋ ਜਵਾਨਾਂ ਤੱਕ ਜ਼ਰੂਰੀ ਸਮਾਨ ਅਤੇ ਗੋਲਾ-ਬਾਰੂਦ ਪਹੁੰਚਾ ਸਕਣ। ਇਸ ਨਾਲ ਖ਼ਤਰਨਾਕ ਇਲਾਕਿਆਂ ਵਿੱਚ ਮਨੁੱਖੀ ਸਪਲਾਈ ਮਿਸ਼ਨਾਂ ਦੀ ਲੋੜ ਘਟਾਉਣ ਅਤੇ ਜਵਾਨਾਂ ਦੀ ਸੁਰੱਖਿਆ ਵਧਾਉਣ ਵਿੱਚ ਮਦਦ ਮਿਲ ਸਕਦੀ ਹੈ।

ਕੈਨੇਡੀਅਨ ਸਰਕਾਰ ਇਸ ਯੋਜਨਾ ਵਿੱਚ ਦੇਸ਼ ਦੇ ਸਥਾਨਕ ਉਦਯੋਗ ਅਤੇ ਯੂਨੀਵਰਸਿਟੀਆਂ ਨੂੰ ਵੀ ਸ਼ਾਮਲ ਕਰ ਰਹੀ ਹੈ। ਮਿਨਰਵਾ ਪਹਿਲਕਦਮੀ ਦਾ ਇੱਕ ਮੁੱਖ ਟੀਚਾ ਕੈਨੇਡੀਅਨ ਸਮੱਗਰੀ ਅਤੇ ਤਕਨਾਲੋਜੀ ਦੀ ਵਰਤੋਂ ਵਧਾਉਣਾ ਹੈ। ਇਸ ਤਹਿਤ ਘੱਟ ਲਾਗਤ 'ਤੇ ਡਰੋਨਾਂ ਦਾ ਵੱਡੇ ਪੱਧਰ 'ਤੇ ਉਤਪਾਦਨ ਅਤੇ ਫ਼ੌਜ ਦੀਆਂ ਖ਼ਾਸ ਲੋੜਾਂ ਮੁਤਾਬਕ ਨਵੀਆਂ ਪ੍ਰਣਾਲੀਆਂ ਤਿਆਰ ਕਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।

### ਰੱਖਿਆ ਡਰੋਨ ਪਹਿਲਕਦਮੀ ਨਾਲ ਵੀ ਜੁੜੀ ਯੋਜਨਾ

ਕੈਨੇਡਾ ਦੀ ਇਹ ਰਣਨੀਤੀ 23 ਜੁਲਾਈ ਨੂੰ ਐਲਾਨੀ ਗਈ ਰੱਖਿਆ ਡਰੋਨ ਪਹਿਲਕਦਮੀ ਨਾਲ ਵੀ ਜੁੜੀ ਹੋਈ ਹੈ। ਸਰਕਾਰ ਦਾ ਮਕਸਦ ਕੈਨੇਡੀਅਨ ਉਦਯੋਗ ਦੀ ਮਦਦ ਨਾਲ ਡਰੋਨਾਂ ਅਤੇ ਖ਼ੁਦਮੁਖ਼ਤਿਆਰ ਪ੍ਰਣਾਲੀਆਂ ਦੇ ਵਿਕਾਸ, ਜਾਂਚ ਅਤੇ ਉਤਪਾਦਨ ਦੀ ਪ੍ਰਕਿਰਿਆ ਨੂੰ ਤੇਜ਼ ਕਰਨਾ ਹੈ।

ਇਸ ਦੌਰਾਨ ਕੈਨੇਡੀਅਨ ਫ਼ੌਜ ਨੇ ਅਲਬਰਟਾ ਵਿੱਚ ਪਹਿਲੇ ਵਿਅਕਤੀ ਦੇ ਦ੍ਰਿਸ਼ਟੀਕੋਣ ਵਾਲੇ ਡਰੋਨ ਚਾਲਕਾਂ ਦੀ ਸਿਖਲਾਈ ਵੀ ਸ਼ੁਰੂ ਕੀਤੀ ਹੈ। ਇਸ ਤੋਂ ਸਪੱਸ਼ਟ ਹੈ ਕਿ ਫ਼ੌਜ ਹੁਣ ਡਰੋਨਾਂ ਨੂੰ ਸਿਰਫ਼ ਤਕਨੀਕੀ ਸਾਧਨ ਨਹੀਂ, ਸਗੋਂ ਆਧੁਨਿਕ ਜੰਗੀ ਮੈਦਾਨ ਵਿੱਚ ਜਵਾਨਾਂ ਦੀ ਸੁਰੱਖਿਆ ਅਤੇ ਫ਼ੌਜੀ ਕਾਰਵਾਈ ਦੀ ਸਮਰੱਥਾ ਵਧਾਉਣ ਵਾਲੀ ਮਹੱਤਵਪੂਰਨ ਤਕਨਾਲੋਜੀ ਵਜੋਂ ਦੇਖ ਰਹੀ ਹੈ।

ਯੂਕਰੇਨ ਜੰਗ ਵਿੱਚ ਡਰੋਨਾਂ ਦੀ ਵੱਡੇ ਪੱਧਰ 'ਤੇ ਵਰਤੋਂ ਨੇ ਕੈਨੇਡਾ ਸਮੇਤ ਕਈ ਦੇਸ਼ਾਂ ਨੂੰ ਇਹ ਅਹਿਸਾਸ ਕਰਵਾਇਆ ਹੈ ਕਿ ਭਵਿੱਖ ਦੀ ਜੰਗ ਵਿੱਚ ਘੱਟ ਲਾਗਤ, ਵੱਡੀ ਗਿਣਤੀ ਵਿੱਚ ਉਤਪਾਦਨ ਅਤੇ ਤੇਜ਼ੀ ਨਾਲ ਨਵੀਂ ਤਕਨਾਲੋਜੀ ਅਪਣਾਉਣ ਦੀ ਸਮਰੱਥਾ ਰਵਾਇਤੀ ਫ਼ੌਜੀ ਸਾਜ਼ੋ-ਸਾਮਾਨ ਜਿੰਨੀ ਹੀ ਮਹੱਤਵਪੂਰਨ ਹੋ ਸਕਦੀ ਹੈ।




# ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ

## ਕਿਸਾਨਾਂ ਦੇ ਹਿੱਤਾਂ ਨੂੰ ਅਣਗੌਲਿਆਂ ਕਰਕੇ ਕਿਸੇ ਵੀ ਦੇਸ਼ ਨਾਲ ਸਮਝੌਤਾ ਨਹੀਂ ਕੀਤਾ ਜਾਵੇਗਾ: ਚੌਹਾਨ



**ਸ੍ਰੀ ਅੰਮ੍ਰਿਤਸਰ-** ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅੱਜ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਉਨ੍ਹਾਂ ਨੇ ਦੇਸ਼ ਦੀ ਚੜ੍ਹਦੀ ਕਲਾ ਅਤੇ ਤਰੱਕੀ ਵਾਸਤੇ ਅਰਦਾਸ ਕੀਤੀ ਹੈ।

ਉਹ ਅੱਜ ਇੱਥੇ ਇੱਕ ਦਿਨਾ ਪੰਜਾਬ ਦੌਰੇ ਉੱਤੇ ਆਏ ਹਨ। ਇਸ ਦੌਰਾਨ ਉਨ੍ਹਾਂ ਨੇ ਬਾਬਾ ਬਕਾਲਾ ਵਿਖੇ ਰੱਖੜ ਪੁੰਨਿਆ ਮੇਲੇ ਉੱਤੇ ਭਾਜਪਾ ਵੱਲੋਂ ਕੀਤੀ ਜਾ ਰਹੀ ਕਾਨਫਰੰਸ ਵਿੱਚ ਸ਼ਮੂਲੀਅਤ ਕੀਤੀ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਸਮੇਂ ਉਨ੍ਹਾਂ ਨੇ ਲੰਗਰ ਘਰ ਵਿੱਚ ਬਰਤਨ ਸਾਫ਼ ਕਰਨ ਦੀ ਸੇਵਾ ਵੀ ਕੀਤੀ। ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਮੀਡੀਆ ਨਾਲ ਗੱਲਬਾਤ ਦੌਰਾਨ ਉਨ੍ਹਾਂ ਨੇ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਸਰਕਾਰ ਵੱਲੋਂ ਕਿਸਾਨਾਂ ਦੇ ਹਿੱਤਾਂ ਨੂੰ ਅਣਗੌਲਿਆਂ ਕਰਕੇ ਕਿਸੇ ਵੀ ਦੇਸ਼ ਨਾਲ ਕੋਈ ਅਜਿਹਾ ਸਮਝੌਤਾ ਨਹੀਂ ਕੀਤਾ ਜਾਵੇਗਾ, ਜਿਸ ਨਾਲ ਕਿਸਾਨਾਂ ਨੂੰ ਨੁਕਸਾਨ ਹੋਵੇ। ਉਨ੍ਹਾਂ ਕਿਹਾ ਕਿ ਹੁਣ ਤੱਕ ਪੀਐੱਮ ਮੋਦੀ ਦੀ ਅਗਵਾਈ ਹੇਠ ਸਰਕਾਰ ਨੇ ਜਿੰਨੇ ਵੀ ਸਮਝੌਤੇ ਕੀਤੇ ਹਨ, ਉਹ ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੇ ਗਏ ਹਨ ਅਤੇ ਲੋਕਾਂ ਨੂੰ ਇਸ ਦਾ ਲਾਭ ਹੋਇਆ ਹੈ।

ਉਨ੍ਹਾਂ ਕਿਹਾ ਕਿ ਭਾਰਤ-ਅਮਰੀਕਾ ਸਮਝੌਤਾ ਅਜੇ ਹੋਇਆ ਵੀ ਨਹੀਂ ਹੈ ਪਰ ਇਸ ਬਾਰੇ ਕੁਝ ਲੋਕਾਂ ਵੱਲੋਂ ਬੇਲੋੜਾ ਰੌਲਾ-ਰੱਪਾ ਪਾਇਆ ਜਾ ਰਿਹਾ ਹੈ।

ਰੱਖੜੀ ਦੇ ਮੌਕੇ ਉੱਤੇ ਮਹਿਲਾ ਸ਼ਕਤੀਕਰਨ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਔਰਤਾਂ ਦਾ ਰਾਖਵਾਂਕਰਨ ਕਰਨਾ ਚਾਹੁੰਦੀ ਹੈ ਪਰ ਕਾਂਗਰਸ ਵੱਲੋਂ ਇਸ ਮਾਮਲੇ ਵਿੱਚ ਬੇਲੋੜੀ ਅੜਚਣ ਖੜ੍ਹੀ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਕਾਂਗਰਸ ਦਾ ਕੰਮ ਸਿਰਫ਼ ਅਤੇ ਸਿਰਫ਼ ਅੜਿੱਕੇ ਖੜ੍ਹੇ ਕਰਨਾ ਅਤੇ ਬੇਬੁਨਿਆਦ ਦੂਸ਼ਣਬਾਜ਼ੀ ਕਰਨਾ ਹੈ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਮਗਰੋਂ ਉਨ੍ਹਾਂ ਆਪਣਾ ਅਨੁਭਵ ਸਾਂਝਾ ਕਰਦਿਆਂ ਕਿਹਾ ਕਿ ਗੁਰੂ ਘਰ ਵਿਖੇ ਨਤਮਸਤਕ ਹੋ ਕੇ ਉਨ੍ਹਾਂ ਨੂੰ ਇੱਕ ਨਵੀਂ ਊਰਜਾ ਤੇ ਉਤਸ਼ਾਹ ਮਿਲਿਆ ਹੈ। ਸ਼ਿਵਰਾਜ ਚੌਹਾਨ ਨੇ ਕਿਹਾ ਕਿ ਗੁਰੂ ਘਰ ਵਿੱਚ ਸਭ ਬਰਾਬਰ ਹਨ ਅਤੇ ਇੱਥੇ ਕੀਤੀ ਹੋਈ ਸੇਵਾ ਮਨੁੱਖ ਦੇ ਮਨ ਦਾ ਹੰਕਾਰ ਦੂਰ ਕਰਦੀ ਹੈ।

ਉਨ੍ਹਾਂ ਕਿਹਾ ਕਿ ਰੱਖੜ ਪੁੰਨਿਆ ਦੇ ਮੌਕੇ ਉੱਤੇ ਉਨ੍ਹਾਂ ਨੂੰ ਗੁਰੂ ਘਰ ਨਤਮਸਤਕ ਹੋਣ ਦਾ ਮੌਕਾ ਮਿਲਿਆ ਹੈ ਅਤੇ ਉਹ ਆਪਣੇ ਆਪ ਨੂੰ ਵੱਡੇ ਭਾਗਾਂ ਵਾਲੇ ਮੰਨਦੇ ਹਨ।

# ਕੋਇਟਾ ’ਚ ਇਤਿਹਾਸਕ ਗੁਰਦੁਆਰਾ ਢਾਹ ਕੇ ਕਮਰਸ਼ੀਅਲ ਪਲਾਜ਼ਾ ਬਣਾਉਣਾ ਸਿੱਖ ਵਿਰਾਸਤ ’ਤੇ ਹਮਲਾ: ਐਡਵੋਕੇਟ ਧਾਮੀ

**ਸ੍ਰੀ ਅੰਮ੍ਰਿਤਸਰ-**ਧਾਮੀ ਨੇ ਵਿਦੇਸ਼ ਮੰਤਰਾਲੇ ਨੂੰ ਇਹ ਮਾਮਲਾ ਪਾਕਿਸਤਾਨ ਸਰਕਾਰ ਕੋਲ ਚੁੱਕਣ ਲਈ ਕਿਹਾ



ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਦੀ ਰਾਜਧਾਨੀ ਕੋਇਟਾ ਵਿੱਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀ ਇਤਿਹਾਸਕ ਇਮਾਰਤ ਨੂੰ ਢਾਹ ਕੇ ਉੱਥੇ ਵਪਾਰਕ ਸ਼ਾਪਿੰਗ ਪਲਾਜ਼ਾ ਬਣਾਏ ਜਾਣ ਉੱਤੇ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਬੇਹੱਦ ਗੰਭੀਰ ਅਤੇ ਚਿੰਤਾ ਵਾਲਾ ਮਾਮਲਾ ਦੱਸਿਆ ਹੈ।

ਉਨ੍ਹਾਂ ਨੇ ਭਾਰਤ ਦੇ ਵਿਦੇਸ਼ ਮੰਤਰਾਲੇ ਨੂੰ ਇਹ ਮਾਮਲਾ ਕੂਟਨੀਤਕ ਤੌਰ 'ਤੇ ਪਾਕਿਸਤਾਨ ਸਰਕਾਰ ਕੋਲ ਉਠਾਉਣ ਲਈ ਆਖਿਆ।

ਐਡਵੋਕੇਟ ਧਾਮੀ ਨੇ ਕਿਹਾ ਕਿ ਪਾਕਿਸਤਾਨ ਵਿੱਚ ਸਿੱਖ ਗੁਰੂ ਸਾਹਿਬਾਨ ਤੋਂ ਇਲਾਵਾ ਸਿੱਖ ਇਤਿਹਾਸ ਅਤੇ ਵਿਰਾਸਤ ਨਾਲ ਸਬੰਧਤ ਅਨੇਕਾਂ ਗੁਰਦੁਆਰੇ ਮੌਜੂਦ ਹਨ। ਇਹ ਧਾਰਮਿਕ ਅਤੇ ਵਿਰਾਸਤੀ ਅਸਥਾਨ ਸਿਰਫ਼ ਇੱਟਾਂ-ਪੱਥਰਾਂ ਦੀਆਂ ਇਮਾਰਤਾਂ ਨਹੀਂ, ਸਗੋਂ ਸਿੱਖ ਕੌਮ ਦੀ ਇਤਿਹਾਸਕ ਪਛਾਣ ਅਤੇ ਵਿਰਾਸਤ ਦੀਆਂ ਨਿਸ਼ਾਨੀਆਂ ਹਨ। ਇਨ੍ਹਾਂ ਨੂੰ ਢਾਹ ਕੇ ਵਪਾਰਕ ਉਸਾਰੀਆਂ ਕਰਨਾ ਸਿੱਖ ਭਾਵਨਾਵਾਂ ਦਾ ਨਿਰਾਦਰ ਹੈ। ਉਨ੍ਹਾਂ ਨੇ ਪਾਕਿਸਤਾਨ ਸਰਕਾਰ ਅਤੇ ਸਬੰਧਤ ਅਧਿਕਾਰੀਆਂ ਨੂੰ ਆਖਿਆ ਕਿ ਉਹ ਤੁਰੰਤ ਦਖ਼ਲ ਦੇ ਕੇ ਚੱਲ ਰਹੀ ਉਸਾਰੀ ਨੂੰ ਰੋਕਣ ਅਤੇ ਗੁਰਦੁਆਰਾ ਸਾਹਿਬ ਦੀ ਜਾਇਦਾਦ ਨੂੰ ਸਿੱਖ ਕੌਮ ਦੇ ਹਵਾਲੇ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਘੱਟ-ਗਿਣਤੀ ਭਾਈਚਾਰਿਆਂ ਦੀਆਂ ਧਾਰਮਿਕ ਅਤੇ ਇਤਿਹਾਸਕ ਨਿਸ਼ਾਨੀਆਂ ਦੀ ਸੁਰੱਖਿਆ ਯਕੀਨੀ ਬਣਾਉਣਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ।

# ਬਾਬਾ ਬਕਾਲਾ ਵਿਖੇ ਰੱਖੜ ਪੁੰਨਿਆ ਮੌਕੇ CM ਮਾਨ ਨੇ ਵਿਰੋਧੀਆਂ 'ਤੇ ਸੇਧੇ ਨਿਸ਼ਾਨੇ

## ਮਾਨ ਨੇ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਦਾ ਕੀਤਾ ਜ਼ਿਕਰ



**ਚੰਡੀਗੜ੍ਹ-** ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸ਼੍ਰੋਮਣੀ ਅਕਾਲੀ ਦਲ ਉੱਤੇ ਤਿੱਖਾ ਨਿਸ਼ਾਨਾ ਸੇਧਦਿਆਂ ਕਿਹਾ ਕਿ ਅਕਾਲੀ ਦਲ ਸੱਤਾ ਵਿੱਚ ਵਾਪਸੀ ਕਰਨ ਅਤੇ ਪੰਜਾਬ ਨੂੰ ਫਿਰ ਤੋਂ ਲੁੱਟਣ ਦੀ ਕੋਸ਼ਿਸ਼ ਵਿੱਚ ਭਾਜਪਾ ਨਾਲ ਗੱਠਜੋੜ ਕਰਨ ਲਈ "ਪੱਬਾਂ ਭਾਰ" ਹੋਇਆ ਪਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੂਬੇ ਦੇ ਲੋਕ ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕਣ ਅਤੇ ਬਰਬਾਦ ਕਰਨ ਲਈ ਭਾਜਪਾ-ਅਕਾਲੀ ਗੱਠਜੋੜ ਨੂੰ ਕਦੇ ਮਾਫ਼ ਨਹੀਂ ਕਰਨਗੇ।

ਉਹ ਰੱਖੜ ਪੁੰਨਿਆ ਮੇਲੇ ਉੱਤੇ ਪੰਜਾਬ ਸਰਕਾਰ ਵੱਲੋਂ ਕਰਵਾਏ ਰਾਜ ਪੱਧਰੀ ਸਮਾਰੋਹ ਅਤੇ ਅਨਾਜ ਮੰਡੀ ਰਈਆ ਵਿੱਚ ਭਰਵੀਂ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਕਿਹਾ ਕਿ ਬਾਬਾ ਬਕਾਲਾ ਦੀ ਪਵਿੱਤਰ ਧਰਤੀ ਗੁਰੂ ਤੇਗ ਬਹਾਦਰ ਜੀ ਦੇ ਫ਼ਲਸਫ਼ੇ ਅਤੇ "ਸਾਚਾ ਗੁਰੂ ਲਾਧੋ ਰੇ" ਦੇ ਸੰਦੇਸ਼ ਨਾਲ ਜੁੜੀ ਹੋਈ ਹੈ।

ਉਨ੍ਹਾਂ ਸਾਲ 2015 ਵਿੱਚ ਬੇਅਦਬੀ ਅਤੇ ਉਸ ਤੋਂ ਬਾਅਦ ਹੋਈਆਂ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਲੈ ਕੇ ਵੀ ਅਕਾਲੀ ਦਲ ਨੂੰ ਨਿਸ਼ਾਨੇ ਉੱਤੇ ਲਿਆ। ਉਨ੍ਹਾਂ ਕਿਹਾ, "ਸੱਤਾ ਵਿੱਚ ਆਉਣ ਦੇ ਮਕਸਦ ਅਤੇ ਸੂਬੇ ਨੂੰ ਲੁੱਟਣ ਵਾਸਤੇ ਅਕਾਲੀ ਭਾਜਪਾ ਲੀਡਰਸ਼ਿਪ ਨਾਲ ਹੱਥ ਮਿਲਾਉਣ ਲਈ ਤਰਲੇ ਮਾਰ ਰਹੇ ਹਨ, ਪਰ ਪੰਜਾਬ ਦੇ ਸੂਝਵਾਨ ਲੋਕ ਉਨ੍ਹਾਂ ਨੂੰ ਇੱਕ ਵਾਰ ਫਿਰ ਬਾਹਰ ਦਾ ਰਸਤਾ ਦਿਖਾਉਣਗੇ।"

ਭਗਵੰਤ ਮਾਨ ਨੇ ਕਾਂਗਰਸ ਪਾਰਟੀ ਉੱਤੇ ਸ਼ਬਦੀ ਵਾਰ ਕਰਦਿਆਂ ਕਿਹਾ ਕਿ ਇਹ ਪਾਰਟੀ ਹੁਣ ਆਖ਼ਰੀ ਸਾਹਾਂ 'ਤੇ ਹੈ ਅਤੇ ਜਲਦੀ ਹੀ ਸਿਆਸੀ ਅਖਾੜੇ ਵਿੱਚ ਆਪਣਾ ਸਭ ਕੁਝ ਗੁਆ ਚੁੱਕੀ ਹੋਵੇਗੀ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਕਾਂਗਰਸ ਕੋਲ ਪੰਜਾਬ ਦੇ ਲੋਕਾਂ ਲਈ ਕੋਈ ਵਿਜ਼ਨ ਨਹੀਂ ਹੈ ਅਤੇ ਉਹ ਅੰਦਰੂਨੀ ਤੌਰ 'ਤੇ ਫੁੱਟ ਦੀ ਸ਼ਿਕਾਰ ਹੈ ਤੇ ਆਪਸੀ ਲੜਾਈ ਨਾਲ ਹੀ ਪਾਰਟੀ ਢਹਿ-ਢੇਰੀ ਹੋ ਜਾਵੇਗੀ।

ਇਸ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਦੇ 90 ਫ਼ੀਸਦੀ ਤੋਂ ਵੱਧ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ 69,000 ਤੋਂ ਵੱਧ ਨੌਜਵਾਨਾਂ ਨੂੰ ਬਿਨਾਂ ਭ੍ਰਿਸ਼ਟਾਚਾਰ ਤੇ ਕੇਵਲ ਮੈਰਿਟ ਦੇ ਆਧਾਰ ‘ਤੇ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸੜਕਾਂ ਢਾਂਚਾ ਮਜ਼ਬੂਤ ਕੀਤਾ ਜਾ ਰਿਹਾ ਹੈ ਅਤੇ ਟੋਲ ਪਲਾਜ਼ਾ ਬੰਦ ਕਰਕੇ ਲੋਕਾਂ ਦੇ ਪੈਸੇ ਦੀ ਬੱਚਤ ਯਕੀਨੀ ਬਣਾਈ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਸਿੱਖਿਆ ਤੇ ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਹੈ। ਮਾਨ ਨੇ ਕਿਹਾ ਕਿ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਨਕਦੀ-ਰਹਿਤ ਡਾਕਟਰੀ ਇਲਾਜ, ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਔਰਤਾਂ ਨੂੰ ਵਿੱਤੀ ਸਹਾਇਤਾ, ਨੌਜਵਾਨਾਂ ਨੂੰ ਨਸ਼ਿਆਂ ਦੇ ਕੋਹੜ ਤੋਂ ਦੂਰ ਰੱਖਣ ਲਈ ਸੂਬੇ ਭਰ ਵਿੱਚ 3,100 ਖੇਡ ਸਟੇਡੀਅਮ ਅਤੇ ਪੰਜਾਬ ਭਰ ਵਿੱਚ ਲਗਪਗ 45,000 ਕਿਲੋਮੀਟਰ ਸੜਕਾਂ ਦੀ ਮੁਰੰਮਤ ਅਤੇ ਸੁਧਾਰ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਪਿੰਡਾਂ ਦੇ ਵਿਕਾਸ ਲਈ ਗਰਾਂਟਾਂ ਦਿੱਤੀਆਂ ਜਾ ਰਹੀਆਂ ਹਨ।






# ਜਲੰਧਰ ’ਚ ਜ਼ੀਰੋ ਬਿੱਲ ਵਾਲਿਆਂ ਨੂੰ ਹਜ਼ਾਰਾਂ ਦੇ ਬਿਜਲੀ ਬਿੱਲ, ਮੀਟਰ ਰੀਡਰਾਂ ਦੀ ਹੜਤਾਲ ਮਗਰੋਂ ਵਧੀ ਲੋਕਾਂ ਦੀ ਪਰੇਸ਼ਾਨੀ

## 300 ਯੂਨਿਟ ਮੁਫ਼ਤ ਬਿਜਲੀ ’ਤੇ ਸੰਕਟ? N-Code ਬਿੱਲਾਂ ਨੇ ਖਪਤਕਾਰਾਂ ਦੀ ਵਧਾਈ ਚਿੰਤਾ; PSPCL ਦਫ਼ਤਰਾਂ ਦੇ ਚੱਕਰ ਕੱਟਣ ਲਈ ਮਜਬੂਰ ਲੋਕ



**ਜਲੰਧਰ-**ਪੰਜਾਬ ਸਰਕਾਰ ਵੱਲੋਂ ਮੀਟਰ ਰੀਡਰਾਂ ਦੀ ਹੜਤਾਲ ਦੌਰਾਨ ਜਾਰੀ ਹੋਏ ਬਿਜਲੀ ਬਿੱਲਾਂ ਨੂੰ ਠੀਕ ਕਰਨ ਅਤੇ 300 ਯੂਨਿਟ ਮੁਫ਼ਤ ਬਿਜਲੀ ਦੀ ਸਹੂਲਤ ਜਾਰੀ ਰੱਖਣ ਦੇ ਭਰੋਸੇ ਦੇ ਬਾਵਜੂਦ ਜਲੰਧਰ ਦੇ ਸੈਂਕੜੇ ਖਪਤਕਾਰਾਂ ਦੀਆਂ ਮੁਸ਼ਕਲਾਂ ਘਟਣ ਦਾ ਨਾਮ ਨਹੀਂ ਲੈ ਰਹੀਆਂ। ਕਈ ਅਜਿਹੇ ਘਰਾਂ ਨੂੰ ਹਜ਼ਾਰਾਂ ਰੁਪਏ ਦੇ ਬਿਜਲੀ ਬਿੱਲ ਮਿਲੇ ਹਨ, ਜਿਨ੍ਹਾਂ ਨੂੰ ਪਹਿਲਾਂ 300 ਯੂਨਿਟ ਤੋਂ ਘੱਟ ਖਪਤ ਹੋਣ ਕਾਰਨ ਜ਼ੀਰੋ ਬਿੱਲ ਮਿਲਦੇ ਰਹੇ ਹਨ। ਗਲਤ ਜਾਂ ਅਨੁਮਾਨਿਤ ਬਿੱਲਾਂ ਨੂੰ ਠੀਕ ਕਰਵਾਉਣ ਲਈ ਲੋਕ PSPCL ਦੇ ਦਫ਼ਤਰਾਂ ਦੇ ਗੇੜੇ ਮਾਰ ਰਹੇ ਹਨ।

ਜਾਣਕਾਰੀ ਅਨੁਸਾਰ ਮੀਟਰ ਰੀਡਰਾਂ ਦੀ ਹੜਤਾਲ ਕਾਰਨ ਕਈ ਖਪਤਕਾਰਾਂ ਦੇ ਮੀਟਰਾਂ ਦੀ ਅਸਲ ਰੀਡਿੰਗ ਦਰਜ ਨਹੀਂ ਹੋ ਸਕੀ। ਇਸ ਦੇ ਨਤੀਜੇ ਵਜੋਂ ਅਪ੍ਰੈਲ ਤੋਂ ਜੁਲਾਈ ਤੱਕ ਦੇ ਤਿੰਨ ਤੋਂ ਚਾਰ ਮਹੀਨਿਆਂ ਦੇ ਬਿੱਲ ਇਕੱਠੇ ਜਾਰੀ ਹੋ ਗਏ। ਕਈ ਖਪਤਕਾਰਾਂ ਨੂੰ ਇਨ੍ਹਾਂ ਬਿੱਲਾਂ ਵਿੱਚ ਅਸਲ ਖਪਤ ਦੀ ਬਜਾਏ ਅਨੁਮਾਨ ਦੇ ਆਧਾਰ ’ਤੇ ਵੱਡੀ ਰਕਮ ਅਦਾ ਕਰਨ ਲਈ ਕਿਹਾ ਗਿਆ ਹੈ।

ਅਮਨ ਨਗਰ ਦੇ ਰਹਿਣ ਵਾਲੇ ਸੁਖਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਅਪ੍ਰੈਲ ਤੋਂ ਜੁਲਾਈ ਤੱਕ ਦਾ 16,110 ਰੁਪਏ ਦਾ ਬਿਜਲੀ ਬਿੱਲ ਭੇਜਿਆ ਗਿਆ ਹੈ। ਉਨ੍ਹਾਂ ਮੁਤਾਬਕ ਉਨ੍ਹਾਂ ਦੇ ਘਰ ਦੀ ਬਿਜਲੀ ਖਪਤ ਆਮ ਤੌਰ ’ਤੇ 300 ਯੂਨਿਟ ਤੋਂ ਘੱਟ ਰਹਿੰਦੀ ਹੈ, ਜਿਸ ਕਾਰਨ ਪਹਿਲਾਂ ਉਨ੍ਹਾਂ ਨੂੰ ਜ਼ੀਰੋ ਬਿੱਲ ਹੀ ਮਿਲਦਾ ਸੀ। ਜਦੋਂ ਉਹ ਬਿੱਲ ਦੀ ਸਮੱਸਿਆ ਲੈ ਕੇ ਫਸ਼ਫਛ਼ਲ ਦਫ਼ਤਰ ਪਹੁੰਚੇ ਤਾਂ ਉਨ੍ਹਾਂ ਨੂੰ ਫਿਲਹਾਲ ਬਿੱਲ ਜਮ੍ਹਾਂ ਕਰਵਾਉਣ ਅਤੇ ਬਾਅਦ ਵਿੱਚ ਰਕਮ ਨੂੰ ਅਗਲੇ ਬਿੱਲ ਵਿੱਚ ਐਡਜਸਟ ਕਰਨ ਦੀ ਸਲਾਹ ਦਿੱਤੀ ਗਈ।

ਇਸੇ ਤਰ੍ਹਾਂ ਬੂਟਾ ਮੰਡੀ ਦੀ ਰਹਿਣ ਵਾਲੀ ਗੁਰਵਿੰਦਰ ਕੌਰ ਨੂੰ 8,054 ਰੁਪਏ ਦਾ ਬਿਜਲੀ ਬਿੱਲ ਮਿਲਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬਿੱਲ ਵਿੱਚ ਹੁਣ ਤੱਕ ਕੋਈ ਸੁਧਾਰ ਨਹੀਂ ਕੀਤਾ ਗਿਆ। ਅਜਿਹੇ ਮਾਮਲਿਆਂ ਕਾਰਨ ਉਨ੍ਹਾਂ ਖਪਤਕਾਰਾਂ ਵਿੱਚ ਵੀ ਚਿੰਤਾ ਵਧ ਰਹੀ ਹੈ, ਜਿਨ੍ਹਾਂ ਨੂੰ 300 ਯੂਨਿਟ ਮੁਫ਼ਤ ਬਿਜਲੀ ਦੀ ਸਰਕਾਰੀ ਸਹੂਲਤ ਦਾ ਲਾਭ ਮਿਲਦਾ ਹੈ।

ਪਾਵਰਕੌਮ (PSPCL) ਦੇ ਅਧਿਕਾਰੀਆਂ ਮੁਤਾਬਕ ‘N-Code’ ਬਿੱਲ ਉਸ ਸਮੇਂ ਜਾਰੀ ਕੀਤਾ ਜਾਂਦਾ ਹੈ, ਜਦੋਂ ਮੀਟਰ ਦੀ ਅਸਲ ਰੀਡਿੰਗ ਉਪਲਬਧ ਨਹੀਂ ਹੁੰਦੀ। ਮੀਟਰ ਰੀਡਰਾਂ ਦੀ ਹੜਤਾਲ ਕਾਰਨ ਇਸ ਵਾਰ ਕਈ ਥਾਵਾਂ ’ਤੇ ਮੀਟਰ ਰੀਡਿੰਗ ਨਹੀਂ ਹੋ ਸਕੀ। ਇਸ ਤੋਂ ਬਾਅਦ ਪਿਛਲੇ ਸਾਲ ਦੇ ਇਸੇ ਸਮੇਂ ਦੌਰਾਨ ਹੋਈ ਖਪਤ ਦੇ ਆਧਾਰ ’ਤੇ ਅਨੁਮਾਨਿਤ ਬਿੱਲ ਤਿਆਰ ਕਰਕੇ ਖਪਤਕਾਰਾਂ ਨੂੰ ਭੇਜੇ ਗਏ।

ਜਲੰਧਰ ਈਸਟ ਦੇ ਐਕਸੀਅਨ (XEN) ਸੰਨੀ ਭਾਗੜਾ ਨੇ ਦੱਸਿਆ ਕਿ ਇਕੱਲੇ ਉਨ੍ਹਾਂ ਦੇ ਡਿਵੀਜ਼ਨ ਵਿੱਚ ਜੂਨ ਅਤੇ ਜੁਲਾਈ ਦੌਰਾਨ ਲਗਭਗ 4,400 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਿਕਾਇਤਾਂ ਨੂੰ ਹੱਲ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਮਾਡਲ ਟਾਊਨ ਸਬ-ਡਿਵੀਜ਼ਨ ਦੇ ਐਸ.ਡੀ.ਓ. ਗੌਰਵ ਮੁਲਤਾਨੀ ਨੇ ਦੱਸਿਆ ਕਿ ਉਨ੍ਹਾਂ ਦੇ ਦਫ਼ਤਰ ਵਿੱਚ ਰੋਜ਼ਾਨਾ ਲਗਭਗ 30 ਸ਼ਿਕਾਇਤਾਂ ਬਿਜਲੀ ਬਿੱਲਾਂ ਨਾਲ ਸਬੰਧਤ ਪਹੁੰਚ ਰਹੀਆਂ ਹਨ।

ਜ਼ਮੀਨੀ ਪੱਧਰ ’ਤੇ ਕੰਮ ਕਰ ਰਹੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਪ੍ਰਭਾਵਿਤ ਖਪਤਕਾਰਾਂ ਦੀਆਂ ਸ਼ਿਕਾਇਤਾਂ ਦੋ ਹਫ਼ਤਿਆਂ ਦੇ ਅੰਦਰ ਹੱਲ ਕਰਨ ਦਾ ਐਲਾਨ ਕੀਤਾ ਗਿਆ ਹੈ, ਪਰ ਉਨ੍ਹਾਂ ਨੂੰ ਇਸ ਸਬੰਧੀ ਹਾਲੇ ਤੱਕ ਸਪੱਸ਼ਟ ਦਿਸ਼ਾ-ਨਿਰਦੇਸ਼ ਪ੍ਰਾਪਤ ਨਹੀਂ ਹੋਏ। ਇਸ ਕਾਰਨ ਬਿੱਲਾਂ ਨੂੰ ਠੀਕ ਕਰਨ ਦੀ ਪ੍ਰਕਿਰਿਆ ਵਿੱਚ ਵੀ ਮੁਸ਼ਕਲਾਂ ਆ ਰਹੀਆਂ ਹਨ ਅਤੇ ਖਪਤਕਾਰਾਂ ਨੂੰ ਵਾਰ-ਵਾਰ ਦਫ਼ਤਰਾਂ ਦੇ ਚੱਕਰ ਲਗਾਉਣੇ ਪੈ ਰਹੇ ਹਨ।

ਹਾਲਾਂਕਿ ਬਿਜਲੀ ਮੰਤਰੀ ਤਰੁਣਪ੍ਰੀਤ ਸਿੰਘ ਸੌਂਧ ਨੇ ਕਿਹਾ ਹੈ ਕਿ ਪੰਜਾਬ ਦੇ 63,702 ਪ੍ਰਭਾਵਿਤ ਖਪਤਕਾਰਾਂ ਦੇ 300 ਯੂਨਿਟ ਮੁਫ਼ਤ ਬਿਜਲੀ ਦੇ ਹੱਕ ਨੂੰ ਕਿਸੇ ਵੀ ਹਾਲਤ ਵਿੱਚ ਪ੍ਰਭਾਵਿਤ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸ਼ਿਕਾਇਤਾਂ ਦੇ ਨਿਪਟਾਰੇ ਲਈ 20 ਕਰਮਚਾਰੀਆਂ ਦੀ ਵਿਸ਼ੇਸ਼ ਟੀਮ ਵੀ ਤਾਇਨਾਤ ਕੀਤੀ ਗਈ ਹੈ, ਜੋ ਪ੍ਰਭਾਵਿਤ ਮਾਮਲਿਆਂ ਨੂੰ ਹੱਲ ਕਰਨ ਲਈ ਕੰਮ ਕਰ ਰਹੀ ਹੈ।

ਸਰਕਾਰ ਅਤੇ ਫਸ਼ਫਛ਼ਲ ਵੱਲੋਂ ਬਿੱਲਾਂ ਨੂੰ ਠੀਕ ਕਰਨ ਅਤੇ ਮੁਫ਼ਤ ਬਿਜਲੀ ਦੀ ਸਹੂਲਤ ਨੂੰ ਸੁਰੱਖਿਅਤ ਰੱਖਣ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਜਲੰਧਰ ਵਿੱਚ ਕਈ ਖਪਤਕਾਰਾਂ ਲਈ ਫਿਲਹਾਲ ਸਮੱਸਿਆ ਬਰਕਰਾਰ ਹੈ। ਜ਼ੀਰੋ ਬਿੱਲ ਦੀ ਉਮੀਦ ਰੱਖਣ ਵਾਲੇ ਲੋਕਾਂ ਨੂੰ ਹਜ਼ਾਰਾਂ ਰੁਪਏ ਦੇ ਬਿੱਲ ਮਿਲਣ ਕਾਰਨ ਉਨ੍ਹਾਂ ਦੀ ਜੇਬ ’ਤੇ ਵਾਧੂ ਬੋਝ ਪਿਆ ਹੈ ਅਤੇ ਲੋਕ ਜਲਦ ਤੋਂ ਜਲਦ ਇਸ ਸਮੱਸਿਆ ਦੇ ਹੱਲ ਦੀ ਮੰਗ ਕਰ ਰਹੇ ਹਨ।




# ਡੇਰਾ ਮੁਖੀ ਨੂੰ ਮੁੜ ਫਰਲੋ ਮਿਲਣ ’ਤੇ SGPC ਦਾ ਸਖ਼ਤ ਵਿਰੋਧ, ਧਾਮੀ ਨੇ ਸਰਕਾਰ ’ਤੇ ਲਾਏ ਪੱਖਪਾਤ ਦੇ ਦੋਸ਼

## ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ- ਇੱਕ ਪਾਸੇ ਡੇਰਾ ਮੁਖੀ ਨੂੰ ਵਾਰ-ਵਾਰ ਪੈਰੋਲ ਤੇ ਫਰਲੋ, ਦੂਜੇ ਪਾਸੇ ਬੰਦੀ ਸਿੰਘਾਂ ਨਾਲ ਵੱਖਰਾ ਰਵੱਈਆ

**ਸ੍ਰੀ ਅੰਮ੍ਰਿਤਸਰ**-ਵੱਖ-ਵੱਖ ਸੰਗੀਨ ਅਪਰਾਧਾਂ ਤਹਿਤ ਸਜ਼ਾ ਕੱਟ ਰਹੇ ਡੇਰਾ ਸਿਰਸਾ ਮੁਖੀ ਨੂੰ ਸਰਕਾਰ ਵੱਲੋਂ ਮੁੜ ਫਰਲੋ ਦਿੱਤੇ ਜਾਣ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ। ਸ਼ਘਫਛ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਰਕਾਰ ਦੇ ਇਸ ਫੈਸਲੇ ਨੂੰ ਦੋਹਰੀ ਅਤੇ ਪੱਖਪਾਤੀ ਪਹੁੰਚ ਕਰਾਰ ਦਿੰਦਿਆਂ ਇਸ ’ਤੇ ਸਵਾਲ ਖੜ੍ਹੇ ਕੀਤੇ ਹਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਇੱਕ ਪਾਸੇ ਡੇਰਾ ਮੁਖੀ ਨੂੰ ਵਾਰ-ਵਾਰ ਫਰਲੋ ਅਤੇ ਪੈਰੋਲ ਦੇ ਕੇ ਸਰਕਾਰਾਂ ਵੱਲੋਂ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਜਦਕਿ ਦੂਜੇ ਪਾਸੇ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਬੰਦੀ ਸਿੰਘਾਂ ਨੂੰ ਆਪਣੇ ਬਿਮਾਰ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕਰਨ ਲਈ ਵੀ ਪੈਰੋਲ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਕਿਹਾ ਕਿ ਅਜਿਹੀ ਪਹੁੰਚ ਦੇਸ਼ ਵਿੱਚ ਕਾਨੂੰਨ ਅਤੇ ਨਿਆਂ ਦੇ ਬਰਾਬਰ ਲਾਗੂ ਹੋਣ ਦੀ ਭਰੋਸੇਯੋਗਤਾ ’ਤੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ।

ਉਨ੍ਹਾਂ ਕਿਹਾ ਕਿ ਡੇਰਾ ਮੁਖੀ ਨੂੰ ਵਾਰ-ਵਾਰ ਪੈਰੋਲ ਅਤੇ ਫਰਲੋ ਦਿੱਤੇ ਜਾਣ ਅਤੇ ਬੰਦੀ ਸਿੰਘਾਂ ਦੇ ਮਾਮਲੇ ਵਿੱਚ ਵੱਖਰਾ ਰਵੱਈਆ ਅਪਣਾਏ ਜਾਣ ਨਾਲ ਸਰਕਾਰਾਂ ਦੀ ਨੀਤੀ ’ਤੇ ਸਵਾਲ ਉੱਠਦੇ ਹਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਸਥਿਤੀ ਉਸ ਸਮੇਂ ਹੋਰ ਵੀ ਚਿੰਤਾਜਨਕ ਬਣ ਜਾਂਦੀ ਹੈ, ਜਦੋਂ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਬੰਦੀ ਸਿੰਘਾਂ ਦੇ ਮਾਮਲੇ ਲਗਾਤਾਰ ਲਟਕ ਰਹੇ ਹਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਤਿੰਨ-ਤਿੰਨ ਦਹਾਕਿਆਂ ਤੋਂ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਨਜ਼ਰਬੰਦ ਬੰਦੀ ਸਿੰਘਾਂ ਦਾ ਮਾਮਲਾ ਸਰਕਾਰਾਂ ਦੀ ਪੱਖਪਾਤੀ ਨੀਤੀ ਦਾ ਪ੍ਰਤੀਕ ਬਣਿਆ ਹੋਇਆ ਹੈ।



ਉਨ੍ਹਾਂ ਦਾਅਵਾ ਕੀਤਾ ਕਿ ਕਈ ਬੰਦੀ ਸਿੰਘ ਆਪਣੀਆਂ ਕਾਨੂੰਨੀ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਪਰ ਇਸ ਦੇ ਬਾਵਜੂਦ ਉਨ੍ਹਾਂ ਦੀ ਰਿਹਾਈ ਦਾ ਮਾਮਲਾ ਅਜੇ ਵੀ ਲਟਕਾਇਆ ਜਾ ਰਿਹਾ ਹੈ।

ਸ਼ਘਫਛ ਪ੍ਰਧਾਨ ਨੇ ਕਿਹਾ ਕਿ ਸਰਕਾਰਾਂ ਵੱਲੋਂ ਸਿਆਸੀ ਲਾਹੇ ਲਈ ਡੇਰਾ ਮੁਖੀ ਦੇ ਗੰਭੀਰ ਅਪਰਾਧਾਂ ਨੂੰ ਅੱਖੋਂ-ਪਰੋਖੇ ਕਰਦਿਆਂ ਵਾਰ-ਵਾਰ ਪੈਰੋਲ ਅਤੇ ਫਰਲੋ ਦੇਣਾ ਅਤੇ ਦੂਜੇ ਪਾਸੇ ਬੰਦੀ ਸਿੰਘਾਂ ਨਾਲ ਵੱਖਰਾ ਰਵੱਈਆ ਅਪਣਾਉਣਾ ਬੇਹੱਦ ਚਿੰਤਾਜਨਕ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਦੀ ਨਜ਼ਰ ਵਿੱਚ ਸਾਰਿਆਂ ਨਾਲ ਬਰਾਬਰ ਵਿਵਹਾਰ ਹੋਣਾ ਚਾਹੀਦਾ ਹੈ ਅਤੇ ਸਰਕਾਰਾਂ ਨੂੰ ਕਿਸੇ ਵੀ ਵਿਅਕਤੀ ਜਾਂ ਸਮੂਹ ਨਾਲ ਦੋਹਰੇ ਮਾਪਦੰਡ ਨਹੀਂ ਅਪਣਾਉਣੇ ਚਾਹੀਦੇ।

ਐਡਵੋਕੇਟ ਧਾਮੀ ਨੇ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਬੰਦੀ ਸਿੰਘਾਂ ਦੇ ਮਾਮਲਿਆਂ ’ਤੇ ਵੀ ਗੰਭੀਰਤਾ ਨਾਲ ਵਿਚਾਰ ਕਰਨ ਅਤੇ ਜਿਨ੍ਹਾਂ ਕੈਦੀਆਂ ਨੇ ਆਪਣੀਆਂ ਕਾਨੂੰਨੀ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ, ਉਨ੍ਹਾਂ ਦੀ ਰਿਹਾਈ ਸਬੰਧੀ ਕਾਨੂੰਨੀ ਪ੍ਰਕਿਰਿਆ ਨੂੰ ਅੱਗੇ ਵਧਾਇਆ ਜਾਵੇ।

ਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂ ਡੇਰਾ ਮੁਖੀ ਦੇ ਮਾਮਲੇ ਵਿੱਚ ਵਾਰ-ਵਾਰ ਰਾਹਤ ਦੇਣਾ ਅਤੇ ਬੰਦੀ ਸਿੰਘਾਂ ਦੇ ਮਾਮਲੇ ਵਿੱਚ ਲੰਮੇ ਸਮੇਂ ਤੱਕ ਫੈਸਲਾ ਨਾ ਕਰਨਾ ਸਿੱਖ ਭਾਈਚਾਰੇ ਅੰਦਰ ਬੇਗਾਨਗੀ ਦੀ ਭਾਵਨਾ ਨੂੰ ਹੋਰ ਡੂੰਘਾ ਕਰ ਸਕਦਾ ਹੈ। ਉਨ੍ਹਾਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਦੋਹਰੇ ਮਾਪਦੰਡਾਂ ਤੋਂ ਬਚਣ ਅਤੇ ਨਿਆਂ ਤੇ ਕਾਨੂੰਨ ਦੀ ਬਰਾਬਰੀ ਨੂੰ ਯਕੀਨੀ ਬਣਾਉਣ।

# AI ਨਿਆਂਇਕ ਤਰਕ ਨੂੰ ਬਿਹਤਰ ਬਣਾ ਸਕਦਾ ਹੈ, ਪਰ ਜੱਜਾਂ ਦੇ ਫ਼ੈਸਲੇ ਦੀ ਥਾਂ ਨਹੀਂ ਲੈ ਸਕਦਾ: ਛਝੀ ਸੂਰਿਆ ਕਾਂਤ

## ਜਰਮਨੀ ਦੌਰੇ ਦੌਰਾਨ ਸੀ.ਜੇ.ਆਈ. ਨੇ ਨਿਆਂ ਪ੍ਰਣਾਲੀ ਵਿੱਚ ਤਕਨਾਲੋਜੀ ਦੀ ਵਰਤੋਂ, ਸਰਹੱਦ ਪਾਰ ਵਿਚੋਲਗੀ ਅਤੇ ਆਮ ਲੋਕਾਂ ਲਈ ਇਨਸਾਫ਼ ਤੱਕ ਆਸਾਨ ਪਹੁੰਚ ’ਤੇ ਦਿੱਤਾ ਜ਼ੋਰ




ਭਾਰਤ ਦੇ ਮੁੱਖ ਜੱਜ (CJI) ਸੂਰਿਆ ਕਾਂਤ ਨੇ ਬੁੱਧਵਾਰ ਨੂੰ ਕਿਹਾ ਕਿ ਅਦਾਲਤਾਂ ਵਿੱਚ ਆਰਟੀਫ਼ੀਸ਼ੀਅਲ ਇੰਟੈਲੀਜੈਂਸ (ਅੀ) ਦੀ ਵਰਤੋਂ ਨਿਆਂਇਕ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਅਤੇ ਜੱਜਾਂ ਦੀ ਮਦਦ ਕਰਨ ਲਈ ਕੀਤੀ ਜਾ ਸਕਦੀ ਹੈ, ਪਰ ਇਹ ਕਦੇ ਵੀ ਜੱਜਾਂ ਦੇ ਫ਼ੈਸਲੇ ਜਾਂ ਉਨ੍ਹਾਂ ਦੀ ਨਿਆਂਇਕ ਜ਼ਮੀਰ ਦੀ ਥਾਂ ਨਹੀਂ ਲੈ ਸਕਦੀ। ਉਨ੍ਹਾਂ ਕਿਹਾ ਕਿ ਅੀ ਨੂੰ ਅਦਾਲਤੀ ਕੰਮਕਾਜ ਵਿੱਚ ਸਹਾਇਕ ਸਾਧਨ ਵਜੋਂ ਵਰਤਿਆ ਜਾਣਾ ਚਾਹੀਦਾ ਹੈ ਅਤੇ ਇਸ ਦੀ ਸਹੀ ਵਰਤੋਂ ਤੇ ਨਿਗਰਾਨੀ ਲਈ ਇੱਕ ਸਥਾਈ ਕਮੇਟੀ ਬਣਾਉਣ ਦਾ ਪ੍ਰਸਤਾਵ ਵੀ ਰੱਖਿਆ ਗਿਆ ਹੈ।

ਜਰਮਨੀ ਦੇ ਫੈਡਰਲ ਕੋਰਟ ਦੇ ਪ੍ਰਧਾਨ ਜੱਜ ਨਾਲ ਮੁਲਾਕਾਤ

ਜਰਮਨੀ ਵਿੱਚ ਫੈਡਰਲ ਕੋਰਟ ਆਫ਼ ਜਸਟਿਸ ਦੇ ਪ੍ਰਧਾਨ ਜੱਜ ਉਲਰਿਖ ਹਰਮਨ ਨਾਲ ਵਿਸ਼ੇਸ਼ ਮੀਟਿੰਗ ਦੌਰਾਨ ਸੀ.ਜੇ.ਆਈ. ਸੂਰਿਆ ਕਾਂਤ ਨੇ ਨਿਆਂ ਪ੍ਰਣਾਲੀ ਵਿੱਚ ਤਕਨਾਲੋਜੀ ਦੀ ਵਧ ਰਹੀ ਭੂਮਿਕਾ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਭਾਰਤ ਦੀਆਂ ਅਦਾਲਤਾਂ ਵਿੱਚ ਅੀ ਦੀ ਵਰਤੋਂ ਇਸ ਸਮੇਂ ਮੁੱਖ ਤੌਰ ’ਤੇ ਸਹਾਇਕ ਅਤੇ ਪ੍ਰਸ਼ਾਸਨਿਕ ਕੰਮਾਂ ਲਈ ਕੀਤੀ ਜਾ ਰਹੀ ਹੈ।

ਉਨ੍ਹਾਂ ਮੁਤਾਬਕ ਅੀ ਦੀ ਮਦਦ ਨਾਲ ਕਾਨੂੰਨੀ ਜਾਣਕਾਰੀ ਲੱਭਣ, ਅਦਾਲਤੀ ਫ਼ੈਸਲਿਆਂ ਦਾ 16 ਵੱਖ-ਵੱਖ ਭਾਸ਼ਾਵਾਂ ਵਿੱਚ ਅਨੁਵਾਦ ਕਰਨ ਅਤੇ ਲੋਕਾਂ ਨੂੰ ਆਪਣੇ ਕੇਸਾਂ ਦੀ ਸਥਿਤੀ ਬਾਰੇ ਜਾਣਕਾਰੀ ਦੇਣ ਵਰਗੇ ਕੰਮ ਕੀਤੇ ਜਾ ਰਹੇ ਹਨ। ਹਾਲਾਂਕਿ ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਤਕਨੀਕੀ ਸਾਧਨ ਅਦਾਲਤੀ ਫ਼ੈਸਲੇ ਲੈਣ ਲਈ ਅਧਿਕਾਰਤ ਨਹੀਂ ਹਨ।

ਸੀ.ਜੇ.ਆਈ. ਸੂਰਿਆ ਕਾਂਤ ਨੇ ਕਿਹਾ ਕਿ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਜੱਜਾਂ ਦੇ ਸੋਚ-ਵਿਚਾਰ ਅਤੇ ਨਿਆਂਇਕ ਤਰਕ ਵਿੱਚ ਸਹਾਇਤਾ ਕਰ ਸਕਦੀ ਹੈ, ਪਰ ਅੰਤਿਮ ਫ਼ੈਸਲਾ ਸਿਰਫ਼ ਕਾਨੂੰਨੀ ਤੌਰ ’ਤੇ ਅਧਿਕਾਰਤ ਜੱਜ ਹੀ ਲੈਣਗੇ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਨਿਯਮਾਂ ਅਨੁਸਾਰ ਅੀ ਦੀ ਵਰਤੋਂ ਦਫ਼ਤਰੀ ਅਤੇ ਸਹਾਇਕ ਕੰਮਾਂ ਤੱਕ ਸੀਮਤ ਰਹੇਗੀ।

ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਗਵਾਹਾਂ ਦੀ ਭਰੋਸੇਯੋਗਤਾ ਜਾਂ ਜ਼ਮਾਨਤ ਵਰਗੇ ਸੰਵੇਦਨਸ਼ੀਲ ਮਾਮਲਿਆਂ ਵਿੱਚ ਅੀ ਨੂੰ ਫ਼ੈਸਲਾ ਲੈਣ ਦਾ ਅਧਿਕਾਰ ਨਹੀਂ ਦਿੱਤਾ ਜਾ ਸਕਦਾ। ਅਜਿਹੇ ਮਾਮਲਿਆਂ ਵਿੱਚ ਮਨੁੱਖੀ ਨਿਆਂਇਕ ਵਿਵੇਕ ਅਤੇ ਕਾਨੂੰਨੀ ਸਮਝ ਹੀ ਸਭ ਤੋਂ ਮਹੱਤਵਪੂਰਨ ਰਹੇਗੀ।

ਤਕਨਾਲੋਜੀ ਨਾਲ ਨਿਆਂ ਪ੍ਰਣਾਲੀ ਨੂੰ ਬਣਾਉਣ ਦੀ ਕੋਸ਼ਿਸ਼

ਸੀ.ਜੇ.ਆਈ. ਨੇ ਕਿਹਾ ਕਿ ਭਾਰਤ ਅਤੇ ਜਰਮਨੀ ਦੋਵੇਂ ਇਸ ਗੱਲ ਨਾਲ ਸਹਿਮਤ ਹਨ ਕਿ ਅਦਾਲਤਾਂ ਵਿੱਚ ਤਕਨਾਲੋਜੀ ਦੀ ਵਰਤੋਂ ਵਧਾਉਣ ਦੇ ਬਾਵਜੂਦ ਅੰਤਿਮ ਫ਼ੈਸਲੇ ਸਿਰਫ਼ ਕਾਨੂੰਨੀ ਤੌਰ ’ਤੇ ਅਧਿਕਾਰਤ ਜੱਜ ਹੀ ਕਰਨਗੇ।

ਉਨ੍ਹਾਂ ਕਿਹਾ ਕਿ ਭਾਰਤ ਦਾ ਉਦੇਸ਼ ਸਿਰਫ਼ ਅਦਾਲਤਾਂ ਨੂੰ ਤਕਨੀਕੀ ਤੌਰ ’ਤੇ ਆਧੁਨਿਕ ਬਣਾਉਣਾ ਨਹੀਂ ਹੈ। ਇਸ ਦੇ ਨਾਲ-ਨਾਲ ਕੋਸ਼ਿਸ਼ ਇਹ ਹੈ ਕਿ ਨਿਆਂ ਪ੍ਰਣਾਲੀ ਆਮ ਲੋਕਾਂ ਲਈ ਵਧੇਰੇ ਆਸਾਨ, ਪਾਰਦਰਸ਼ੀ ਅਤੇ ਭਰੋਸੇਮੰਦ ਬਣੇ। ਤਕਨਾਲੋਜੀ ਦੀ ਮਦਦ ਨਾਲ ਲੋਕਾਂ ਨੂੰ ਆਪਣੇ ਕੇਸਾਂ ਨਾਲ ਜੁੜੀ ਜਾਣਕਾਰੀ ਆਸਾਨੀ ਨਾਲ ਮਿਲ ਸਕੇ ਅਤੇ ਨਿਆਂ ਤੱਕ ਪਹੁੰਚ ਦੀਆਂ ਮੁਸ਼ਕਲਾਂ ਘੱਟ ਹੋਣ।

ਵਿਚੋਲਗੀ ਅਤੇ ਲੋਕ ਅਦਾਲਤਾਂ ਨੂੰ ਪਹਿਲ

ਸੀ.ਜੇ.ਆਈ. ਸੂਰਿਆ ਕਾਂਤ ਨੇ ਕਿਹਾ ਕਿ ਅਦਾਲਤਾਂ ਵਿੱਚ ਲੰਬਿਤ ਮਾਮਲਿਆਂ ਨੂੰ ਘਟਾਉਣ ਅਤੇ ਲੋਕਾਂ ਨੂੰ ਜਲਦੀ ਨਿਆਂ ਦਿਵਾਉਣ ਲਈ ਆਪਸੀ ਸਮਝੌਤਿਆਂ ਰਾਹੀਂ ਕੇਸਾਂ ਦੇ ਨਿਪਟਾਰੇ, ਵਿਚੋਲਗੀ ਅਤੇ ਲੋਕ ਅਦਾਲਤਾਂ ਨੂੰ ਉਤਸ਼ਾਹਿਤ ਕਰਨਾ ਉਨ੍ਹਾਂ ਦੀਆਂ ਮੁੱਖ ਤਰਜੀਹਾਂ ਵਿੱਚ ਰਿਹਾ ਹੈ।

ਉਨ੍ਹਾਂ ਕਿਹਾ ਕਿ ਵਿਚੋਲਗੀ ਅਤੇ ਲੋਕ ਅਦਾਲਤਾਂ ਰਾਹੀਂ ਮਾਮਲਿਆਂ ਦੇ ਨਿਪਟਾਰੇ ਨਾਲ ਲੋਕਾਂ ਦਾ ਸਮਾਂ ਅਤੇ ਖ਼ਰਚ ਦੋਵੇਂ ਬਚ ਸਕਦੇ ਹਨ। ਇਸ ਦੇ ਨਾਲ ਹੀ ਵੱਡੇ ਸ਼ਹਿਰਾਂ ਤੋਂ ਦੂਰ ਰਹਿਣ ਵਾਲੇ ਲੋਕਾਂ ਲਈ ਵੀ ਨਿਆਂ ਪ੍ਰਣਾਲੀ ਤੱਕ ਪਹੁੰਚ ਵਧੇਰੇ ਆਸਾਨ ਬਣ ਸਕਦੀ ਹੈ।

ਜਰਮਨੀ ਅਤੇ ਯੂ.ਕੇ. ਦੇ ਚਾਰ ਦਿਨਾਂ ਦੌਰੇ ’ਤੇ ਛਝੀ

ਦੱਸਣਯੋਗ ਹੈ ਕਿ ਸੀ.ਜੇ.ਆਈ. ਸੂਰਿਆ ਕਾਂਤ ਇਸ ਸਮੇਂ ਚਾਰ ਦਿਨਾਂ ਦੇ ਦੌਰੇ ’ਤੇ ਜਰਮਨੀ ਅਤੇ ਯੂ.ਕੇ. ਗਏ ਹੋਏ ਹਨ। ਇਸ ਦੌਰੇ ਦੌਰਾਨ ਉਹ ਨਿਆਂ ਪ੍ਰਣਾਲੀ, ਤਕਨਾਲੋਜੀ ਦੀ ਵਰਤੋਂ, ਵਿਚੋਲਗੀ ਅਤੇ ਦੋਵਾਂ ਦੇਸ਼ਾਂ ਦੀਆਂ ਨਿਆਂਇਕ ਸੰਸਥਾਵਾਂ ਨਾਲ ਸਬੰਧਤ ਕਈ ਮਹੱਤਵਪੂਰਨ ਪ੍ਰੋਗਰਾਮਾਂ ਅਤੇ ਮੀਟਿੰਗਾਂ ਵਿੱਚ ਹਿੱਸਾ ਲੈ ਰਹੇ ਹਨ।

# ਵਿਦੇਸ਼ਾਂ ’ਚ ਗੂੰਜੇਗੀ ਸਿੱਧੂ ਮੂਸੇਵਾਲਾ ਦੀ ਥਾਪੀ, ਹੋਲੋਗ੍ਰਾਮ ਰਾਹੀਂ ਹੋਣਗੇ ਲਾਈਵ ਸ਼ੋਅ

## 8 ਅਕਤੂਬਰ ਤੋਂ ਟੋਰਾਂਟੋ ’ਚ ਸ਼ੁਰੂ ਹੋਵੇਗਾ ਵਿਸ਼ੇਸ਼ ਪ੍ਰੋਗਰਾਮ; ਕੈਲਗਰੀ ਸਮੇਤ ਦਰਜਨਾਂ ਦੇਸ਼ਾਂ ’ਚ ਦਰਸ਼ਕ ਵੇਖ ਸਕਣਗੇ ਮਰਹੂਮ ਗਾਇਕ ਦੀ ਪੇਸ਼ਕਾਰੀ

ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਨੂੰ ਇਸ ਦੁਨੀਆ ਤੋਂ ਰੁਖ਼ਸਤ ਹੋਇਆਂ ਭਾਵੇਂ ਕਰੀਬ ਚਾਰ ਸਾਲ ਬੀਤ ਚੁੱਕੇ ਹਨ, ਪਰ ਹੁਣ ਉਨ੍ਹਾਂ ਦੇ ਗੀਤਾਂ ਦੀ ਥਾਪੀ ਵਿਦੇਸ਼ਾਂ ਵਿੱਚ ਮੁੜ ਗੂੰਜਣ ਜਾ ਰਹੀ ਹੈ। ਵਿਸ਼ੇਸ਼ ਹੋਲੋਗ੍ਰਾਮ ਤਕਨੀਕ ਰਾਹੀਂ ਤਿਆਰ ਕੀਤੇ ਗਏ ਸਿੱਧੂ ਮੂਸੇਵਾਲਾ ਦੇ ਲਾਈਵ ਪ੍ਰੋਗਰਾਮਾਂ ਦੀ ਸ਼ੁਰੂਆਤ 8 ਅਕਤੂਬਰ ਤੋਂ ਟੋਰਾਂਟੋ ਵਿੱਚ ਹੋਵੇਗੀ। ਇਸ ਤੋਂ ਬਾਅਦ ਕੈਲਗਰੀ ਸਮੇਤ ਦਰਜਨਾਂ ਹੋਰ ਦੇਸ਼ਾਂ ਵਿੱਚ ਵੀ ਇਹ ਪ੍ਰੋਗਰਾਮ ਦਰਸ਼ਕਾਂ ਨੂੰ ਵਿਖਾਏ ਜਾਣਗੇ।

ਇਸ ਪ੍ਰੋਗਰਾਮ ਲਈ ਸਿੱਧੂ ਮੂਸੇਵਾਲਾ ਦੇ ਮਸ਼ਹੂਰ ਗੀਤ ‘295’ ਦੀ ਵਿਸ਼ੇਸ਼ ਵੀਡੀਓ ਤਿਆਰ ਕੀਤੀ ਗਈ ਹੈ, ਜਿਸ ਨੂੰ 8 ਅਕਤੂਬਰ ਨੂੰ ਟੋਰਾਂਟੋ ਵਿੱਚ ਰਿਲੀਜ਼ ਕੀਤਾ ਜਾਵੇਗਾ। ਹੁਣ ਤੱਕ ਇਸ ਗੀਤ ਨੂੰ 868 ਮਿਲੀਅਨ ਤੋਂ ਵੱਧ ਵਿਊਜ਼ ਮਿਲ ਚੁੱਕੇ ਹਨ।

ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਦੱਸਿਆ ਕਿ ਇਨ੍ਹਾਂ ਪ੍ਰੋਗਰਾਮਾਂ ਲਈ ਵਿਸ਼ੇਸ਼ ਤਕਨੀਕ ਦੀ ਮਦਦ ਨਾਲ ਸਟੇਜ ਤਿਆਰ ਕੀਤੀ ਗਈ ਹੈ। ਇਸ ਦੌਰਾਨ ਅਸਮਾਨ ਤੋਂ ਆਉਂਦੀਆਂ ਕਿਰਨਾਂ ਦੀ ਮਦਦ ਨਾਲ ਮੰਚ ’ਤੇ ਸਿੱਧੂ ਮੂਸੇਵਾਲਾ ਦਾ ਹੋਲੋਗ੍ਰਾਮ ਨਜ਼ਰ ਆਵੇਗਾ, ਜੋ ਤੁਰਦਾ-ਫਿਰਦਾ ਅਤੇ ਗੀਤ ਗਾਉਂਦਾ ਹੋਇਆ ਦਿਖਾਈ ਦੇਵੇਗਾ।



ਉਨ੍ਹਾਂ ਕਿਹਾ ਕਿ ਪੇਸ਼ਕਾਰੀ ਇਸ ਤਰ੍ਹਾਂ ਤਿਆਰ ਕੀਤੀ ਗਈ ਹੈ ਕਿ ਦਰਸ਼ਕਾਂ ਨੂੰ ਕੁਝ ਪਲਾਂ ਲਈ ਅਜਿਹਾ ਮਹਿਸੂਸ ਹੋਵੇਗਾ ਜਿਵੇਂ ਸਿੱਧੂ ਮੂਸੇਵਾਲਾ ਮੁੜ ਉਨ੍ਹਾਂ ਦੇ ਸਾਹਮਣੇ ਆ ਗਿਆ ਹੋਵੇ।

ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਇਸ ਵਿਸ਼ੇਸ਼ ਤਕਨੀਕ ਰਾਹੀਂ ਵਿਦੇਸ਼ਾਂ ਵਿੱਚ ਸ਼ੋਅ ਕਰਨ ਵਾਲਾ ਸਿੱਧੂ ਮੂਸੇਵਾਲਾ ਦੁਨੀਆ ਦਾ ਪਹਿਲਾ ਗਾਇਕ ਹੋਵੇਗਾ। ਇਨ੍ਹਾਂ ਪ੍ਰੋਗਰਾਮਾਂ ਦੌਰਾਨ ਉਸ ਦੇ ਮਸ਼ਹੂਰ ਗੀਤ ਦਰਸ਼ਕਾਂ ਲਈ ਪੇਸ਼ ਕੀਤੇ ਜਾਣਗੇ ਅਤੇ ਉਸ ਦੀ ਗਾਇਕੀ ਦੀ ਥਾਪੀ ਮੁੜ ਵਿਦੇਸ਼ੀ ਧਰਤੀ ’ਤੇ ਸੁਣਾਈ ਦੇਵੇਗੀ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਸਮਾਗਮਾਂ ਵਿੱਚ ਗਾਇਕ ਗੁਲਾਬ ਸਿੱਧੂ ਅਤੇ ਰਜ਼ਾ ਕੁਮਾਰੀ ਸਮੇਤ ਹੋਰ ਕਲਾਕਾਰ ਵੀ ਸ਼ਾਮਲ ਹੋਣਗੇ। ਟੋਰਾਂਟੋ ਤੋਂ ਸ਼ੁਰੂ ਹੋਣ ਵਾਲੀ ਇਹ ਲੜੀ ਬਾਅਦ ਵਿੱਚ ਕੈਲਗਰੀ ਅਤੇ ਹੋਰ ਵਿਦੇਸ਼ੀ ਸ਼ਹਿਰਾਂ ਤੱਕ ਪਹੁੰਚੇਗੀ, ਜਿੱਥੇ ਸਿੱਧੂ ਮੂਸੇਵਾਲਾ ਦੇ ਪ੍ਰਸ਼ੰਸਕ ਉਸ ਦੀ ਵਿਸ਼ੇਸ਼ ਹੋਲੋਗ੍ਰਾਮ ਪੇਸ਼ਕਾਰੀ ਦਾ ਅਨੁਭਵ ਕਰ ਸਕਣਗੇ।

# ਚੰਨੀ ਦੀ ਤਾਰੀਫ਼ ਨੇ ਕਾਂਗਰਸ ਵਿੱਚ ਛੇੜੀ ਨਵੀਂ ਚਰਚਾ, ਅੰਮ੍ਰਿਤਪਾਲ ਸਿੰਘ ਦੇ ਪਿਤਾ ਦੀ ਵੀਡੀਓ ਸਾਂਝੀ ਕਰਨ ’ਤੇ ਉੱਠੇ ਸਵਾਲ





**ਚੰਡੀਗੜ੍ਹ** – ਪੰਥਕ ਮੁੱਦਿਆਂ ’ਤੇ ਚੰਨੀ ਦੇ ਸਟੈਂਡ ਦੀ ਤਰਸੇਮ ਸਿੰਘ ਵੱਲੋਂ ਖੁੱਲ੍ਹ ਕੇ ਸ਼ਲਾਘਾ; ਕਾਂਗਰਸ ਲੀਡਰਸ਼ਿਪ ਪਹਿਲਾਂ ਹੀ ਚੰਨੀ ਦੇ ਅੰਮ੍ਰਿਤਪਾਲ ਸਿੰਘ ਸਬੰਧੀ ਬਿਆਨ ਤੋਂ ਬਣਾ ਚੁੱਕੀ ਹੈ ਦੂਰੀ

ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਅਤੇ ‘ਅਕਾਲੀ ਦਲ ਵਾਰਿਸ ਪੰਜਾਬ ਦੇ’ ਦੇ ਕਾਰਜਕਾਰੀ ਪ੍ਰਧਾਨ ਤਰਸੇਮ ਸਿੰਘ ਵੱਲੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸੀ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਦੀ ਖੁੱਲ੍ਹ ਕੇ ਕੀਤੀ ਗਈ ਤਾਰੀਫ਼ ਨੇ ਕਾਂਗਰਸ ਦੇ ਅੰਦਰੂਨੀ ਹਲਕਿਆਂ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਇਸ ਮਾਮਲੇ ਵਿੱਚ ਸਭ ਤੋਂ ਵੱਧ ਧਿਆਨ ਖਿੱਚਣ ਵਾਲੀ ਗੱਲ ਇਹ ਹੈ ਕਿ ਚਰਨਜੀਤ ਸਿੰਘ ਚੰਨੀ ਨੇ ਖ਼ੁਦ ਤਰਸੇਮ ਸਿੰਘ ਵੱਲੋਂ ਉਨ੍ਹਾਂ ਦੀ ਸ਼ਲਾਘਾ ਕਰਦਿਆਂ ਬਣਾਈ ਗਈ ਵੀਡੀਓ ਨੂੰ ਆਪਣੇ ਅਧਿਕਾਰਤ ਸਮਾਜਿਕ ਮੀਡੀਆ ਖਾਤਿਆਂ ’ਤੇ ਸਾਂਝਾ ਕੀਤਾ ਹੈ।


ਤਰਸੇਮ ਸਿੰਘ ਵੱਲੋਂ ਚੰਨੀ ਦੀ ਇਹ ਸ਼ਲਾਘਾ ਉਸ ਸਮੇਂ ਸਾਹਮਣੇ ਆਈ ਹੈ ਜਦੋਂ ਚਰਨਜੀਤ ਸਿੰਘ ਚੰਨੀ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀ ਸੱਜਣ ਕੁਮਾਰ ਪ੍ਰਤੀ ਹਮਦਰਦੀ ਜ਼ਾਹਰ ਕਰਨ ਵਾਲੇ ਆਪਣੀ ਹੀ ਪਾਰਟੀ ਦੇ ਆਗੂਆਂ ’ਤੇ ਤਿੱਖਾ ਹਮਲਾ ਬੋਲਿਆ ਸੀ। ਚੰਨੀ ਨੇ ਸੱਜਣ ਕੁਮਾਰ ਨੂੰ ‘ਸਿੱਖਾਂ ਦਾ ਕਾਤਲ ਅਤੇ ਇਨਸਾਨੀਅਤ ਦਾ ਗੱਦਾਰ’ ਕਰਾਰ ਦਿੰਦਿਆਂ ਉਸ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਹਮਦਰਦੀ ਦਾ ਵਿਰੋਧ ਕੀਤਾ ਸੀ।

ਇਸ ਤੋਂ ਪਹਿਲਾਂ ਵੀ ਚਰਨਜੀਤ ਸਿੰਘ ਚੰਨੀ ਉਸ ਸਮੇਂ ਚਰਚਾ ਵਿੱਚ ਆਏ ਸਨ, ਜਦੋਂ ਉਨ੍ਹਾਂ ਨੇ ਲੋਕ ਸਭਾ ਵਿੱਚ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨਾਲ ਹੋ ਰਹੀ ਕਥਿਤ ਬੇਇਨਸਾਫ਼ੀ ਦਾ ਮੁੱਦਾ ਚੁੱਕਿਆ ਸੀ। ਚੰਨੀ ਨੇ ਸੰਸਦ ਵਿੱਚ ਅੰਮ੍ਰਿਤਪਾਲ ਸਿੰਘ ਨਾਲ ਸਬੰਧਤ ਮਾਮਲੇ ’ਤੇ ਆਪਣੀ ਗੱਲ ਰੱਖਦਿਆਂ ਸਰਕਾਰ ’ਤੇ ਸਵਾਲ ਖੜ੍ਹੇ ਕੀਤੇ ਸਨ।

ਚੰਨੀ ਦੇ ਇਸ ਬਿਆਨ ਤੋਂ ਬਾਅਦ ਕਾਂਗਰਸ ਦੇ ਰਾਸ਼ਟਰੀ ਤਰਜਮਾਨ ਜੈਰਾਮ ਰਮੇਸ਼ ਨੇ ਸਪੱਸ਼ਟ ਕੀਤਾ ਸੀ ਕਿ ਚਰਨਜੀਤ ਸਿੰਘ ਚੰਨੀ ਵੱਲੋਂ ਦਿੱਤਾ ਗਿਆ ਬਿਆਨ ਉਨ੍ਹਾਂ ਦਾ ਨਿੱਜੀ ਵਿਚਾਰ ਹੈ ਅਤੇ ਕਾਂਗਰਸ ਪਾਰਟੀ ਦਾ ਇਸ ਬਿਆਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਸ ਸਪੱਸ਼ਟੀਕਰਨ ਤੋਂ ਬਾਅਦ ਪਾਰਟੀ ਦੇ ਅੰਦਰ ਚੰਨੀ ਵੱਲੋਂ ਚੁੱਕੇ ਜਾ ਰਹੇ ਪੰਥਕ ਮੁੱਦਿਆਂ ਅਤੇ ਉਨ੍ਹਾਂ ਦੇ ਰਾਜਨੀਤਿਕ ਰੁਖ਼ ਨੂੰ ਲੈ ਕੇ ਚਰਚਾ ਹੋਰ ਤੇਜ਼ ਹੋ ਗਈ ਸੀ।

ਹੁਣ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਵੱਲੋਂ ਚੰਨੀ ਦੀ ਖੁੱਲ੍ਹ ਕੇ ਕੀਤੀ ਗਈ ਸ਼ਲਾਘਾ ਅਤੇ ਇਸ ਵੀਡੀਓ ਨੂੰ ਚੰਨੀ ਵੱਲੋਂ ਆਪਣੇ ਸਮਾਜਿਕ ਮੀਡੀਆ ਖਾਤਿਆਂ ’ਤੇ ਸਾਂਝਾ ਕਰਨ ਨਾਲ ਇਹ ਮਾਮਲਾ ਮੁੜ ਸੁਰਖੀਆਂ ਵਿੱਚ ਆ ਗਿਆ ਹੈ। ਇਸ ਨੂੰ ਲੈ ਕੇ ਕਾਂਗਰਸ ਦੇ ਅੰਦਰ ਵੀ ਵੱਖ-ਵੱਖ ਤਰ੍ਹਾਂ ਦੀਆਂ ਚਰਚਾਵਾਂ ਹੋ ਰਹੀਆਂ ਹਨ ਅਤੇ ਸਵਾਲ ਉੱਠ ਰਹੇ ਹਨ ਕਿ ਚੰਨੀ ਵੱਲੋਂ ਪੰਥਕ ਮੁੱਦਿਆਂ ਨੂੰ ਲਗਾਤਾਰ ਤਰਜੀਹ ਦੇਣਾ ਕਾਂਗਰਸ ਦੀ ਰਵਾਇਤੀ ਰਾਜਨੀਤਿਕ ਪਹੁੰਚ ਨਾਲ ਕਿਵੇਂ ਮੇਲ ਖਾਂਦਾ ਹੈ।

ਕਾਂਗਰਸ ਦੇ ਇੱਕ ਸੀਨੀਅਰ ਆਗੂ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ ’ਤੇ ਕਿਹਾ ਕਿ ਚਰਨਜੀਤ ਸਿੰਘ ਚੰਨੀ ਹੁਣ ‘ਪੰਥਕ ਰਾਜਨੀਤੀ’ ਵਿੱਚ ਪੈਰ ਧਰਦੇ ਨਜ਼ਰ ਆ ਰਹੇ ਹਨ। ਉਨ੍ਹਾਂ ਮੁਤਾਬਕ ਇਹ ਉਹ ਖੇਤਰ ਹੈ, ਜਿਸ ਤੋਂ ਕਾਂਗਰਸ ਪਾਰਟੀ ਰਵਾਇਤੀ ਤੌਰ ’ਤੇ ਦੂਰੀ ਬਣਾਈ ਰੱਖਦੀ ਆਈ ਹੈ। ਆਗੂ ਦਾ ਕਹਿਣਾ ਹੈ ਕਿ ਚੰਨੀ ਵੱਲੋਂ ਅੰਮ੍ਰਿਤਪਾਲ ਸਿੰਘ, 1984 ਦੇ ਦੰਗਿਆਂ ਅਤੇ ਹੋਰ ਪੰਥਕ ਮੁੱਦਿਆਂ ’ਤੇ ਲਏ ਜਾ ਰਹੇ ਸਟੈਂਡ ਨੇ ਪਾਰਟੀ ਦੇ ਅੰਦਰ ਉਨ੍ਹਾਂ ਦੀ ਰਾਜਨੀਤਿਕ ਭੂਮਿਕਾ ਅਤੇ ਰੁਖ਼ ਨੂੰ ਲੈ ਕੇ ਨਵੀਂ ਬਹਿਸ ਨੂੰ ਜਨਮ ਦਿੱਤਾ ਹੈ।









# ਦਿਨੁਸ਼ਾ ਦੀ ਧਮਾਕੇਦਾਰ ਪਾਰੀ ਨੇ ਭਾਰਤ ਨੂੰ ਜਿੱਤ ਤੋਂ ਰੋਕਿਆ ਸ੍ਰੀਲੰਕਾ ਨਾਲ ਟੈਸਟ ਲੜੀ 1-0 ਨਾਲ ਜਿੱਤਿਆ ਭਾਰਤ

## 133 ਦੌੜਾਂ ਦੀ ਨਾਬਾਦ ਪਾਰੀ ਖੇਡ ਕੇ ਦਿਨੁਸ਼ਾ ਬਣੇ ਸ੍ਰੀਲੰਕਾ ਦੀ ਵਾਪਸੀ ਦੇ ਹੀਰੋ; ਫਾਲੋ-ਔਨ ਦੇ ਬਾਵਜੂਦ ਮੇਜ਼ਬਾਨ ਟੀਮ ਨੇ ਦੂਜਾ ਟੈਸਟ ਡਰਾਅ ਕਰਵਾਇਆ

ਸੋਨਲ ਦਿਨੁਸ਼ਾ ਦੀ ਸ਼ਾਨਦਾਰ ਅਤੇ ਅਣਥੱਕ ਨਾਬਾਦ 133 ਦੌੜਾਂ ਦੀ ਪਾਰੀ ਦੀ ਬਦੌਲਤ ਸ੍ਰੀਲੰਕਾ ਨੇ ਦੂਜੇ ਅਤੇ ਆਖ਼ਰੀ ਟੈਸਟ ਮੈਚ ਵਿੱਚ ਹਾਰ ਤੋਂ ਬਚਦਿਆਂ ਯਾਦਗਾਰ ਡਰਾਅ ਖੇਡਿਆ। ਸ੍ਰੀਲੰਕਾ ਨੇ ਲਗਾਤਾਰ ਗੇਂਦਬਾਜ਼ੀ ਕਰ ਰਹੀ ਭਾਰਤੀ ਟੀਮ, ਪੰਜਵੇਂ ਦਿਨ ਦੀ ਪਿੱਚ ਅਤੇ ਫਾਲੋ-ਔਨ ਦੇ ਦਬਾਅ ਦਾ ਡਟ ਕੇ ਸਾਹਮਣਾ ਕੀਤਾ ਅਤੇ ਮੈਚ ਨੂੰ ਬਚਾਉਣ ਵਿੱਚ ਸਫਲ ਰਹੀ।

ਹਾਲਾਂਕਿ ਗਾਲੇ ਵਿੱਚ ਖੇਡੇ ਗਏ ਪਹਿਲੇ ਟੈਸਟ ਮੈਚ ਵਿੱਚ ਭਾਰਤ ਨੇ 165 ਦੌੜਾਂ ਨਾਲ ਸ਼ਾਨਦਾਰ ਜਿੱਤ ਦਰਜ ਕੀਤੀ ਸੀ। ਇਸ ਜਿੱਤ ਦੇ ਆਧਾਰ ’ਤੇ ਭਾਰਤ ਨੇ ਦੋ ਮੈਚਾਂ ਦੀ ਟੈਸਟ ਲੜੀ 1-0 ਨਾਲ ਆਪਣੇ ਨਾਂ ਕਰ ਲਈ। ਦੂਜੇ ਪਾਸੇ ਸ੍ਰੀਲੰਕਾ ਨੇ ਦੂਜੇ ਟੈਸਟ ਵਿੱਚ ਜਿਸ ਤਰ੍ਹਾਂ ਦੀ ਜ਼ਬਰਦਸਤ ਵਾਪਸੀ ਕੀਤੀ, ਉਸ ’ਤੇ ਮੇਜ਼ਬਾਨ ਟੀਮ ਨੂੰ ਮਾਣ ਹੋਵੇਗਾ।

ਦਿਨੁਸ਼ਾ ਇਸ ਮੈਚ ਵਿੱਚ ਸ੍ਰੀਲੰਕਾ ਲਈ ਸਭ ਤੋਂ ਵੱਡੇ ਸਹਾਰੇ ਵਜੋਂ ਸਾਹਮਣੇ ਆਏ। ਉਨ੍ਹਾਂ ਨੇ 420 ਮਿੰਟਾਂ ਤੱਕ ਬੱਲੇਬਾਜ਼ੀ ਕਰਦਿਆਂ 264 ਗੇਂਦਾਂ ਦਾ ਸਾਹਮਣਾ ਕੀਤਾ ਅਤੇ ਨਾਬਾਦ 133 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ। ਇਸ ਦੌਰਾਨ ਉਨ੍ਹਾਂ ਨੇ ਇਸ ਲੜੀ ਵਿੱਚ ਆਪਣਾ ਤੀਜਾ ਸੈਂਕੜਾ ਲਗਾਇਆ। ਖ਼ਾਸ ਗੱਲ ਇਹ ਰਹੀ ਕਿ ਦਿਨੁਸ਼ਾ ਨੇ ਇਸ ਲੜੀ ਦੀਆਂ ਆਪਣੀਆਂ ਚਾਰੋਂ ਪਾਰੀਆਂ ਵਿੱਚ 50 ਤੋਂ ਵੱਧ ਦੌੜਾਂ ਬਣਾਈਆਂ।

ਦੋ ਮੈਚਾਂ ਦੀ ਇਸ ਲੜੀ ਦੌਰਾਨ ਦਿਨੁਸ਼ਾ ਨੇ ਕੁੱਲ 722 ਗੇਂਦਾਂ ਦਾ ਸਾਹਮਣਾ ਕੀਤਾ ਅਤੇ 1139 ਮਿੰਟ ਤੱਕ ਕ੍ਰੀਜ਼ ’ਤੇ ਡਟੇ ਰਹੇ। 25 ਸਾਲਾ ਦਿਨੁਸ਼ਾ ਨੇ ਇਸ ਪ੍ਰਦਰਸ਼ਨ ਨਾਲ ਟੈਸਟ ਕ੍ਰਿਕਟ ਦੇ ਇੱਕ ਵਿਸ਼ੇਸ਼ ਰਿਕਾਰਡ ਕਲੱਬ ਵਿੱਚ ਵੀ ਜਗ੍ਹਾ ਬਣਾ ਲਈ।

ਉਹ ਟੈਸਟ ਕ੍ਰਿਕਟ ਦੇ ਇਤਿਹਾਸ ਵਿੱਚ ਤੀਜੇ ਅਜਿਹੇ ਬੱਲੇਬਾਜ਼ ਬਣ ਗਏ ਹਨ, ਜਿਸ ਨੇ ਉਸ ਟੈਸਟ ਮੈਚ ਵਿੱਚ ਦੋਹਰਾ ਸੈਂਕੜਾ ਲਗਾਇਆ, ਜਿਸ ਵਿੱਚ ਉਸ ਦੀ ਟੀਮ ਨੂੰ ਫਾਲੋ-ਔਨ ਮਿਲਿਆ ਸੀ। ਇਸ ਦੇ ਨਾਲ ਹੀ ਉਹ ਭਾਰਤ ਦੇ ਵਿਜੈ ਹਜ਼ਾਰੇ ਅਤੇ ਜ਼ਿੰਬਾਬਵੇ ਦੇ ਐਂਡੀ ਫਲਾਵਰ ਵਰਗੇ ਮਹਾਨ ਬੱਲੇਬਾਜ਼ਾਂ ਦੇ ਵਿਸ਼ੇਸ਼ ਕਲੱਬ ਵਿੱਚ ਸ਼ਾਮਲ ਹੋ ਗਏ ਹਨ।




ਦਿਨੁਸ਼ਾ ਦੀ ਸ਼ਾਨਦਾਰ ਪਾਰੀ ਅਤੇ ਸ੍ਰੀਲੰਕਾਈ ਬੱਲੇਬਾਜ਼ਾਂ ਦੀ ਜੁਝਾਰੂ ਬੱਲੇਬਾਜ਼ੀ ਦੇ ਚਲਦਿਆਂ ਸ੍ਰੀਲੰਕਾ ਨੇ ਆਪਣੀ ਦੂਜੀ ਪਾਰੀ 429 ਦੌੜਾਂ ’ਤੇ 9 ਵਿਕਟਾਂ ਦੇ ਨੁਕਸਾਨ ਨਾਲ ਘੋਸ਼ਿਤ ਕਰ ਦਿੱਤੀ। ਇਸ ਨਾਲ ਸ੍ਰੀਲੰਕਾ ਦੀ ਕੁੱਲ ਲੀਡ 216 ਦੌੜਾਂ ਦੀ ਹੋ ਗਈ।

ਇਸ ਤੋਂ ਬਾਅਦ ਦੋਵਾਂ ਟੀਮਾਂ ਦੇ ਖਿਡਾਰੀਆਂ ਨੇ ਹੱਥ ਮਿਲਾਏ ਅਤੇ ਮੈਚ ਨੂੰ ਡਰਾਅ ਐਲਾਨ ਦਿੱਤਾ ਗਿਆ।

ਹਾਲਾਂਕਿ ਦਿਨ ਦੀ ਸ਼ੁਰੂਆਤ ਵਿੱਚ ਸਥਿਤੀ ਪੂਰੀ ਤਰ੍ਹਾਂ ਵੱਖਰੀ ਸੀ। ਸ੍ਰੀਲੰਕਾ ਨੇ ਪੰਜਵੇਂ ਦਿਨ ਦੀ ਖੇਡ ਦੀ ਸ਼ੁਰੂਆਤ 229 ਦੌੜਾਂ ’ਤੇ 6 ਵਿਕਟਾਂ ਦੇ ਸਕੋਰ ਤੋਂ ਕੀਤੀ। ਉਸ ਸਮੇਂ ਉਸ ਦੀ ਕੁੱਲ ਬੜ੍ਹਤ ਸਿਰਫ਼ 16 ਦੌੜਾਂ ਦੀ ਸੀ। ਅਜਿਹਾ ਲੱਗ ਰਿਹਾ ਸੀ ਕਿ ਭਾਰਤੀ ਗੇਂਦਬਾਜ਼ ਜਲਦ ਹੀ ਸ੍ਰੀਲੰਕਾ ਦੀ ਪਾਰੀ ਸਮੇਟ ਦੇਣਗੇ ਅਤੇ ਭਾਰਤ ਨੂੰ ਮੈਚ ਜਿੱਤਣ ਦਾ ਮੌਕਾ ਮਿਲੇਗਾ।

ਪਰ ਮੈਦਾਨ ’ਤੇ ਇਸ ਦੇ ਬਿਲਕੁਲ ਉਲਟ ਹੋਇਆ। ਸ੍ਰੀਲੰਕਾਈ ਬੱਲੇਬਾਜ਼ਾਂ ਨੇ ਭਾਰਤੀ ਗੇਂਦਬਾਜ਼ਾਂ ਦਾ ਡਟ ਕੇ ਸਾਹਮਣਾ ਕੀਤਾ ਅਤੇ ਆਪਣੀ ਟੀਮ ਨੂੰ ਮਜ਼ਬੂਤ ਸਥਿਤੀ ਵਿੱਚ ਪਹੁੰਚਾ ਦਿੱਤਾ। ਦਿਨੁਸ਼ਾ ਨੇ 196 ਗੇਂਦਾਂ ਵਿੱਚ ਆਪਣਾ ਸੈਂਕੜਾ ਪੂਰਾ ਕੀਤਾ, ਜਦਕਿ ਕੇਸ਼ਰਾ ਨੁਵੰਥਾ ਨੇ 150 ਗੇਂਦਾਂ ਦਾ ਸਾਹਮਣਾ ਕਰਦਿਆਂ 46 ਦੌੜਾਂ ਦੀ ਮਹੱਤਵਪੂਰਨ ਪਾਰੀ ਖੇਡੀ।

ਦਿਨੁਸ਼ਾ ਅਤੇ ਨੁਵੰਥਾ ਨੇ ਸੱਤਵੀਂ ਵਿਕਟ ਲਈ 246 ਗੇਂਦਾਂ ਵਿੱਚ 112 ਦੌੜਾਂ ਦੀ ਮਹੱਤਵਪੂਰਨ ਸਾਂਝੇਦਾਰੀ ਕੀਤੀ। ਇਸ ਸਾਂਝੇਦਾਰੀ ਨੇ ਸ੍ਰੀਲੰਕਾ ਨੂੰ ਪਹਿਲੇ ਸੈਸ਼ਨ ਵਿੱਚ ਬਿਨਾਂ ਕੋਈ ਹੋਰ ਵਿਕਟ ਗੁਆਏ ਆਪਣੀ ਪਾਰੀ ਨੂੰ ਸੁਰੱਖਿਅਤ ਢੰਗ ਨਾਲ ਅੱਗੇ ਵਧਾਉਣ ਵਿੱਚ ਮਦਦ ਕੀਤੀ।

ਲੰਚ ਤੋਂ ਬਾਅਦ ਦੇ ਸ਼ੁਰੂਆਤੀ ਸਮੇਂ ਵਿੱਚ ਭਾਰਤ ਨੂੰ ਆਖ਼ਰਕਾਰ ਇੱਕ ਸਫਲਤਾ ਮਿਲੀ। ਮਾਨਵ ਸੁਥਾਰ ਨੇ ਕੇਸ਼ਰਾ ਨੁਵੰਥਾ ਨੂੰ ਆਊਟ ਕਰ ਦਿੱਤਾ। ਨੁਵੰਥਾ ਦਾ ਕੈਚ ਸਲਿੱਪ ਵਿੱਚ ਧਰੁਵ ਜੁਰੇਲ ਨੇ ਸੁਰੱਖਿਅਤ ਢੰਗ ਨਾਲ ਫੜਿਆ।

ਇਸ ਤੋਂ ਬਾਅਦ ਵੀ ਸ੍ਰੀਲੰਕਾ ਨੇ ਹਾਰ ਨਹੀਂ ਮੰਨੀ। ਦਿਨੁਸ਼ਾ ਨੇ ਪ੍ਰਭਾਤ ਜੈਸੂਰੀਆ ਨਾਲ ਮਿਲ ਕੇ ਭਾਰਤੀ ਗੇਂਦਬਾਜ਼ਾਂ ਦਾ ਸਾਹਮਣਾ ਕਰਦਿਆਂ ਆਪਣੀ ਟੀਮ ਦੀ ਪਾਰੀ ਨੂੰ ਅੱਗੇ ਵਧਾਇਆ। ਪ੍ਰਭਾਤ ਜੈਸੂਰੀਆ ਨੇ 28 ਗੇਂਦਾਂ ਵਿੱਚ 2 ਦੌੜਾਂ ਬਣਾਈਆਂ ਅਤੇ ਦਿਨੁਸ਼ਾ ਦੇ ਨਾਲ ਮਿਲ ਕੇ ਭਾਰਤ ਦੀ ਜਿੱਤ ਦੀਆਂ ਉਮੀਦਾਂ ਨੂੰ ਹੋਰ ਮੁਸ਼ਕਲ ਬਣਾ ਦਿੱਤਾ।

ਆਖ਼ਰਕਾਰ ਦਿਨੁਸ਼ਾ ਦੀ ਨਾਬਾਦ 133 ਦੌੜਾਂ ਦੀ ਪਾਰੀ ਨੇ ਸ੍ਰੀਲੰਕਾ ਨੂੰ ਯਕੀਨੀ ਹਾਰ ਤੋਂ ਬਚਾ ਲਿਆ ਅਤੇ ਦੂਜਾ ਟੈਸਟ ਡਰਾਅ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਭਾਰਤ ਨੇ ਪਹਿਲਾ ਟੈਸਟ ਜਿੱਤਣ ਕਾਰਨ ਦੋ ਮੈਚਾਂ ਦੀ ਲੜੀ 1-0 ਨਾਲ ਆਪਣੇ ਨਾਂ ਕੀਤੀ, ਜਦਕਿ ਸ੍ਰੀਲੰਕਾ ਨੇ ਦੂਜੇ ਟੈਸਟ ਵਿੱਚ ਸ਼ਾਨਦਾਰ ਜੁਝਾਰੂ ਪ੍ਰਦਰਸ਼ਨ ਕਰਕੇ ਲੜੀ ਦਾ ਅੰਤ ਮਾਣ ਨਾਲ ਕੀਤਾ।

# ਯੂਐੱਸ ਓਪਨ ਦੇ ਮਿਕਸਡ ਡਬਲਜ਼ ’ਚ ਸੇਰੇਨਾ ਵਿਲੀਅਮਜ਼ ਤੇ ਕਾਰਲੋਸ ਅਲਕਾਰਾਜ਼ ਦਾ ਸਫ਼ਰ ਖ਼ਤਮ, ਕੁਆਰਟਰ ਫਾਈਨਲ ’ਚ ਮਿਲੀ ਹਾਰ

## ਬੈਲਿੰਡਾ ਬੈਨਸਿਚ ਤੇ ਫਲੈਵੀਓ ਕੋਬੋਲੀ ਦੀ ਜੋੜੀ ਨੇ 5-4 (4), 4-1 ਨਾਲ ਹਰਾਇਆ; ਪਹਿਲਾ ਮੈਚ ਜਿੱਤ ਕੇ ਟੂਰਨਾਮੈਂਟ ’ਚ ਕੀਤੀ ਸੀ ਸ਼ਾਨਦਾਰ ਵਾਪਸੀ



ਚਾਰ ਸਾਲਾਂ ਦੇ ਵਕਫ਼ੇ ਤੋਂ ਬਾਅਦ ਯੂਐੱਸ ਓਪਨ ਵਿੱਚ ਟੈਨਿਸ ਕੋਰਟ ’ਤੇ ਵਾਪਸੀ ਕਰਨ ਵਾਲੀ ਸੇਰੇਨਾ ਵਿਲੀਅਮਜ਼ ਅਤੇ ਪਿਛਲੇ ਚਾਰ ਮਹੀਨਿਆਂ ਤੋਂ ਸੱਟ ਕਾਰਨ ਟੈਨਿਸ ਤੋਂ ਦੂਰ ਰਹਿਣ ਮਗਰੋਂ ਮੁਕਾਬਲੇ ਵਿੱਚ ਪਰਤੇ ਕਾਰਲੋਸ ਅਲਕਾਰਾਜ਼ ਦੀ ਮਿਕਸਡ ਡਬਲਜ਼ ਮੁਹਿੰਮ ਕੁਆਰਟਰ ਫਾਈਨਲ ਵਿੱਚ ਹੀ ਖ਼ਤਮ ਹੋ ਗਈ।

ਸੇਰੇਨਾ ਵਿਲੀਅਮਜ਼ ਅਤੇ ਕਾਰਲੋਸ ਅਲਕਾਰਾਜ਼ ਦੀ ਸਿਤਾਰਿਆਂ ਨਾਲ ਸਜੀ ਜੋੜੀ ਨੇ ਆਪਣੇ ਪਹਿਲੇ ਮੈਚ ਵਿੱਚ ਜਿੱਤ ਦਰਜ ਕਰਕੇ ਯੂਐੱਸ ਓਪਨ ਵਿੱਚ ਖ਼ੁਸ਼ੀ ਅਤੇ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕੀਤਾ ਸੀ। ਪਰ ਇਹ ਜਸ਼ਨ ਜ਼ਿਆਦਾ ਦੇਰ ਨਹੀਂ ਚੱਲ ਸਕਿਆ। ਮੰਗਲਵਾਰ ਨੂੰ ਖੇਡੇ ਗਏ ਕੁਆਰਟਰ ਫਾਈਨਲ ਮੁਕਾਬਲੇ ਵਿੱਚ ਬੈਲਿੰਡਾ ਬੈਨਸਿਚ ਅਤੇ ਫਲੈਵੀਓ ਕੋਬੋਲੀ ਦੀ ਜੋੜੀ ਨੇ ਉਨ੍ਹਾਂ ਨੂੰ 5-4 (4), 4-1 ਨਾਲ ਹਰਾ ਕੇ ਟੂਰਨਾਮੈਂਟ ਤੋਂ ਬਾਹਰ ਕਰ ਦਿੱਤਾ।

ਮੈਚ ਤੋਂ ਪਹਿਲਾਂ ਫਲੈਵੀਓ ਕੋਬੋਲੀ ਨੇ ਆਪਣੇ ਵਿਰੋਧੀਆਂ ਨੂੰ ‘ਟੈਨਿਸ ਦੀ ਰਾਣੀ ਅਤੇ ਅੱਜ ਦਾ ਰਾਜਾ’ ਕਿਹਾ ਸੀ। ਯੂਐੱਸ ਓਪਨ ਵਿੱਚ ਕੁੱਲ ਅੱਠ ਸਿੰਗਲਜ਼ ਖ਼ਿਤਾਬ ਜਿੱਤ ਚੁੱਕੀ ਸੇਰੇਨਾ ਅਤੇ ਮੌਜੂਦਾ ਦੌਰ ਦੇ ਚੋਟੀ ਦੇ ਖਿਡਾਰੀਆਂ ਵਿੱਚ ਸ਼ਾਮਲ ਅਲਕਾਰਾਜ਼ ਦੀ ਇਹ ਜੋੜੀ ਨਿਸ਼ਚਿਤ ਤੌਰ ’ਤੇ ਇਸ ਤਾਰੀਫ਼ ਦੀ ਹੱਕਦਾਰ ਨਜ਼ਰ ਆਈ।

ਸੇਰੇਨਾ ਵਿਲੀਅਮਜ਼ ਅਤੇ ਅਲਕਾਰਾਜ਼ ਨੇ ਪਹਿਲੇ ਗੇੜ ਵਿੱਚ ਹੌਲੀ ਸ਼ੁਰੂਆਤ ਤੋਂ ਬਾਅਦ ਸ਼ਾਨਦਾਰ ਵਾਪਸੀ ਕੀਤੀ ਸੀ। ਉਨ੍ਹਾਂ ਨੇ ਐਰਿਨ ਰੁਟਲਿਫ ਅਤੇ ਲੌਇਡ ਗਲਾਸਪੂਲ ਦੀ ਜੋੜੀ ਨੂੰ 5-3, 4-1 ਨਾਲ ਹਰਾ ਕੇ ਅਗਲੇ ਗੇੜ ਵਿੱਚ ਜਗ੍ਹਾ ਬਣਾਈ ਸੀ।

ਸੇਰੇਨਾ ਦੀ ਲੰਬੇ ਸਮੇਂ ਬਾਅਦ ਯੂਐੱਸ ਓਪਨ ਦੇ ਕੋਰਟ ’ਤੇ ਵਾਪਸੀ ਨੇ ਦਰਸ਼ਕਾਂ ਵਿੱਚ ਖ਼ਾਸ ਉਤਸ਼ਾਹ ਪੈਦਾ ਕੀਤਾ ਸੀ। ਦੂਜੇ ਪਾਸੇ ਅਲਕਾਰਾਜ਼ ਵੀ ਸੱਟ ਤੋਂ ਬਾਅਦ ਮੁਕਾਬਲੇ ਵਿੱਚ ਵਾਪਸ ਆਏ ਸਨ। ਦੋਵਾਂ ਦੀ ਜੋੜੀ ਨੇ ਪਹਿਲੇ ਮੁਕਾਬਲੇ ਵਿੱਚ ਜਿਸ ਤਰ੍ਹਾਂ ਦਾ ਪ੍ਰਦਰਸ਼ਨ ਕੀਤਾ, ਉਸ ਨਾਲ ਪ੍ਰਸ਼ੰਸਕਾਂ ਨੂੰ ਇਸ ਜੋੜੀ ਤੋਂ ਅੱਗੇ ਵੀ ਵੱਡੀਆਂ ਉਮੀਦਾਂ ਬਣ ਗਈਆਂ ਸਨ।

ਹਾਲਾਂਕਿ ਕੁਆਰਟਰ ਫਾਈਨਲ ਵਿੱਚ ਬੈਨਸਿਚ ਅਤੇ ਕੋਬੋਲੀ ਨੇ ਬਿਹਤਰ ਤਾਲਮੇਲ ਅਤੇ ਦਬਾਅ ਵਿੱਚ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਸੇਰੇਨਾ ਅਤੇ ਅਲਕਾਰਾਜ਼ ਨੂੰ ਲਗਾਤਾਰ ਮੁਸ਼ਕਿਲ ਵਿੱਚ ਰੱਖਿਆ ਅਤੇ ਅੰਤ ਵਿੱਚ ਮੈਚ ਆਪਣੇ ਨਾਂ ਕਰ ਲਿਆ।

ਇਸ ਦੇ ਨਾਲ ਹੀ ਸੇਰੇਨਾ ਵਿਲੀਅਮਜ਼ ਅਤੇ ਕਾਰਲੋਸ ਅਲਕਾਰਾਜ਼ ਦੀ ਯੂਐੱਸ ਓਪਨ ਮਿਕਸਡ ਡਬਲਜ਼ ਮੁਹਿੰਮ ਦਾ ਅੰਤ ਹੋ ਗਿਆ। ਹਾਲਾਂਕਿ ਸੇਰੇਨਾ ਦੀ ਵਾਪਸੀ ਅਤੇ ਅਲਕਾਰਾਜ਼ ਦਾ ਸੱਟ ਤੋਂ ਬਾਅਦ ਮੁਕਾਬਲੇ ਵਿੱਚ ਪਰਤਣਾ ਟੂਰਨਾਮੈਂਟ ਦੇ ਸਭ ਤੋਂ ਚਰਚਿਤ ਪਲਾਂ ਵਿੱਚੋਂ ਇੱਕ ਰਿਹਾ।

ਆਂਦਰੇਵਾ ਤੇ ਰੁਬਲੇਵ ਦੀ ਜੋੜੀ ਸੈਮੀਫਾਈਨਲ ਵਿੱਚ ਪਹੁੰਚੀ

ਮਿਕਸਡ ਡਬਲਜ਼ ਵਿੱਚ ਮੀਰਾ ਆਂਦਰੇਵਾ ਤੇ ਆਂਦਰੇ ਰੁਬਲੇਵ ਦਾ ਸ਼ਾਨਦਾਰ ਪ੍ਰਦਰਸ਼ਨ; ਟਾਈਬ੍ਰੇਕਰ ਵਿੱਚ ਜਿੱਤ ਦਰਜ ਕਰਕੇ ਆਖ਼ਰੀ ਚਾਰ ਵਿੱਚ ਬਣਾਈ ਜਗ੍ਹਾ

ਨਿਊਯਾਰਕ ਵਿੱਚ ਯੂਐੱਸ ਓਪਨ ਟੈਨਿਸ ਟੂਰਨਾਮੈਂਟ ਦੇ ਮਿਕਸਡ ਡਬਲਜ਼ ਮੁਕਾਬਲੇ ਵਿੱਚ ਮੀਰਾ ਆਂਦਰੇਵਾ ਨੇ ਆਪਣੇ ਸਾਥੀ ਆਂਦਰੇ ਰੁਬਲੇਵ ਨਾਲ ਮਿਲ ਕੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੈਮੀਫਾਈਨਲ ਵਿੱਚ ਜਗ੍ਹਾ ਬਣਾ ਲਈ।

ਆਂਦਰੇਵਾ ਅਤੇ ਰੁਬਲੇਵ ਦੀ ਜੋੜੀ ਨੇ ਟੂਰਨਾਮੈਂਟ ਦੀ ਸ਼ੁਰੂਆਤ ਸਾਰਾ ਇਰਾਨੀ ਅਤੇ ਆਂਦਰੀਆ ਵਾਵਾਸੋਰੀ ਨੂੰ 1-4, 4-1 (11-9) ਨਾਲ ਹਰਾ ਕੇ ਕੀਤੀ। ਇਸ ਜਿੱਤ ਨਾਲ ਉਨ੍ਹਾਂ ਨੇ ਟੂਰਨਾਮੈਂਟ ਵਿੱਚ ਆਪਣੀ ਮੁਹਿੰਮ ਦੀ ਮਜ਼ਬੂਤ ਸ਼ੁਰੂਆਤ ਕੀਤੀ।

ਇਸ ਤੋਂ ਬਾਅਦ ਆਂਦਰੇਵਾ ਅਤੇ ਰੁਬਲੇਵ ਨੇ ਇੱਕ ਹੋਰ ਰੋਮਾਂਚਕ ਮੁਕਾਬਲੇ ਵਿੱਚ ਡਿਆਨਾ ਸ਼ਨਾਈਡਰ ਅਤੇ ਕੈਸਪਰ ਰੁਡ ਨੂੰ ਟਾਈਬ੍ਰੇਕਰ ਵਿੱਚ ਹਰਾ ਕੇ ਸੈਮੀਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ।

ਮੁਕਾਬਲੇ ਤੋਂ ਬਾਅਦ ਕੋਰਟ ’ਤੇ ਦਿੱਤੀ ਇੰਟਰਵਿਊ ਦੌਰਾਨ ਮੀਰਾ ਆਂਦਰੇਵਾ ਨੇ ਆਪਣੇ ਸਾਥੀ ਆਂਦਰੇ ਰੁਬਲੇਵ ਬਾਰੇ ਦਿਲਚਸਪ ਗੱਲ ਸਾਂਝੀ ਕੀਤੀ। ਉਨ੍ਹਾਂ ਨੇ ਮੰਨਿਆ ਕਿ ਉਹ ਰੁਬਲੇਵ ਨੂੰ ਪਸੰਦ ਕਰਦੀ ਹੈ ਅਤੇ ਇੱਕ ਸਮੇਂ ਉਨ੍ਹਾਂ ’ਤੇ ਉਸ ਦਾ ਥੋੜ੍ਹਾ ਜਿਹਾ ‘ਕ੍ਰਸ਼’ ਵੀ ਸੀ।

ਆਂਦਰੇਵਾ ਨੇ ਕਿਹਾ, ‘‘ਮੈਂ ਕਦੇ ਕੁਝ ਨਹੀਂ ਕਿਹਾ, ਮੈਂ ਉਸ ਨੂੰ ਵੀ ਕਦੇ ਕੁਝ ਨਹੀਂ ਦੱਸਿਆ ਪਰ ਮੈਨੂੰ ਵੀ ਉਸ ’ਤੇ ਥੋੜ੍ਹਾ ਜਿਹਾ ਕ੍ਰਸ਼ ਸੀ।’’

ਆਂਦਰੇਵਾ ਅਤੇ ਰੁਬਲੇਵ ਦੀ ਜੋੜੀ ਦੀ ਇਹ ਸਾਂਝ ਅਤੇ ਕੋਰਟ ’ਤੇ ਤਾਲਮੇਲ ਹੁਣ ਯੂਐੱਸ ਓਪਨ ਦੇ ਮਿਕਸਡ ਡਬਲਜ਼ ਸੈਮੀਫਾਈਨਲ ਵਿੱਚ ਵੀ ਦੇਖਣ ਨੂੰ ਮਿਲੇਗਾ। ਦੋਵਾਂ ਨੇ ਹੁਣ ਤੱਕ ਮੁਸ਼ਕਿਲ ਮੁਕਾਬਲਿਆਂ ਵਿੱਚ ਦਬਾਅ ਨੂੰ ਸੰਭਾਲਦਿਆਂ ਸ਼ਾਨਦਾਰ ਖੇਡ ਦਿਖਾਈ ਹੈ ਅਤੇ ਉਨ੍ਹਾਂ ਦੀ ਨਜ਼ਰ ਫਾਈਨਲ ਵਿੱਚ ਜਗ੍ਹਾ ਬਣਾਉਣ ’ਤੇ ਹੋਵੇਗੀ।

# ਭਾਰਤੀ ਮਹਿਲਾ ਹਾਕੀ ਟੀਮ ਦੀ ਜਰਮਨੀ ’ਤੇ ਧਮਾਕੇਦਾਰ ਜਿੱਤ, 3-1 ਨਾਲ ਹਰਾ ਕੇ ਵਿਸ਼ਵ ਕੱਪ ਵਿੱਚ ਪੰਜਵਾਂ ਸਥਾਨ ਕੀਤਾ ਹਾਸਲ

## ਨਵਨੀਤ ਕੌਰ ਦੇ ਦੋ ਗੋਲਾਂ ਨੇ ਬਦਲਿਆ ਮੈਚ ਦਾ ਰੁਖ਼; ਭਾਰਤ ਨੇ ਆਖ਼ਰੀ 17 ਮਿੰਟਾਂ ਵਿੱਚ ਤਿੰਨ ਗੋਲ ਕਰਕੇ ਜਰਮਨੀ ਨੂੰ ਦਿੱਤੀ ਮਾਤ

ਐਮਸਟਲਵੀਨ ਵਿੱਚ ਖੇਡੇ ਗਏ ਐੱਫ.ਆਈ.ਐੱਚ. ਵਿਸ਼ਵ ਕੱਪ ਦੇ ਪਲੇਅ-ਆਫ਼ ਮੁਕਾਬਲੇ ਵਿੱਚ ਭਾਰਤੀ ਮਹਿਲਾ ਹਾਕੀ ਟੀਮ ਨੇ ਜਰਮਨੀ ਦੀ ਮਜ਼ਬੂਤ ਟੀਮ ਨੂੰ 3-1 ਨਾਲ ਹਰਾ ਕੇ ਸ਼ਾਨਦਾਰ ਜਿੱਤ ਦਰਜ ਕੀਤੀ। ਇਸ ਜਿੱਤ ਦੇ ਨਾਲ ਭਾਰਤੀ ਟੀਮ ਨੇ ਵਿਸ਼ਵ ਕੱਪ ਵਿੱਚ ਪੰਜਵਾਂ ਸਥਾਨ ਹਾਸਲ ਕਰ ਲਿਆ ਹੈ।

ਕੋਚ ਸ਼ੋਡ ਮਾਰਿਨ ਦੀ ਅਗਵਾਈ ਹੇਠ ਖੇਡ ਰਹੀ ਭਾਰਤੀ ਟੀਮ ਨੇ ਮੁਕਾਬਲੇ ਦੇ ਆਖ਼ਰੀ 17 ਮਿੰਟਾਂ ਵਿੱਚ ਸ਼ਾਨਦਾਰ ਹਮਲਾਵਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਤਿੰਨ ਗੋਲ ਦਾਗੇ ਅਤੇ ਮੈਚ ਪੂਰੀ ਤਰ੍ਹਾਂ ਆਪਣੇ ਕਬਜ਼ੇ ਵਿੱਚ ਕਰ ਲਿਆ।

ਭਾਰਤ ਵੱਲੋਂ ਇਸ਼ਿਕਾ ਨੇ 43ਵੇਂ ਮਿੰਟ ਵਿੱਚ ਗੋਲ ਕਰਕੇ ਟੀਮ ਦਾ ਖਾਤਾ ਖੋਲ੍ਹਿਆ। ਇਸ ਤੋਂ ਤੁਰੰਤ ਬਾਅਦ ਨਵਨੀਤ ਕੌਰ ਨੇ 44ਵੇਂ ਮਿੰਟ ਵਿੱਚ ਗੋਲ ਕਰਕੇ ਭਾਰਤ ਦੀ ਬੜ੍ਹਤ ਦੁੱਗਣੀ ਕਰ ਦਿੱਤੀ। ਨਵਨੀਤ ਨੇ ਇੱਥੇ ਹੀ ਰੁਕਣ ਦੀ ਬਜਾਏ 47ਵੇਂ ਮਿੰਟ ਵਿੱਚ ਆਪਣਾ ਦੂਜਾ ਗੋਲ ਕਰਦਿਆਂ ਭਾਰਤ ਨੂੰ 3-0 ਦੀ ਮਜ਼ਬੂਤ ਬੜ੍ਹਤ ਦਿਵਾ ਦਿੱਤੀ।

ਜਰਮਨੀ ਨੇ ਆਖ਼ਰੀ ਪਲਾਂ ਵਿੱਚ ਵਾਪਸੀ ਦੀ ਕੋਸ਼ਿਸ਼ ਕੀਤੀ ਅਤੇ ਲਿਨ ਕ੍ਰਿਗਜ਼ ਨੇ 59ਵੇਂ ਮਿੰਟ ਵਿੱਚ ਜਰਮਨੀ ਲਈ ਇਕਲੌਤਾ ਗੋਲ ਕੀਤਾ, ਪਰ ਉਦੋਂ ਤੱਕ ਭਾਰਤ ਨੇ ਮੈਚ ’ਤੇ ਆਪਣੀ ਪਕੜ ਮਜ਼ਬੂਤ ਕਰ ਲਈ ਸੀ। ਜਰਮਨੀ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਭਾਰਤੀ ਰੱਖਿਆ ਨੇ ਬਾਕੀ ਸਮਾਂ ਬਿਹਤਰੀਨ ਢੰਗ ਨਾਲ ਸੰਭਾਲਿਆ ਅਤੇ ਭਾਰਤ ਨੇ 3-1 ਨਾਲ ਮੁਕਾਬਲਾ ਆਪਣੇ ਨਾਂ ਕਰ ਲਿਆ।

ਇਸ ਜਿੱਤ ਦੇ ਨਾਲ ਭਾਰਤੀ ਮਹਿਲਾ ਹਾਕੀ ਟੀਮ ਨੇ ਪਿਛਲੇ 52 ਸਾਲਾਂ ਵਿੱਚ ਵਿਸ਼ਵ ਕੱਪ ਵਿੱਚ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਕਰਦਿਆਂ ਪੰਜਵਾਂ ਸਥਾਨ ਹਾਸਲ ਕੀਤਾ ਹੈ।




ਭਾਰਤੀ ਮਹਿਲਾ ਹਾਕੀ ਟੀਮ ਦਾ ਵਿਸ਼ਵ ਕੱਪ ਵਿੱਚ ਇਸ ਤੋਂ ਪਹਿਲਾਂ ਸਭ ਤੋਂ ਵਧੀਆ ਪ੍ਰਦਰਸ਼ਨ 1974 ਵਿੱਚ ਹੋਇਆ ਸੀ, ਜਦੋਂ ਅਜਿੰਦਰ ਕੌਰ ਦੀ ਅਗਵਾਈ ਹੇਠ ਭਾਰਤ ਨੇ ਆਪਣੇ ਪਹਿਲੇ ਵਿਸ਼ਵ ਕੱਪ ਵਿੱਚ ਚੌਥਾ ਸਥਾਨ ਹਾਸਲ ਕੀਤਾ ਸੀ। ਹੁਣ 52 ਸਾਲਾਂ ਬਾਅਦ ਪੰਜਵਾਂ ਸਥਾਨ ਹਾਸਲ ਕਰਨਾ ਵੀ ਭਾਰਤੀ ਹਾਕੀ ਲਈ ਵੱਡੀ ਉਪਲਬਧੀ ਮੰਨੀ ਜਾ ਰਹੀ ਹੈ।

ਪੂਰੇ ਟੂਰਨਾਮੈਂਟ ਦੌਰਾਨ ਭਾਰਤੀ ਟੀਮ ਨੇ ਸ਼ਾਨਦਾਰ ਹਾਕੀ ਖੇਡੀ। ਟੀਮ ਨੂੰ ਪੂਰੇ ਵਿਸ਼ਵ ਕੱਪ ਵਿੱਚ ਸਿਰਫ਼ ਓਲੰਪਿਕ ਚੈਂਪੀਅਨ ਨੀਦਰਲੈਂਡਜ਼ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ। ਬਾਕੀ ਮੁਕਾਬਲਿਆਂ ਵਿੱਚ ਭਾਰਤੀ ਖਿਡਾਰੀਆਂ ਨੇ ਆਪਣੀ ਖੇਡ, ਜੁਝਾਰੂਪਣ ਅਤੇ ਟੀਮ ਭਾਵਨਾ ਨਾਲ ਪ੍ਰਭਾਵਿਤ ਕੀਤਾ।

ਜਰਮਨੀ ਖ਼ਿਲਾਫ਼ ਮੁਕਾਬਲੇ ਵਿੱਚ ਭਾਰਤੀ ਗੋਲਕੀਪਰ ਅਤੇ ਰੱਖਿਆ ਲਾਈਨ ਨੇ ਵੀ ਬੇਹੱਦ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ। ਜਰਮਨੀ ਨੂੰ ਮਿਲੇ ਕਈ ਪੈਨਲਟੀ ਕਾਰਨਰਾਂ ਨੂੰ ਭਾਰਤੀ ਰੱਖਿਆ ਨੇ ਨਾਕਾਮ ਕਰ ਦਿੱਤਾ। ਇਸ ਕਾਰਨ ਜਰਮਨੀ ਨੂੰ ਮੈਚ ਵਿੱਚ ਵਾਪਸੀ ਕਰਨ ਦਾ ਮੌਕਾ ਨਹੀਂ ਮਿਲ ਸਕਿਆ।

ਭਾਰਤ ਦੀ ਇਸ ਜਿੱਤ ਵਿੱਚ ਨਵਨੀਤ ਕੌਰ ਦੀ ਭੂਮਿਕਾ ਸਭ ਤੋਂ ਅਹਿਮ ਰਹੀ। ਉਨ੍ਹਾਂ ਵੱਲੋਂ ਕੀਤੇ ਗਏ ਦੋ ਗੋਲਾਂ ਨੇ ਟੀਮ ਨੂੰ ਮਜ਼ਬੂਤ ਸਥਿਤੀ ਵਿੱਚ ਪਹੁੰਚਾਇਆ ਅਤੇ ਜਿੱਤ ਦੀ ਨੀਂਹ ਰੱਖੀ। ਇਸ਼ਿਕਾ ਦੇ ਮਹੱਤਵਪੂਰਨ ਗੋਲ ਨੇ ਵੀ ਟੀਮ ਦਾ ਆਤਮ-ਵਿਸ਼ਵਾਸ ਵਧਾਇਆ।

ਅਗਲੇ ਮਹੀਨੇ ਹੋਣ ਵਾਲੀਆਂ ਏਸ਼ਿਆਈ ਖੇਡਾਂ ਤੋਂ ਪਹਿਲਾਂ ਭਾਰਤੀ ਮਹਿਲਾ ਹਾਕੀ ਟੀਮ ਦੀ ਇਹ ਸ਼ਾਨਦਾਰ ਜਿੱਤ ਬਹੁਤ ਮਹੱਤਵਪੂਰਨ ਮੰਨੀ ਜਾ ਰਹੀ ਹੈ। ਵਿਸ਼ਵ ਕੱਪ ਵਿੱਚ ਪੰਜਵਾਂ ਸਥਾਨ ਹਾਸਲ ਕਰਨ ਨਾਲ ਖਿਡਾਰੀਆਂ ਦਾ ਆਤਮ-ਵਿਸ਼ਵਾਸ ਕਾਫ਼ੀ ਵਧਿਆ ਹੈ ਅਤੇ ਹੁਣ ਟੀਮ ਦੀਆਂ ਨਜ਼ਰਾਂ ਏਸ਼ਿਆਈ ਖੇਡਾਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰਨ ’ਤੇ ਹੋਣਗੀਆਂ।

ਭਾਰਤੀ ਮਹਿਲਾ ਹਾਕੀ ਟੀਮ ਦੀ ਇਸ ਕਾਮਯਾਬੀ ਨਾਲ ਦੇਸ਼ ਭਰ ਵਿੱਚ ਖ਼ੁਸ਼ੀ ਦਾ ਮਾਹੌਲ ਹੈ ਅਤੇ ਖੇਡ ਪ੍ਰੇਮੀਆਂ ਨੂੰ ਆਉਣ ਵਾਲੀਆਂ ਵੱਡੀਆਂ ਕੌਮਾਂਤਰੀ ਪ੍ਰਤੀਯੋਗਿਤਾਵਾਂ ਵਿੱਚ ਟੀਮ ਤੋਂ ਹੋਰ ਬਿਹਤਰ ਪ੍ਰਦਰਸ਼ਨ ਦੀ ਉਮੀਦ ਹੈ।

# ਅਸੀਂ ਅੱਧੀਆਂ ਓਲੰਪਿਕ ਖੇਡਾਂ ’ਚ ਹਿੱਸਾ ਹੀ ਨਹੀਂ ਲੈਂਦੇ: Modi



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਓਲੰਪਿਕ ਖੇਡਾਂ ਦੀ ਸੂਚੀ ਵਿੱਚ ਸ਼ਾਮਲ ਅੱਧੇ ਮੁਕਾਬਲਿਆਂ ਵਿੱਚ ਭਾਰਤ ਦੀ ਘੱਟ ਭਾਗੀਦਾਰੀ ’ਤੇ ਅਫਸੋਸ ਜ਼ਾਹਰ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਦੀ ਤਗ਼ਮਾ ਸੂਚੀ ਉਦੋਂ ਹੀ ਸੁਧਰ ਸਕਦੀ ਹੈ, ਜੇਕਰ ਪਹਿਲਾਂ ਨਾ ਖੇਡੀਆਂ ਜਾਣ ਵਾਲੀਆਂ ਖੇਡਾਂ ਵਿੱਚ ਵੀ ਭਾਰਤੀ ਦਾਅਵੇਦਾਰੀ ਸਾਹਮਣੇ ਆਵੇ। ਉਨ੍ਹਾਂ ਕਿਹਾ, ‘‘ਮੈਡਲ ਵਧਾਉਣ ਲਈ ਸਾਨੂੰ ਇਨ੍ਹਾਂ ਖੇਡਾਂ ਵਿੱਚ ਸੁਧਾਰ ਕਰਨਾ ਪਵੇਗਾ।’’

ਕੌਮੀ ਖੇਡ ਦਿਵਸ ਤੋਂ ਪਹਿਲਾਂ ਅੱਜ ‘ਖੇਲੋ ਇੰਡੀਆ ਡਾਇਲਾਗ’ ਲਈ ਵੱਖ-ਵੱਖ ਥਾਵਾਂ ’ਤੇ ਇਕੱਠੇ ਹੋਏ ਸੈਂਕੜੇ ਐਥਲੀਟਾਂ, ਵਿਦਿਆਰਥੀਆਂ ਅਤੇ ਵਾਲੰਟੀਅਰਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਖੇਡਾਂ ਬਾਰੇ ਉਨ੍ਹਾਂ ਦਾ ਦ੍ਰਿਸ਼ਟੀਕੋਣ ਸਿਰਫ ਮੈਡਲ ਜਿੱਤਣਾ ਨਹੀਂ, ਸਗੋਂ ਇਸ ਨੂੰ ਰਾਸ਼ਟਰ ਨਿਰਮਾਣ ਦੀ ਪ੍ਰਕਿਰਿਆ ਦਾ ਅਨਿੱਖੜ ਅੰਗ ਬਣਾਉਣਾ ਹੈ।

ਮੋਦੀ ਨੇ ਕਿਹਾ, ‘‘ਓਲੰਪਿਕ ਵਿੱਚ ਬਹੁਤ ਸਾਰੀਆਂ ਖੇਡਾਂ ਹੁੰਦੀਆਂ ਹਨ... ਭਾਰਤੀ ਟੀਮਾਂ ਉਨ੍ਹਾਂ ਵਿੱਚੋਂ ਅੱਧੀਆਂ ਵਿੱਚ ਵੀ ਹਿੱਸਾ ਨਹੀਂ ਲੈਂਦੀਆਂ, ਇਸ ਦਾ ਮਤਲਬ ਹੈ ਕਿ ਅਸੀਂ ਮੈਡਲ ਸੂਚੀ ਦੇ ਇੱਕ ਵੱਡੇ ਹਿੱਸੇ ਲਈ ਮੁਕਾਬਲਾ ਹੀ ਨਹੀਂ ਕਰ ਰਹੇ।’’ ਉਨ੍ਹਾਂ ਇਸ ਨੂੰ ਕੌੜਾ ਸੱਚ ਕਰਾਰ ਦਿੱਤਾ।






# ਸਿਹਤ-ਸੰਭਾਲ



# ਲਗਾਤਾਰ ਰੀਲਾਂ ਦੇਖਣ ਦੀ ਆਦਤ ਤੋਂ ਲੈ ਕੇ ਕੰਮ ਦੇ ਤਣਾਅ ਤੱਕ, ਇੰਝ ਪ੍ਰਭਾਵਿਤ ਹੁੰਦੀ ਹੈ ਤੁਹਾਡੀ ਮਾਨਸਿਕ ਸਿਹਤ; ਮਾਹਿਰ ਨੇ ਦੱਸੇ ਬਚਾਅ ਦੇ ਤਰੀਕੇ

## ਦੋ ਹਫ਼ਤਿਆਂ ਤੋਂ ਵੱਧ ਸਮੇਂ ਤੱਕ ਰਹਿਣ ਵਾਲੀ ਉਦਾਸੀ, ਚਿੰਤਾ, ਨੀਂਦ ਅਤੇ ਭੁੱਖ ਵਿੱਚ ਬਦਲਾਅ ਨੂੰ ਨਾ ਕਰੋ ਨਜ਼ਰਅੰਦਾਜ਼; ਬੱਚਿਆਂ ਅਤੇ ਔਰਤਾਂ ਦੀ ਮਾਨਸਿਕ ਸਿਹਤ ਲਈ ਵੀ ਖ਼ਾਸ ਧਿਆਨ ਦੀ ਲੋੜ

ਮਾਨਸਿਕ ਸਿਹਤ ਅੱਜ ਦੇ ਸਮੇਂ ਵਿੱਚ ਸਰੀਰਕ ਸਿਹਤ ਜਿੰਨੀ ਹੀ ਮਹੱਤਵਪੂਰਨ ਹੈ। ਰੋਜ਼ਾਨਾ ਦੀ ਭੱਜ-ਦੌੜ, ਕੰਮ ਦਾ ਦਬਾਅ, ਪਰਿਵਾਰਕ ਜ਼ਿੰਮੇਵਾਰੀਆਂ, ਸੋਸ਼ਲ ਮੀਡੀਆ ਦੀ ਵਧਦੀ ਵਰਤੋਂ ਅਤੇ ਲਗਾਤਾਰ ਤੁਲਨਾ ਕਰਨ ਦੀ ਆਦਤ ਮਨੁੱਖ ਦੀ ਮਾਨਸਿਕ ਸਿਹਤ 'ਤੇ ਡੂੰਘਾ ਅਸਰ ਪਾ ਸਕਦੀ ਹੈ। ਕਈ ਵਾਰ ਆਮ ਪਰੇਸ਼ਾਨੀ ਹੌਲੀ-ਹੌਲੀ ਗੰਭੀਰ ਮਾਨਸਿਕ ਸਮੱਸਿਆ ਦਾ ਰੂਪ ਧਾਰ ਸਕਦੀ ਹੈ।

ਇੱਕ ਇਨਸਾਨ ਕਿਵੇਂ ਪਤਾ ਲਗਾ ਸਕਦਾ ਹੈ ਕਿ ਉਸ ਦੀ ਮਾਨਸਿਕ ਸਿਹਤ ਠੀਕ ਹੈ ਜਾਂ ਨਹੀਂ? ਆਮ ਪਰੇਸ਼ਾਨੀ ਕਦੋਂ ਗੰਭੀਰ ਸਮੱਸਿਆ ਬਣ ਜਾਂਦੀ ਹੈ? ਡਿਪ੍ਰੈਸ਼ਨ, ਚਿੰਤਾ ਅਤੇ ਤਣਾਅ ਨਾਲ ਜੂਝ ਰਹੇ ਵਿਅਕਤੀ ਨੂੰ ਕਦੋਂ ਡਾਕਟਰੀ ਮਦਦ ਦੀ ਲੋੜ ਪੈਂਦੀ ਹੈ ਅਤੇ ਆਪਣੀ ਮਾਨਸਿਕ ਸਿਹਤ ਨੂੰ ਤੰਦਰੁਸਤ ਰੱਖਣ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ?

ਇਨ੍ਹਾਂ ਸਵਾਲਾਂ ਦੇ ਜਵਾਬ ਜਾਣਨ ਲਈ ਬੀਬੀਸੀ ਪੰਜਾਬੀ ਦੇ ਸਿਹਤ ਪੌਡਕਾਸਟ 'ਸਿਹਤ ਸੀਕ੍ਰੇਟਸ' ਵਿੱਚ ਮਨੋਵਿਗਿਆਨੀ ਡਾ. ਕੋਮਲਪ੍ਰੀਤ ਕੌਰ ਨਾਲ ਗੱਲਬਾਤ ਕੀਤੀ ਗਈ।

ਡਾ. ਕੋਮਲਪ੍ਰੀਤ ਕੌਰ ਦਿੱਲੀ ਵਿੱਚ ਅੰਤਰਰਾਸ਼ਟਰੀ ਮਨੋਵਿਗਿਆਨਕ ਮੁਲਾਂਕਣ ਅਤੇ ਸਲਾਹ ਕੇਂਦਰ ਚਲਾਉਂਦੇ ਹਨ। ਉਨ੍ਹਾਂ ਨੂੰ ਇਸ ਖੇਤਰ ਵਿੱਚ ਕਰੀਬ ਦੋ ਦਹਾਕਿਆਂ ਦਾ ਤਜਰਬਾ ਹੈ।

ਮਨੋਵਿਗਿਆਨੀ ਅਤੇ ਮਨੋਚਿਕਿਤਸਕ ਵਿੱਚ ਕੀ ਫ਼ਰਕ ਹੈ?

ਡਾ. ਕੋਮਲਪ੍ਰੀਤ ਕੌਰ ਮੁਤਾਬਕ ਮਨੋਵਿਗਿਆਨੀ ਮਾਨਸਿਕ ਸਿਹਤ ਨਾਲ ਜੁੜਿਆ ਉਹ ਮਾਹਿਰ ਹੁੰਦਾ ਹੈ, ਜੋ ਸਾਡੀ ਸੋਚ, ਭਾਵਨਾਵਾਂ ਅਤੇ ਵਿਹਾਰ ਨੂੰ ਸਮਝਣ ਵਿੱਚ ਮਦਦ ਕਰਦਾ ਹੈ। ਮਨੋਵਿਗਿਆਨੀ ਸਲਾਹ-ਮਸ਼ਵਰੇ ਅਤੇ ਮਨੋਚਿਕਿਤਸਾ ਰਾਹੀਂ ਵਿਅਕਤੀ ਨੂੰ ਭਾਵਨਾਤਮਕ ਮੁਸ਼ਕਿਲਾਂ ਵਿੱਚੋਂ ਬਾਹਰ ਨਿਕਲਣ ਵਿੱਚ ਸਹਾਇਤਾ ਕਰਦਾ ਹੈ।

ਦੂਜੇ ਪਾਸੇ, ਮਨੋਚਿਕਿਤਸਕ ਇੱਕ ਡਾਕਟਰੀ ਮਾਹਿਰ ਹੁੰਦਾ ਹੈ, ਜੋ ਲੋੜ ਪੈਣ 'ਤੇ ਦਵਾਈਆਂ ਰਾਹੀਂ ਮਰੀਜ਼ ਦਾ ਇਲਾਜ ਕਰਦਾ ਹੈ। ਮਨੋਵਿਗਿਆਨੀ ਦਵਾਈਆਂ ਨਹੀਂ ਦਿੰਦੇ। ਜਦੋਂ ਕਿਸੇ ਵਿਅਕਤੀ ਦੀ ਮਾਨਸਿਕ ਸਮੱਸਿਆ ਗੰਭੀਰ ਹੋ ਜਾਂਦੀ ਹੈ ਅਤੇ ਦਵਾਈ ਦੀ ਲੋੜ ਮਹਿਸੂਸ ਹੁੰਦੀ ਹੈ ਤਾਂ ਮਨੋਚਿਕਿਤਸਕ ਦੀ ਮਦਦ ਲਈ ਜਾਂਦੀ ਹੈ। ਕਈ ਮਾਮਲਿਆਂ ਵਿੱਚ ਮਨੋਵਿਗਿਆਨੀ ਅਤੇ ਮਨੋਚਿਕਿਤਸਕ ਮਿਲ ਕੇ ਇੱਕ ਟੀਮ ਵਾਂਗ ਵੀ ਕੰਮ ਕਰਦੇ ਹਨ।

ਕਿਹੜੇ ਲੱਛਣ ਦੱਸਦੇ ਹਨ ਕਿ ਮਨੋਵਿਗਿਆਨਕ ਮਦਦ ਦੀ ਲੋੜ ਹੈ?

ਮਾਹਿਰ ਮੁਤਾਬਕ ਜੇਕਰ ਕੋਈ ਵਿਅਕਤੀ ਦੋ ਹਫ਼ਤਿਆਂ ਤੋਂ ਵੱਧ ਸਮੇਂ ਤੱਕ ਪਰੇਸ਼ਾਨ ਰਹਿੰਦਾ ਹੈ, ਬਿਨਾਂ ਕਿਸੇ ਸਪੱਸ਼ਟ ਕਾਰਨ ਦੇ ਚਿੰਤਾ ਵਿੱਚ ਰਹਿੰਦਾ ਹੈ, ਬਹੁਤ ਜ਼ਿਆਦਾ ਜਾਂ ਬਹੁਤ ਘੱਟ ਸੌਂਦਾ ਹੈ ਜਾਂ ਉਸ ਦੀ ਭੁੱਖ ਵਿੱਚ ਬਹੁਤ ਜ਼ਿਆਦਾ ਵਾਧਾ ਜਾਂ ਕਮੀ ਆ ਜਾਂਦੀ ਹੈ ਤਾਂ ਇਨ੍ਹਾਂ ਲੱਛਣਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਜੇਕਰ ਕੋਈ ਵਿਅਕਤੀ ਲਗਾਤਾਰ ਤਣਾਅ ਜਾਂ ਪਰੇਸ਼ਾਨੀ ਵਿੱਚ ਰਹਿਣ ਲੱਗ ਪਏ, ਆਪਣੇ ਆਪ ਨੂੰ ਲੋਕਾਂ ਤੋਂ ਵੱਖ ਕਰ ਲਵੇ, ਕਿਸੇ ਨੂੰ ਮਿਲਣ ਤੋਂ ਬਚੇ ਜਾਂ ਉਹ ਕੰਮ ਕਰਨੇ ਛੱਡ ਦੇਵੇ ਜਿਨ੍ਹਾਂ ਨੂੰ ਉਹ ਪਹਿਲਾਂ ਖੁਸ਼ੀ ਨਾਲ ਕਰਦਾ ਸੀ ਤਾਂ ਇਹ ਵੀ ਮਾਨਸਿਕ ਸਮੱਸਿਆ ਵੱਲ ਇਸ਼ਾਰਾ ਕਰ ਸਕਦਾ ਹੈ।

ਜਦੋਂ ਇਸ ਤਰ੍ਹਾਂ ਦੇ ਲੱਛਣ ਦਿਖਾਈ ਦੇਣ ਲੱਗਣ ਤਾਂ ਇਸ ਦਾ ਮਤਲਬ ਹੈ ਕਿ ਵਿਅਕਤੀ ਨੂੰ ਕਿਸੇ ਨਾ ਕਿਸੇ ਤਰ੍ਹਾਂ ਦੀ ਮਾਨਸਿਕ ਪਰੇਸ਼ਾਨੀ ਹੋ ਸਕਦੀ ਹੈ ਅਤੇ ਉਸ ਸਮੇਂ ਮਾਨਸਿਕ ਸਿਹਤ ਮਾਹਿਰ ਦੀ ਮਦਦ ਲੈਣੀ ਚਾਹੀਦੀ ਹੈ।

ਆਮ ਉਦਾਸੀ ਅਤੇ ਡਿਪ੍ਰੈਸ਼ਨ ਵਿੱਚ ਕੀ ਫ਼ਰਕ ਹੈ?

ਮਾਹਿਰ ਮੁਤਾਬਕ ਆਮ ਉਦਾਸੀ ਕਿਸੇ ਹਾਲਾਤ ਦੇ ਕਾਰਨ ਪੈਦਾ ਹੁੰਦੀ ਹੈ ਅਤੇ ਕੁਝ ਸਮੇਂ ਬਾਅਦ ਹਾਲਾਤ ਬਦਲਣ ਨਾਲ ਇਹ ਆਪਣੇ ਆਪ ਵੀ ਠੀਕ ਹੋ ਸਕਦੀ ਹੈ। ਪਰ ਡਿਪ੍ਰੈਸ਼ਨ ਨਾਲ ਜੁੜੀ ਉਦਾਸੀ ਲੰਬੇ ਸਮੇਂ ਤੱਕ ਬਣੀ ਰਹਿ ਸਕਦੀ ਹੈ।

ਇਸ ਦਾ ਅਸਰ ਸਰੀਰ 'ਤੇ ਵੀ ਦਿਖਾਈ ਦੇਣ ਲੱਗਦਾ ਹੈ। ਵਿਅਕਤੀ ਨੂੰ ਨੀਂਦ ਆਉਣ ਵਿੱਚ ਮੁਸ਼ਕਿਲ ਹੋ ਸਕਦੀ ਹੈ, ਉਹ ਸਹੀ ਤਰੀਕੇ ਨਾਲ ਖਾਣ-ਪੀਣ ਤੋਂ ਵੀ ਦੂਰ ਹੋ ਸਕਦਾ ਹੈ ਅਤੇ ਲੋਕਾਂ ਨਾਲ ਆਪਣੇ ਰਿਸ਼ਤੇ ਕਾਇਮ ਰੱਖਣੇ ਬੰਦ ਕਰ ਸਕਦਾ ਹੈ। ਇਸ ਨਾਲ ਉਸ ਦੀ ਰੋਜ਼ਾਨਾ ਜ਼ਿੰਦਗੀ, ਕੰਮ ਅਤੇ ਰਿਸ਼ਤਿਆਂ 'ਤੇ ਵੀ ਮਾੜਾ ਅਸਰ ਪੈਣ ਲੱਗਦਾ ਹੈ।

ਮਾਨਸਿਕ ਬਿਮਾਰੀ ਜਾਂ ਡਿਪ੍ਰੈਸ਼ਨ ਦੇ ਕਾਰਨ ਕੀ ਹੋ ਸਕਦੇ ਹਨ?

ਮਾਹਿਰ ਮੁਤਾਬਕ ਮਾਨਸਿਕ ਸਿਹਤ ਨਾਲ ਜੁੜੀਆਂ ਕੁਝ ਸਮੱਸਿਆਵਾਂ ਸਾਡੇ ਜੀਨਾਂ ਨਾਲ ਸਬੰਧਤ ਹੋ ਸਕਦੀਆਂ ਹਨ, ਜਦਕਿ ਕੁਝ ਦਾ ਸਬੰਧ ਸਾਡੇ ਆਲੇ-ਦੁਆਲੇ ਦੇ ਮਾਹੌਲ ਨਾਲ ਹੁੰਦਾ ਹੈ।

ਜੇਕਰ ਕਿਸੇ ਪਰਿਵਾਰ ਵਿੱਚ ਪਹਿਲਾਂ ਕਿਸੇ ਵਿਅਕਤੀ ਨੂੰ ਡਿਪ੍ਰੈਸ਼ਨ ਵਰਗੀ ਮਾਨਸਿਕ ਸਮੱਸਿਆ ਰਹੀ ਹੋਵੇ ਤਾਂ ਪਰਿਵਾਰਕ ਅਤੇ ਵਾਤਾਵਰਣਕ ਕਾਰਨਾਂ ਕਰਕੇ ਦੂਜੇ ਵਿਅਕਤੀ ਵਿੱਚ ਵੀ ਇਸ ਤਰ੍ਹਾਂ ਦੀ ਸਮੱਸਿਆ ਪੈਦਾ ਹੋਣ ਦੀ ਸੰਭਾਵਨਾ ਵੱਧ ਸਕਦੀ ਹੈ।

ਅਜਿਹੇ ਵਿਅਕਤੀ ਹੌਲੀ-ਹੌਲੀ ਨਕਾਰਾਤਮਕ ਸੋਚਣਾ ਸ਼ੁਰੂ ਕਰ ਸਕਦੇ ਹਨ। ਉਹ ਦੁਨੀਆ ਨੂੰ ਨਕਾਰਾਤਮਕ ਨਜ਼ਰੀਏ ਨਾਲ ਦੇਖਣ ਲੱਗਦੇ ਹਨ ਅਤੇ ਭਵਿੱਖ ਬਾਰੇ ਵੀ ਨਿਰਾਸ਼ਾਵਾਦੀ ਸੋਚ ਪੈਦਾ ਹੋ ਸਕਦੀ ਹੈ। ਉਨ੍ਹਾਂ ਨੂੰ ਅੱਗੇ ਕੋਈ ਉਮੀਦ ਨਜ਼ਰ



ਨਹੀਂ ਆਉਂਦੀ। ਇਸ ਲਈ ਅਜਿਹੇ ਲੱਛਣਾਂ ਦੀ ਸਮੇਂ ਸਿਰ ਪਛਾਣ ਕਰਨਾ ਬਹੁਤ ਜ਼ਰੂਰੀ ਹੈ।

ਮਾਨਸਿਕ ਬਿਮਾਰੀ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ?

ਮਾਨਸਿਕ ਸਿਹਤ ਸਮੱਸਿਆਵਾਂ ਦੇ ਇਲਾਜ ਲਈ ਵੱਖ-ਵੱਖ ਕਿਸਮਾਂ ਦੀਆਂ ਮਨੋਚਿਕਿਤਸਕ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਮਾਹਿਰ ਮੁਤਾਬਕ ਸੰਜਾਣਾਤਮਕ ਵਿਹਾਰਕ ਥੈਰੇਪੀ ਰਾਹੀਂ ਵਿਅਕਤੀ ਦੀ ਸੋਚ ਦੇ ਢੰਗ 'ਤੇ ਕੰਮ ਕੀਤਾ ਜਾਂਦਾ ਹੈ ਅਤੇ ਨਕਾਰਾਤਮਕ ਵਿਚਾਰਾਂ ਨੂੰ ਬਦਲਣ ਵਿੱਚ ਮਦਦ ਕੀਤੀ ਜਾਂਦੀ ਹੈ।

ਇਸੇ ਤਰ੍ਹਾਂ ਭਾਵਨਾਵਾਂ ਨੂੰ ਸਮਝਣ ਅਤੇ ਉਨ੍ਹਾਂ ਨਾਲ ਨਜਿੱਠਣ ਲਈ ਵੱਖ-ਵੱਖ ਮਨੋਚਿਕਿਤਸਕ ਤਰੀਕੇ ਵਰਤੇ ਜਾਂਦੇ ਹਨ। ਕੁਝ ਮਾਮਲਿਆਂ ਵਿੱਚ ਸੰਮੋਹਨ-ਚਿਕਿਤਸਾ, ਨਿਊਰੋ-ਭਾਸ਼ਾਈ ਪ੍ਰੋਗਰਾਮਿੰਗ ਅਤੇ ਹੋਰ ਮਨੋਚਿਕਿਤਸਕ ਵਿਧੀਆਂ ਦੀ ਵੀ ਵਰਤੋਂ ਕੀਤੀ ਜਾਂਦੀ ਹੈ।

ਮਾਨਸਿਕ ਸਿਹਤ ਸਰੀਰਕ ਸਿਹਤ ਜਿੰਨੀ ਹੀ ਮਹੱਤਵਪੂਰਨ

ਮਾਹਿਰ ਮੁਤਾਬਕ ਜੇਕਰ ਸਾਡੀ ਮਾਨਸਿਕ ਸਿਹਤ ਠੀਕ ਨਹੀਂ ਹੈ ਤਾਂ ਮਾਨਸਿਕ ਬਿਮਾਰੀ ਹੋਣ ਦੀ ਸੰਭਾਵਨਾ ਵੱਧ ਸਕਦੀ ਹੈ। ਜਿਸ ਤਰ੍ਹਾਂ ਸਰੀਰਕ ਸਿਹਤ ਠੀਕ ਨਾ ਹੋਣ 'ਤੇ ਵਿਅਕਤੀ ਵਾਰ-ਵਾਰ ਬਿਮਾਰ ਹੋ ਸਕਦਾ ਹੈ, ਉਸੇ ਤਰ੍ਹਾਂ ਕਮਜ਼ੋਰ ਮਾਨਸਿਕ ਸਿਹਤ ਕਾਰਨ ਵਿਅਕਤੀ ਹਰ ਚੀਜ਼ ਨੂੰ ਨਕਾਰਾਤਮਕ ਨਜ਼ਰੀਏ ਨਾਲ ਦੇਖਣਾ ਸ਼ੁਰੂ ਕਰ ਸਕਦਾ ਹੈ।

ਇਸ ਲਈ ਮਾਨਸਿਕ ਸਿਹਤ ਦਾ ਸਾਡੀ ਜ਼ਿੰਦਗੀ ਵਿੱਚ ਬਹੁਤ ਮਹੱਤਵਪੂਰਨ ਰੋਲ ਹੈ। ਮਾਨਸਿਕ ਬਿਮਾਰੀਆਂ ਤੋਂ ਬਚਣ ਲਈ ਆਪਣੀ ਮਾਨਸਿਕ ਸਿਹਤ ਨੂੰ ਮਜ਼ਬੂਤ ਬਣਾਉਣਾ ਅਤੇ ਸਮੱਸਿਆ ਦੇ ਸ਼ੁਰੂਆਤੀ ਸੰਕੇਤਾਂ ਨੂੰ ਪਛਾਣਨਾ ਜ਼ਰੂਰੀ ਹੈ।

ਚੰਗੀ ਮਾਨਸਿਕ ਸਿਹਤ ਲਈ ਕੀ ਕਰੀਏ?

ਮਾਹਿਰ ਨੇ ਚੰਗੀ ਮਾਨਸਿਕ ਸਿਹਤ ਲਈ ਹਰ ਰੋਜ਼ ਘੱਟੋ-ਘੱਟ ਅੱਧਾ ਘੰਟਾ ਆਪਣੇ ਲਈ ਕੱਢਣ ਦੀ ਸਲਾਹ ਦਿੱਤੀ। ਕਸਰਤ ਕਰਨੀ, ਸੈਰ ਕਰਨੀ, ਪੌਸ਼ਟਿਕ ਖਾਣਾ ਖਾਣਾ ਅਤੇ ਬਾਹਰਲੇ ਤਲ੍ਹੇ ਹੋਏ ਜਾਂ ਗੈਰ-ਸਿਹਤਮੰਦ ਖਾਣੇ ਤੋਂ ਦੂਰ ਰਹਿਣਾ ਮਾਨਸਿਕ ਸਿਹਤ ਲਈ ਵੀ ਲਾਹੇਵੰਦ ਹੈ।

ਮਾਹਿਰ ਨੇ ਕਿਹਾ ਕਿ ਜਿਵੇਂ ਦਾ ਅਸੀਂ ਖਾਣਾ ਖਾਂਦੇ ਹਾਂ, ਉਸ ਦਾ ਅਸਰ ਸਾਡੇ ਮਨ ਅਤੇ ਸਰੀਰ 'ਤੇ ਵੀ ਪੈਂਦਾ ਹੈ। ਰੋਜ਼ਾਨਾ ਪਰਮਾਤਮਾ ਦਾ ਸ਼ੁਕਰ ਕਰਨਾ, ਧਿਆਨ ਲਗਾਉਣਾ ਅਤੇ ਡੂੰਘੇ ਸਾਹ ਲੈਣ ਦੀਆਂ ਕਸਰਤਾਂ ਕਰਨਾ ਵੀ ਮਾਨਸਿਕ ਤੌਰ 'ਤੇ ਸਰਗਰਮ ਅਤੇ ਸਕਾਰਾਤਮਕ ਰਹਿਣ ਵਿੱਚ ਮਦਦ ਕਰ ਸਕਦਾ ਹੈ।

ਇਨ੍ਹਾਂ ਗਤੀਵਿਧੀਆਂ ਨਾਲ ਸਰੀਰ ਵਿੱਚ ਖੁਸ਼ੀ ਅਤੇ ਸੰਤੁਸ਼ਟੀ ਨਾਲ ਜੁੜੇ ਰਸਾਇਣਾਂ ਦੇ ਨਿਕਾਸ ਨੂੰ ਉਤਸ਼ਾਹ ਮਿਲਦਾ ਹੈ, ਜਿਸ ਨਾਲ ਮਨ ਨੂੰ ਸਕਾਰਾਤਮਕ ਰੱਖਣ ਵਿੱਚ ਮਦਦ ਮਿਲ ਸਕਦੀ ਹੈ।

ਡਿਪ੍ਰੈਸ਼ਨ, ਤਣਾਅ ਅਤੇ ਚਿੰਤਾ ਵਿੱਚ ਕੀ ਫ਼ਰਕ ਹੈ?

ਮਾਹਿਰ ਮੁਤਾਬਕ ਤਣਾਅ ਆਮ ਤੌਰ 'ਤੇ ਹਾਲਾਤ ਨਾਲ ਜੁੜਿਆ ਹੁੰਦਾ ਹੈ। ਜਦੋਂ ਹਾਲਾਤ ਠੀਕ ਹੋ ਜਾਂਦੇ ਹਨ ਤਾਂ ਤਣਾਅ ਵੀ ਘੱਟ ਹੋ ਸਕਦਾ ਹੈ।

ਡਿਪ੍ਰੈਸ਼ਨ ਵਿੱਚ ਵਿਅਕਤੀ ਅਕਸਰ ਅਤੀਤ ਦੀ ਕਿਸੇ ਦਰਦ ਭਰੀ ਯਾਦ ਜਾਂ ਘਟਨਾ ਨੂੰ ਵਾਰ-ਵਾਰ ਯਾਦ ਕਰਦਾ ਰਹਿੰਦਾ ਹੈ, ਜਦਕਿ ਚਿੰਤਾ ਵਿੱਚ ਵਿਅਕਤੀ ਭਵਿੱਖ ਨੂੰ ਲੈ ਕੇ ਫਿਕਰਮੰਦ ਰਹਿੰਦਾ ਹੈ।

ਜੇਕਰ ਬਿਨਾਂ ਕਿਸੇ ਸਪੱਸ਼ਟ ਕਾਰਨ ਦੇ ਜਾਂ ਕਿਸੇ ਕਾਰਨ ਕਰਕੇ ਲਗਾਤਾਰ ਚਿੰਤਾ ਬਣੀ ਰਹੇ ਅਤੇ ਇਸ ਦਾ ਅਸਰ ਰੋਜ਼ਾਨਾ ਜ਼ਿੰਦਗੀ 'ਤੇ ਪੈਣ ਲੱਗੇ ਤਾਂ ਇਸ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।

ਲਗਾਤਾਰ ਰੀਲਾਂ ਦੇਖਣ ਨਾਲ ਮਾਨਸਿਕ ਸਿਹਤ 'ਤੇ ਕੀ ਅਸਰ ਪੈਂਦਾ ਹੈ?

ਮਾਹਿਰ ਮੁਤਾਬਕ ਸੋਸ਼ਲ ਮੀਡੀਆ ਅਤੇ ਖ਼ਾਸ ਕਰਕੇ ਲਗਾਤਾਰ ਰੀਲਾਂ ਦੇਖਣ ਦੀ ਆਦਤ ਦਾ ਮਾਨਸਿਕ ਸਿਹਤ 'ਤੇ ਅਸਰ ਪੈ ਸਕਦਾ ਹੈ।

ਜਦੋਂ ਕੋਈ ਵਿਅਕਤੀ ਲਗਾਤਾਰ ਰੀਲਾਂ ਦੇਖਦਾ ਹੈ ਤਾਂ ਇੱਕ ਰੀਲ ਵਿੱਚ ਇੱਕ ਤਰ੍ਹਾਂ ਦੀ ਭਾਵਨਾ ਹੁੰਦੀ ਹੈ, ਦੂਜੀ ਰੀਲ ਵਿੱਚ ਕੋਈ ਹੋਰ ਭਾਵਨਾ ਅਤੇ ਤੀਜੀ ਰੀਲ ਵਿੱਚ ਕੋਈ ਹੋਰ। ਇਸ ਤਰ੍ਹਾਂ ਵਿਅਕਤੀ ਦੀਆਂ ਭਾਵਨਾਵਾਂ ਬਹੁਤ ਤੇਜ਼ੀ ਨਾਲ ਬਦਲਦੀਆਂ ਰਹਿੰਦੀਆਂ ਹਨ ਅਤੇ ਉਨ੍ਹਾਂ ਨੂੰ ਸਹੀ ਢੰਗ ਨਾਲ ਸਮਝਣ ਤੇ ਸੰਭਾਲਣ ਲਈ ਲੋੜੀਂਦਾ ਸਮਾਂ ਨਹੀਂ ਮਿਲਦਾ।

ਇਸ ਤੋਂ ਇਲਾਵਾ ਸਕ੍ਰੀਨ 'ਤੇ ਖੁੱਲ੍ਹੀਆਂ ਬਹੁਤ ਸਾਰੀਆਂ ਜਾਣਕਾਰੀਆਂ ਅਤੇ ਸਮੱਗਰੀ ਦਾ ਬੋਝ ਦਿਮਾਗ 'ਤੇ ਵੀ ਪੈਂਦਾ ਹੈ। ਇਸ ਕਾਰਨ ਦਿਮਾਗੀ ਧੁੰਦ ਵਰਗੀ ਸਥਿਤੀ ਮਹਿਸੂਸ ਹੋ ਸਕਦੀ ਹੈ ਅਤੇ ਵਿਅਕਤੀ ਨੂੰ ਫੈਸਲਾ ਕਰਨ ਵਿੱਚ ਮੁਸ਼ਕਿਲ ਆ ਸਕਦੀ ਹੈ।

ਬੱਚਿਆਂ ਵਿੱਚ ਡਿਪ੍ਰੈਸ਼ਨ ਅਤੇ ਤਣਾਅ ਵਧਣ ਦੇ ਕਾਰਨ

ਮਾਹਿਰ ਮੁਤਾਬਕ ਬੱਚਿਆਂ ਦੀ ਮਾਨਸਿਕ ਸਿਹਤ 'ਤੇ ਸੋਸ਼ਲ ਮੀਡੀਆ ਦਾ ਵੱਡਾ ਅਸਰ ਹੈ। ਇਸ ਤੋਂ ਇਲਾਵਾ ਬੱਚੇ ਇੱਕ-ਦੂਜੇ ਨਾਲ ਆਪਣੀ ਤੁਲਨਾ ਵੀ ਬਹੁਤ ਕਰਦੇ ਹਨ।

ਮਾਪਿਆਂ ਦਾ ਦਬਾਅ, ਸਮਾਜ ਦਾ ਦਬਾਅ ਅਤੇ ਬੱਚਿਆਂ ਵੱਲੋਂ ਆਪਣੇ ਆਪ ਤੋਂ ਰੱਖੀਆਂ ਗਈਆਂ ਬਹੁਤ ਜ਼ਿਆਦਾ ਉਮੀਦਾਂ ਵੀ ਉਨ੍ਹਾਂ ਦੀ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਜਦੋਂ ਬੱਚੇ ਆਪਣੀਆਂ ਜਾਂ ਦੂਜਿਆਂ ਦੀਆਂ ਉਮੀਦਾਂ 'ਤੇ ਖਰੇ ਨਹੀਂ ਉਤਰ ਪਾਉਂਦੇ ਤਾਂ ਉਹ ਨਕਾਰਾਤਮਕ ਸੋਚ ਵੱਲ ਵਧ ਸਕਦੇ ਹਨ ਅਤੇ ਆਪਣੇ ਆਪ ਨਾਲ ਵੀ ਨਕਾਰਾਤਮਕ ਗੱਲਾਂ ਕਰਨ ਲੱਗਦੇ ਹਨ।

ਇਸ ਕਾਰਨ ਹੌਲੀ-ਹੌਲੀ ਉਨ੍ਹਾਂ ਵਿੱਚ ਡਿਪ੍ਰੈਸ਼ਨ ਵਰਗੀ ਸਥਿਤੀ ਪੈਦਾ ਹੋ ਸਕਦੀ ਹੈ।

ਬੱਚਿਆਂ ਦੀ ਮਾਨਸਿਕ ਸਿਹਤ ਵਿੱਚ ਮਾਪਿਆਂ ਦੀ ਭੂਮਿਕਾ

ਮਾਪਿਆਂ ਦੀ ਭੂਮਿਕਾ ਬੱਚਿਆਂ ਦੀ ਮਾਨਸਿਕ ਸਿਹਤ ਲਈ ਬਹੁਤ ਮਹੱਤਵਪੂਰਨ ਹੈ। ਅੱਜਕੱਲ੍ਹ ਨੌਕਰੀਪੇਸ਼ਾ ਮਾਪਿਆਂ ਕੋਲ ਬੱਚਿਆਂ ਨੂੰ ਸਮਾਂ ਦੇਣ ਲਈ ਘੱਟ ਸਮਾਂ ਹੁੰਦਾ ਹੈ। ਕਈ ਵਾਰ ਉਹ ਬੱਚਿਆਂ ਦੀ ਹਰ ਮੰਗ ਪੂਰੀ ਕਰਕੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਦੇਣ ਦੀ ਕੋਸ਼ਿਸ਼ ਕਰਦੇ ਹਨ।

ਮਾਹਿਰ ਨੇ ਇਸ ਨੂੰ 'ਨਾਂਹ ਸੁਣਨ ਦੀ ਆਦਤ' ਵਿਕਸਤ ਕਰਨ ਨਾਲ ਜੋੜਦਿਆਂ ਕਿਹਾ ਕਿ ਬੱਚਿਆਂ ਨੂੰ ਹਰ ਗੱਲ ਲਈ ਹਾਂ ਕਹਿਣ ਦੀ ਬਜਾਏ ਉਨ੍ਹਾਂ ਨੂੰ ਤਰਕ ਅਤੇ ਪਿਆਰ ਨਾਲ ਨਾਂਹ ਸੁਣਨਾ ਵੀ ਸਿਖਾਉਣਾ ਚਾਹੀਦਾ ਹੈ।

ਬੱਚਿਆਂ ਦੀਆਂ ਹਰ ਦਸ ਮੰਗਾਂ ਵਿੱਚੋਂ ਚਾਰ ਮੰਨੀਆਂ ਜਾ ਸਕਦੀਆਂ ਹਨ, ਪਰ ਜਿੱਥੇ ਨਾਂਹ ਕਰਨੀ ਹੋਵੇ, ਉੱਥੇ ਬੱਚਿਆਂ ਨੂੰ ਉਸ ਦਾ ਕਾਰਨ ਸਮਝਾਉਣਾ ਚਾਹੀਦਾ ਹੈ। ਛੋਟੇ ਬੱਚੇ ਕੱਚੀ ਮਿੱਟੀ ਵਰਗੇ ਹੁੰਦੇ ਹਨ। ਜਿਵੇਂ ਘੁਮਿਆਰ ਕੱਚੀ ਮਿੱਟੀ ਨੂੰ ਆਕਾਰ ਦਿੰਦਾ ਹੈ, ਉਸੇ ਤਰ੍ਹਾਂ ਮਾਪੇ ਵੀ ਬੱਚਿਆਂ ਦੇ ਵਿਅਕਤਿਤਵ ਨੂੰ ਆਕਾਰ ਦਿੰਦੇ ਹਨ।

ਬੱਚੇ ਜੋ ਕੁਝ ਚੰਗਾ ਕਰ ਰਹੇ ਹਨ, ਮਾਪਿਆਂ ਨੂੰ ਉਨ੍ਹਾਂ ਦੇ ਨਤੀਜੇ ਦੀ ਬਜਾਏ ਉਨ੍ਹਾਂ ਦੀ ਕੋਸ਼ਿਸ਼ ਦੀ ਤਾਰੀਫ਼ ਕਰਨੀ ਚਾਹੀਦੀ ਹੈ। ਇਸ ਨਾਲ ਬੱਚੇ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਸ ਨੇ ਕੋਸ਼ਿਸ਼ ਕੀਤੀ ਅਤੇ ਉਸ ਦੀ ਮਿਹਨਤ ਦਾ ਨਤੀਜਾ ਮਿਲਿਆ।

ਹਾਲਾਂਕਿ ਬੱਚਿਆਂ ਦੀ ਹਰ ਗੱਲ ਦੀ ਬੇਲੋੜੀ ਤਾਰੀਫ਼ ਵੀ ਨਹੀਂ ਕਰਨੀ ਚਾਹੀਦੀ, ਕਿਉਂਕਿ ਇਸ ਨਾਲ ਉਨ੍ਹਾਂ ਵਿੱਚ ਹੰਕਾਰ ਪੈਦਾ ਹੋ ਸਕਦਾ ਹੈ। ਇਸ ਦੇ ਨਾਲ ਹੀ ਬੱਚਿਆਂ ਨੂੰ ਨਿਰਾਸ਼ ਕਰਨ ਵਾਲੇ ਲੇਬਲ ਨਹੀਂ ਦੇਣੇ ਚਾਹੀਦੇ।

ਮਾਪਿਆਂ ਨੂੰ ਬੱਚਿਆਂ ਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ 'ਤੂੰ ਤਾਂ ਸੁਸਤ ਹੈਂ' ਜਾਂ 'ਤੂੰ ਤਾਂ ਫੇਲ੍ਹ ਹੋ ਜਾਵੇਂਗਾ'। ਅਜਿਹੀਆਂ ਗੱਲਾਂ ਬੱਚੇ ਦੇ ਮਨ 'ਤੇ ਡੂੰਘਾ ਅਸਰ ਪਾ ਸਕਦੀਆਂ ਹਨ ਅਤੇ ਉਹ ਹੌਲੀ-ਹੌਲੀ ਆਪਣੇ ਆਪ ਨੂੰ ਵੀ ਉਸੇ ਤਰ੍ਹਾਂ ਸਮਝਣਾ ਸ਼ੁਰੂ ਕਰ ਸਕਦਾ ਹੈ।

ਬੱਚੇ ਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ 'ਤੂੰ ਬੁਰਾ ਹੈਂ'। ਇਸ ਦੀ ਬਜਾਏ ਉਸ ਨੂੰ ਸਮਝਾਉਣਾ ਚਾਹੀਦਾ ਹੈ ਕਿ 'ਜੋ ਤੂੰ ਕਰ ਰਿਹਾ ਹੈਂ, ਉਹ ਗਲਤ ਹੈ'। ਅਰਥਾਤ ਬੱਚੇ ਦੀ ਸ਼ਖ਼ਸੀਅਤ ਨੂੰ ਨਹੀਂ, ਸਗੋਂ ਉਸ ਦੇ ਗਲਤ ਵਿਹਾਰ ਨੂੰ ਗਲਤ ਦੱਸਣਾ ਚਾਹੀਦਾ ਹੈ।

ਬੱਚਿਆਂ ਨਾਲ ਗੁਣਵੱਤਾ ਭਰਿਆ ਸਮਾਂ ਬਿਤਾਉਣਾ ਜ਼ਰੂਰੀ

ਮਾਪਿਆਂ ਨੂੰ ਬੱਚਿਆਂ ਨਾਲ ਬਿਨਾਂ ਰੋਕੇ ਅਤੇ ਬਿਨਾਂ ਟੋਕੇ ਸਮਾਂ ਬਿਤਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਹਰ ਸਮੇਂ ਬਿਨਾਂ ਲੋੜ ਦੀ ਸਲਾਹ ਦੇਣ ਦੀ ਬਜਾਏ ਮੁਤਾਬਕ ਕਈ ਮਾਮਲਿਆਂ ਵਿੱਚ ਬੱਚਾ ਜਦੋਂ ਆਪਣੇ ਮਾਪਿਆਂ ਕੋਲ ਆਪਣੀ ਕੋਈ ਗਲਤੀ ਸਾਂਝੀ ਕਰਦਾ ਹੈ ਤਾਂ ਮਾਪੇ ਉਸ ਨੂੰ ਸਮਝਣ ਦੀ ਬਜਾਏ ਡਾਂਟਣਾ ਸ਼ੁਰੂ ਕਰ ਦਿੰਦੇ ਹਨ।

ਅਜਿਹੇ ਵਿੱਚ ਬੱਚਾ ਅਗਲੀ ਵਾਰ ਆਪਣੀ ਸਮੱਸਿਆ ਮਾਪਿਆਂ ਨਾਲ ਸਾਂਝੀ ਕਰਨਾ ਬੰਦ ਕਰ ਸਕਦਾ ਹੈ। ਇਸ ਲਈ ਮਾਪਿਆਂ ਲਈ ਬਹੁਤ ਜ਼ਰੂਰੀ ਹੈ ਕਿ ਉਹ ਬੱਚਿਆਂ ਨਾਲ ਬੈਠਣ, ਉਨ੍ਹਾਂ ਦੀ ਗੱਲ ਧਿਆਨ ਨਾਲ ਸੁਣਨ ਅਤੇ ਤੁਰੰਤ ਡਾਂਟਣ ਦੀ ਬਜਾਏ ਉਨ੍ਹਾਂ ਨੂੰ ਸਮਝਣ ਦੀ ਕੋਸ਼ਿਸ਼ ਕਰਨ।

ਕੰਮ ਵਾਲੀ ਥਾਂ 'ਤੇ ਮਾਨਸਿਕ ਸਿਹਤ ਕਿਵੇਂ ਮਜ਼ਬੂਤ ਰੱਖੀਏ?

ਕੰਮ ਵਾਲੀ ਥਾਂ ਦਾ ਵੀ ਸਾਡੀ ਮਾਨਸਿਕ ਸਿਹਤ 'ਤੇ ਡੂੰਘਾ ਅਸਰ ਪੈਂਦਾ ਹੈ। ਇਸ ਲਈ ਨਿੱਜੀ ਅਤੇ ਪੇਸ਼ੇਵਰ ਜ਼ਿੰਦਗੀ ਵਿਚਕਾਰ ਸੰਤੁਲਨ ਬਣਾਉਣਾ ਬਹੁਤ ਜ਼ਰੂਰੀ ਹੈ।

ਜਦੋਂ ਵਿਅਕਤੀ ਘਰ ਜਾ ਰਿਹਾ ਹੋਵੇ ਤਾਂ ਦਫ਼ਤਰ ਦੀਆਂ ਪਰੇਸ਼ਾਨੀਆਂ ਆਪਣੇ ਨਾਲ ਘਰ ਨਹੀਂ ਲੈ ਕੇ ਜਾਣੀਆਂ ਚਾਹੀਦੀਆਂ ਅਤੇ ਜਦੋਂ ਦਫ਼ਤਰ ਆ ਰਿਹਾ ਹੋਵੇ ਤਾਂ ਘਰ ਦੀਆਂ ਪਰੇਸ਼ਾਨੀਆਂ ਨੂੰ ਕੰਮ 'ਤੇ ਹਾਵੀ ਨਹੀਂ ਹੋਣ ਦੇਣਾ ਚਾਹੀਦਾ।

ਇਸ ਲਈ ਨਿੱਜੀ ਅਤੇ ਪੇਸ਼ੇਵਰ ਜ਼ਿੰਦਗੀ ਵਿਚਕਾਰ ਇੱਕ ਹੱਦ ਬਣਾਉਣੀ ਸਿੱਖਣੀ ਪਵੇਗੀ।

ਮਾਹਿਰ ਨੇ ਸਾਹ ਨਾਲ ਜੁੜੀਆਂ ਕਸਰਤਾਂ ਨੂੰ ਵੀ ਜ਼ਿੰਦਗੀ ਦਾ ਹਿੱਸਾ ਬਣਾਉਣ ਦੀ ਸਲਾਹ ਦਿੱਤੀ। ਡੂੰਘੇ ਸਾਹ ਲੈਣ ਦੀ ਕਸਰਤ, ਨਿਯਮਤ ਸਾਹ-ਪ੍ਰਕਿਰਿਆ ਅਤੇ ਹੋਰ ਸਾਹ ਨਾਲ ਜੁੜੀਆਂ ਕਸਰਤਾਂ ਮਨ ਨੂੰ ਸ਼ਾਂਤ ਰੱਖਣ ਵਿੱਚ ਮਦਦ ਕਰ ਸਕਦੀਆਂ ਹਨ।

ਜਦੋਂ ਅਸੀਂ ਸ਼ਾਂਤ ਰਹਿੰਦੇ ਹਾਂ ਤਾਂ ਫੈਸਲੇ ਵੀ ਬਿਹਤਰ ਢੰਗ ਨਾਲ ਲੈ ਸਕਦੇ ਹਾਂ। ਇਸ ਨਾਲ ਕੰਮ ਕਰਨ ਦੀ ਸਮਰੱਥਾ ਵਿੱਚ ਸੁਧਾਰ ਹੋ ਸਕਦਾ ਹੈ ਅਤੇ ਕੰਮ ਵਾਲੀ ਥਾਂ ਦੇ ਨਾਲ-ਨਾਲ ਘਰ ਦੇ ਰਿਸ਼ਤੇ ਵੀ ਬਿਹਤਰ ਰਹਿ ਸਕਦੇ ਹਨ।

ਔਰਤਾਂ ਦੀ ਮਾਨਸਿਕ ਸਿਹਤ ਕਿਹੜੇ ਕਾਰਨਾਂ ਕਰਕੇ ਪ੍ਰਭਾਵਿਤ ਹੁੰਦੀ ਹੈ?

ਮਾਹਿਰ ਮੁਤਾਬਕ ਔਰਤਾਂ ਲਈ ਘਰ, ਬੱਚੇ, ਕਰੀਅਰ ਅਤੇ ਆਰਥਿਕ ਜ਼ਿੰਮੇਵਾਰੀਆਂ ਵਿਚਕਾਰ ਸੰਤੁਲਨ ਬਣਾਉਣਾ ਕਈ ਵਾਰ ਵੱਡੀ ਚੁਣੌਤੀ ਬਣ ਜਾਂਦਾ ਹੈ।

ਇੱਕ ਕੰਮਕਾਜੀ ਔਰਤ ਜਦੋਂ ਕੰਮ 'ਤੇ ਹੁੰਦੀ ਹੈ ਤਾਂ ਵੀ ਉਸ ਦੇ ਮਨ ਵਿੱਚ ਘਰ ਅਤੇ ਬੱਚਿਆਂ ਨਾਲ ਜੁੜੇ ਕਈ ਸਵਾਲ ਚੱਲਦੇ ਰਹਿੰਦੇ ਹਨ। ਉਹ ਸੋਚਦੀ ਰਹਿੰਦੀ ਹੈ ਕਿ ਬੱਚੇ ਕੀ ਕਰ ਰਹੇ ਹੋਣਗੇ, ਪਤੀ ਕੀ ਕਰ ਰਿਹਾ ਹੋਵੇਗਾ, ਘਰ ਜਾ ਕੇ ਕਿਹੜੇ ਕੰਮ ਕਰਨੇ ਹਨ ਅਤੇ ਘਰ ਵਿੱਚ ਆਉਣ ਵਾਲੇ ਮਹਿਮਾਨਾਂ ਲਈ ਕੀ ਤਿਆਰੀ ਕਰਨੀ ਹੈ।

ਇਸ ਤਰ੍ਹਾਂ ਦਿਮਾਗ ਵਿੱਚ ਇੱਕੋ ਸਮੇਂ ਕਈ ਗੱਲਾਂ ਚੱਲਦੀਆਂ ਰਹਿੰਦੀਆਂ ਹਨ। ਇਸ ਲਈ ਸਮੇਂ-ਸਮੇਂ 'ਤੇ ਠਹਿਰਾਅ ਲੈਣਾ ਬਹੁਤ ਜ਼ਰੂਰੀ ਹੈ। ਕੰਮਕਾਜੀ ਔਰਤਾਂ ਵਿੱਚ ਲਗਾਤਾਰ ਸੋਚਦੇ ਰਹਿਣ ਦੀ ਆਦਤ ਉਨ੍ਹਾਂ ਦੀ ਮਾਨਸਿਕ ਅਤੇ ਸਰੀਰਕ ਸਿਹਤ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਇਹ ਸਮੱਸਿਆ ਸਿਰਫ਼ ਕੰਮਕਾਜੀ ਔਰਤਾਂ ਤੱਕ ਸੀਮਤ ਨਹੀਂ ਹੈ। ਕਈ ਪੜ੍ਹੀਆਂ-ਲਿਖੀਆਂ ਔਰਤਾਂ ਵਿਆਹ ਤੋਂ ਬਾਅਦ ਪਰਿਵਾਰ ਸੰਭਾਲਣ ਲਈ ਨੌਕਰੀ ਨਹੀਂ ਕਰਦੀਆਂ ਅਤੇ ਆਪਣਾ ਸਾਰਾ ਸਮਾਂ ਬੱਚਿਆਂ, ਪਤੀ ਅਤੇ ਪਰਿਵਾਰ ਨੂੰ ਦੇ ਦਿੰਦੀਆਂ ਹਨ।

ਜਦੋਂ ਬੱਚੇ ਵੱਡੇ ਹੋ ਕੇ ਆਪਣੀ ਜ਼ਿੰਦਗੀ ਵਿੱਚ ਰੁੱਝ ਜਾਂਦੇ ਹਨ ਤਾਂ ਕਈ ਵਾਰ ਔਰਤ ਇਕੱਲਾਪਣ ਮਹਿਸੂਸ ਕਰਨ ਲੱਗਦੀ ਹੈ। ਇਸ ਨਾਲ ਉਸ ਦੇ ਮਨ ਵਿੱਚ ਇਹ ਨਕਾਰਾਤਮਕ ਵਿਚਾਰ ਪੈਦਾ ਹੋ ਸਕਦਾ ਹੈ ਕਿ ਹੁਣ ਉਹ ਕਿਸੇ ਕੰਮ ਦੀ ਨਹੀਂ ਰਹੀ। ਅਜਿਹੇ ਵਿਚਾਰ ਡਿਪ੍ਰੈਸ਼ਨ ਨੂੰ ਵਧਾ ਸਕਦੇ ਹਨ।

ਘਰ ਸੰਭਾਲਣ ਵਾਲੀਆਂ ਔਰਤਾਂ ਆਪਣੀ ਮਾਨਸਿਕ ਸਿਹਤ ਲਈ ਕੀ ਕਰਨ?

ਮਾਹਿਰ ਨੇ ਘਰ ਸੰਭਾਲਣ ਵਾਲੀਆਂ ਔਰਤਾਂ ਨੂੰ ਆਪਣੇ ਲਈ ਸਮਾਂ ਕੱਢਣ ਅਤੇ ਆਪਣੇ ਆਪ ਨੂੰ ਮਹੱਤਵ ਦੇਣ ਦੀ ਸਲਾਹ ਦਿੱਤੀ।

ਉਨ੍ਹਾਂ ਮੁਤਾਬਕ ਔਰਤਾਂ ਨੂੰ ਆਪਣੀਆਂ ਪਸੰਦਾਂ ਅਤੇ ਰੁਚੀਆਂ ਨਾਲ ਜੁੜੇ ਕੰਮ ਜ਼ਰੂਰ ਕਰਨੇ ਚਾਹੀਦੇ ਹਨ। ਆਪਣੀਆਂ ਰੁਚੀਆਂ ਨੂੰ ਸਮਾਂ ਦੇਣਾ, ਕਸਰਤ ਕਰਨਾ, ਸਹੀ ਖਾਣ-ਪੀਣ ਅਤੇ ਪੂਰੀ ਨੀਂਦ ਦਾ ਧਿਆਨ ਰੱਖਣਾ ਮਾਨਸਿਕ ਸਿਹਤ ਲਈ ਲਾਹੇਵੰਦ ਹੈ।

ਮਾਹਿਰ ਨੇ ਇਹ ਵੀ ਕਿਹਾ ਕਿ ਔਰਤਾਂ ਨੂੰ ਆਪਣੇ ਆਪ ਨੂੰ ਤਿਆਰ ਕਰਕੇ ਰੱਖਣਾ ਚਾਹੀਦਾ ਹੈ। ਕਈ ਔਰਤਾਂ ਸੋਚਦੀਆਂ ਹਨ ਕਿ ਜਦੋਂ ਕਿਤੇ ਜਾਣਾ ਹੀ ਨਹੀਂ ਤਾਂ ਤਿਆਰ ਹੋਣ ਦੀ ਕੀ ਲੋੜ ਹੈ। ਪਰ ਆਪਣੇ ਆਪ ਨੂੰ ਤਿਆਰ ਕਰਨਾ ਵੀ ਆਪਣੇ ਆਪ ਨੂੰ ਮਹੱਤਵ ਦੇਣ ਦਾ ਇੱਕ ਤਰੀਕਾ ਹੈ।

ਧਿਆਨ ਲਗਾਉਣਾ, ਸ਼ੁਕਰਾਨਾ ਕਰਨਾ, ਸਾਹ ਨਾਲ ਜੁੜੀਆਂ ਕਸਰਤਾਂ ਅਤੇ ਸਹੀ ਖੁਰਾਕ ਵਰਗੀਆਂ ਗਤੀਵਿਧੀਆਂ ਹਰ ਕਿਸੇ ਲਈ ਲਾਹੇਵੰਦ ਹੋ ਸਕਦੀਆਂ ਹਨ, ਭਾਵੇਂ ਉਹ ਘਰ ਸੰਭਾਲਣ ਵਾਲੀ ਔਰਤ ਹੋਵੇ, ਕੰਮਕਾਜੀ ਔਰਤ ਹੋਵੇ ਜਾਂ ਕੋਈ ਹੋਰ ਵਿਅਕਤੀ।

ਯਾਤਰਾ ਕਰਨ ਨਾਲ ਵੀ ਮਾਨਸਿਕ ਸਿਹਤ 'ਤੇ ਚੰਗਾ ਅਸਰ ਪੈ ਸਕਦਾ ਹੈ

ਮਾਹਿਰ ਮੁਤਾਬਕ ਯਾਤਰਾ ਕਰਨਾ ਵੀ ਮਾਨਸਿਕ ਸਿਹਤ ਲਈ ਲਾਹੇਵੰਦ ਹੋ ਸਕਦਾ ਹੈ। ਜੇਕਰ ਸੰਭਵ ਹੋਵੇ ਤਾਂ ਇਕੱਲੇ ਯਾਤਰਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਉਹ ਕੰਮ ਕਰਨੇ ਚਾਹੀਦੇ ਹਨ ਜੋ ਸਾਨੂੰ ਖੁਸ਼ੀ ਦਿੰਦੇ ਹਨ।

ਜਦੋਂ ਵਿਅਕਤੀ ਆਪਣੀ ਪਸੰਦ ਦਾ ਕੰਮ ਕਰਦਾ ਹੈ ਤਾਂ ਉਸ ਨੂੰ ਖੁਸ਼ੀ ਮਹਿਸੂਸ ਹੁੰਦੀ ਹੈ। ਜਦੋਂ ਵਿਅਕਤੀ ਅੰਦਰੋਂ ਖੁਸ਼ ਹੁੰਦਾ ਹੈ ਤਾਂ ਉਸ ਦੇ ਆਲੇ-ਦੁਆਲੇ ਦਾ ਮਾਹੌਲ ਵੀ ਸਕਾਰਾਤਮਕ ਬਣਨ ਲੱਗਦਾ ਹੈ।

ਇਸ ਲਈ ਮਾਨਸਿਕ ਸਿਹਤ ਨੂੰ ਤੰਦਰੁਸਤ ਰੱਖਣ ਲਈ ਆਪਣੇ ਲਈ ਸਮਾਂ ਕੱਢਣਾ, ਸਰੀਰਕ ਤੌਰ 'ਤੇ ਸਰਗਰਮ ਰਹਿਣਾ, ਚੰਗਾ ਖਾਣਾ, ਪੂਰੀ ਨੀਂਦ ਲੈਣਾ, ਆਪਣੀਆਂ ਰੁਚੀਆਂ ਨੂੰ ਸਮਾਂ ਦੇਣਾ, ਬੱਚਿਆਂ ਨਾਲ ਮਜ਼ਬੂਤ ਰਿਸ਼ਤਾ ਬਣਾਉਣਾ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਨੂੰ ਸੰਤੁਲਿਤ ਰੱਖਣਾ ਬਹੁਤ ਜ਼ਰੂਰੀ ਹੈ।

ਜੇਕਰ ਉਦਾਸੀ, ਚਿੰਤਾ, ਨੀਂਦ ਜਾਂ ਭੁੱਖ ਵਿੱਚ ਬਦਲਾਅ, ਲੋਕਾਂ ਤੋਂ ਦੂਰ ਰਹਿਣਾ ਜਾਂ ਰੋਜ਼ਾਨਾ ਦੇ ਕੰਮਾਂ ਵਿੱਚ ਦਿਲਚਸਪੀ ਖ਼ਤਮ ਹੋਣ ਵਰਗੇ ਲੱਛਣ ਲੰਬੇ ਸਮੇਂ ਤੱਕ ਬਣੇ ਰਹਿਣ ਤਾਂ ਮਾਨਸਿਕ ਸਿਹਤ ਮਾਹਿਰ ਨਾਲ ਸਲਾਹ ਕਰਨਾ ਚਾਹੀਦਾ ਹੈ।

# ਸਿਹਤ ਸੇਵਾਵਾਂ ਦੀ ਚੁਣੌਤੀ



ਕਰੋੜਾਂ ਲੋਕਾਂ ਲਈ ਮਿਆਰੀ ਅਤੇ ਕਿਫ਼ਾਇਤੀ ਡਾਕਟਰੀ ਸਹੂਲਤਾਂ ਤੱਕ ਪਹੁੰਚ ਹੁਣ ਵੀ ਵੱਡੀ ਚੁਣੌਤੀ ਬਣੀ ਹੋਈ ਹੈ। ਸਰਕਾਰੀ ਅਤੇ ਪ੍ਰਾਈਵੇਟ ਖੇਤਰਾਂ ਵਿੱਚ ਸਿਹਤ ਸੇਵਾਵਾਂ ਬਾਰੇ ਸੰਸਦੀ ਸਥਾਈ ਕਮੇਟੀ ਦੀ ਰਿਪੋਰਟ ਇਸੇ ਸਚਾਈ ਨੂੰ ਸਾਹਮਣੇ ਲਿਆਉਂਦੀ ਹੈ। ਨੈਸ਼ਨਲ ਸਟੈਟੈਸਟੀਕਲ ਆਫਿਸ (ਐੱਨ ਐੱਸ ਓ) ਦੇ ਸਾਲ 2025 ਦੇ ਸਰਵੇਖਣ ਦਾ ਹਵਾਲਾ ਦਿੰਦਿਆਂ ਕਮੇਟੀ ਨੇ ਦੱਸਿਆ ਹੈ ਕਿ ਸਰਕਾਰੀ ਹਸਪਤਾਲਾਂ ਵਿੱਚ ਪ੍ਰਤੀ ਹਸਪਤਾਲ ਮਰੀਜ਼ ਦੇ ਦਾਖ਼ਲੇ ਦਾ ਔਸਤ ਖਰਚਾ 6,631 ਰੁਪਏ ਹੈ ਜਦੋਂਕਿ ਪ੍ਰਾਈਵੇਟ ਹਸਪਤਾਲਾਂ ਵਿੱਚ ਇਹ 50,508 ਰੁਪਏ, ਯਾਨੀ ਸੱਤ ਗੁਣਾ ਤੋਂ ਵੀ ਵੱਧ ਬਣਦਾ ਹੈ।

ਇਹ ਅੰਕੜੇ ਬਹੁਤ ਅਹਿਮ ਹਨ ਕਿਉਂਕਿ ਅੱਜ ਪ੍ਰਾਈਵੇਟ ਹਸਪਤਾਲ ਸੱਠ ਫ਼ੀਸਦੀ ਤੋਂ ਵੱਧ ਦਾਖ਼ਲ ਮਰੀਜ਼ਾਂ ਅਤੇ ਸੱਤਰ ਫ਼ੀਸਦੀ ਤੋਂ ਵੱਧ ਬਾਹਰੀ ਮਰੀਜ਼ਾਂ ਦਾ ਇਲਾਜ ਕਰ ਰਹੇ ਹਨ। ਜਦੋਂ ਸਰਕਾਰੀ ਹਸਪਤਾਲਾਂ ਵਿੱਚ ਬਿਸਤਰਿਆਂ, ਮੈਡੀਕਲ ਉਪਕਰਣਾਂ, ਦਵਾਈਆਂ ਅਤੇ ਸਿਖਲਾਈ ਪ੍ਰਾਪਤ ਸਟਾਫ ਦੀ ਘਾਟ ਹੁੰਦੀ ਹੈ ਤਾਂ ਮਰੀਜ਼ਾਂ ਕੋਲ ਭੁਗਤਾਨ ਕਰਨ ਦੀ ਸਮਰੱਥਾ ਨਾ ਹੋਣ ਦੇ ਬਾਵਜੂਦ ਪ੍ਰਾਈਵੇਟ ਹਸਪਤਾਲਾਂ ਤੋਂ ਇਲਾਜ ਕਰਵਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚਦਾ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਸਾਡੇ ਦੇਸ਼ ਵਿੱਚ ਵਧੀਆ ਇਲਾਜ ਪੂਰੀ ਤਰ੍ਹਾਂ ਮਰੀਜ਼ ਦੀ ਪਰਿਵਾਰਕ ਆਮਦਨ 'ਤੇ ਨਿਰਭਰ ਹੋ ਕੇ ਰਹਿ ਗਿਆ ਹੈ।

ਕਮੇਟੀ ਦੀ ਇਸ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਮਰੀਜ਼ਾਂ ਨੂੰ ਹਸਪਤਾਲ ਦੇ ਔਸਤ 37,858 ਰੁਪਏ ਦੇ ਬਿੱਲ ਵਿੱਚੋਂ ਲਗਪਗ 34,064 ਰੁਪਏ ਆਪਣੀ ਜੇਬ ਵਿੱਚੋਂ ਖਰਚਣੇ ਪੈਂਦੇ ਹਨ, ਜੋ ਵੱਡੀ ਚਿੰਤਾ ਦਾ ਵਿਸ਼ਾ ਹੈ। ਭਾਵੇਂ ਕੁੱਲ ਖਰਚੇ ਵਿੱਚੋਂ ਮਰੀਜ਼ ਦੀ ਆਪਣੀ ਜੇਬ ਵਿੱਚੋਂ ਜਾਣ ਵਾਲਾ ਪੈਸਾ 2014 ਦੇ 62.6 ਫ਼ੀਸਦੀ ਤੋਂ ਘਟ ਕੇ 2022-23 ਵਿੱਚ 43.4 ਫੀਸਦੀ ਰਹਿ ਗਿਆ, ਪਰ ਫਿਰ ਵੀ 10 ਤੋਂ 13 ਫ਼ੀਸਦੀ ਦੀ ਮੈਡੀਕਲ ਮਹਿੰਗਾਈ ਆਮ ਪਰਿਵਾਰਾਂ ਦੇ ਘਰੇਲੂ ਬਜਟ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀ ਹੈ।

ਜਨਤਕ ਸਹੂਲਤਾਂ ਵਿੱਚ ਆ ਰਹੇ ਨਿਘਾਰ ਨੂੰ ਅਟੱਲ ਸਚਾਈ ਵਜੋਂ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇਸ ਦੀ ਬਜਾਏ ਇਨ੍ਹਾਂ ਨੂੰ ਮਜ਼ਬੂਤ ਕਰਨਾ ਪਹਿਲਕਦਮੀ ਹੋਣੀ ਚਾਹੀਦੀ ਹੈ। ਕਮੇਟੀ ਦੀਆਂ ਸਿਫ਼ਾਰਿਸ਼ਾਂ ਸਹੀ ਦਿਸ਼ਾ ਵੱਲ ਇਸ਼ਾਰਾ ਕਰਦੀਆਂ ਹਨ: ਛੋਟੇ ਅਤੇ ਪੇਂਡੂ ਹਸਪਤਾਲਾਂ ਲਈ ਟੀਚਾਬੱਧ ਸਹਾਇਤਾ, ਪਾਰਦਰਸ਼ੀ ਇਲਾਜ ਪੈਕੇਜ, ਬੀਮਾ ਦਰਾਂ ਦੀ ਸਮੇਂ-ਸਮੇਂ 'ਤੇ ਸਮੀਖਿਆ, ਮੱਧ-ਆਮਦਨ ਵਾਲੇ ਪਰਿਵਾਰਾਂ ਲਈ ਕਿਫ਼ਾਇਤੀ ਬੀਮਾ, ਜੈਨਰਿਕ ਦਵਾਈਆਂ ਤੱਕ ਵਿਆਪਕ ਪਹੁੰਚ ਅਤੇ ਵੱਡੇ ਸ਼ਹਿਰਾਂ ਤੋਂ ਬਾਹਰ ਸਰਕਾਰੀ-ਪ੍ਰਾਈਵੇਟ ਭਾਈਵਾਲੀ ਨੂੰ ਵਧਾਉਣਾ।

ਭਾਰਤ ਦੀਆਂ ਸਿਹਤ ਸੇਵਾਵਾਂ ਦੇ ਟੀਚਿਆਂ ਨੂੰ ਸਿਰਫ਼ ਹਸਪਤਾਲਾਂ ਦੇ ਬਾਜ਼ਾਰ ਦੇ ਆਕਾਰ ਤੋਂ ਨਹੀਂ ਪਰਖਿਆ ਜਾਣਾ ਚਾਹੀਦਾ। ਜਿਹੜੇ ਖੇਤਰ ਦਾ ਸਾਲ 2030 ਤੱਕ 202.5 ਅਰਬ ਡਾਲਰ ਤੱਕ ਪਹੁੰਚਣ ਦਾ ਅੰਦਾਜ਼ਾ ਹੈ, ਉਸ ਨੂੰ ਇਹ ਵੀ ਸਾਬਿਤ ਕਰਨਾ ਪਵੇਗਾ ਕਿ ਮਿਆਰੀ ਇਲਾਜ ਲੱਖਾਂ ਪਰਿਵਾਰਾਂ ਨੂੰ ਕਰਜ਼ੇ ਵਿੱਚ ਧੱਕੇ ਬਿਨਾਂ ਮਿਲ ਸਕਦਾ ਹੈ।



# ਸਭਿਆਚਾਰ

## ਸੰਧੂਰੀ ਅੰਬੀਆਂ ਦੀ ਮਹਿਕ ਤੇ ਮਿਠਾਸ

-ਵਰਿੰਦਰ ਸਿੰਘ ਨਿਮਾਣਾ



ਅੱਜ ਪੰਜਾਬ ਵਿੱਚ ਰਵਾਇਤੀ ਰੁੱਖਾਂ ਦੇ ਘਟਣ, ਲੋਕਾਂ ਦੇ ਰੁੱਖਾਂ ਨਾਲ ਘਟ ਰਹੇ ਮੋਹ ਅਤੇ ਜ਼ਮੀਨਾਂ ਦੇ ਘੱਟ ਰਹੇ ਆਕਾਰ ਕਰਕੇ ਹਾੜ੍ਹ ਸਾਉਣ ਦੀ ਰੁੱਤੇ ਪਿੰਡਾਂ ਵਿੱਚ ਦੇਸੀ ਅੰਬਾਂ ਦੇ ਬਾਗ਼ਾਂ ਵਾਲੀਆਂ ਰੌਣਕਾਂ ਤੇ ਬਹਾਰਾਂ ਦੇਖਣ ਨੂੰ ਨਹੀਂ ਮਿਲਦੀਆਂ। ਜਿਨ੍ਹਾਂ ਦੇ ਬਚਪਨ ਦੀਆਂ ਸਕੂਲੀ ਛੁੱਟੀਆਂ ਦੀਆਂ ਮੌਜਾਂ ਖੁਸ਼ਬੂਦਾਰ ਦੇਸੀ ਅੰਬਾਂ ਦੇ ਸੁਆਦ ਨਾਲ ਗੁਜ਼ਰੀਆਂ ਹੋਣਗੀਆਂ, ਉਹ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਨਾਮੀ ਅੰਬ, ਇਨਾਮੀ ਛੱਲੀ, ਸੰਧੂਰੀ ਛੱਲੀ, ਛੋਟਾ ਸੰਧੂਰੀ, ਪੀਲਾ ਸੰਧੂਰੀ, ਆਂਡਾ, ਬੇਰ, ਗੋਲਾ, ਬੱਡ, ਕੰਘੀ, ਕਿਤਾਬੀ ਅੰਬ, ਸੌਂਫੀ, ਸੰਧੂਰੀ, ਸਫੈਦਾ, ਆੜੂ ਤੇ ਲੱਡੂ ਆਦਿ ਕਿਸਮਾਂ ਦੇ ਦੇਸੀ ਅੰਬਾਂ ਦੀ ਖ਼ਾਸੀਅਤ ਕੀ ਹੈ। ਭਾਵੇਂ ਪੰਜਾਬ ਦੇ ਬਹੁਤੇ ਇਲਾਕੇ ’ਚੋਂ ਅੰਬਾਂ ਦੀਆਂ ਇਹ ਦੇਸੀ ਕਿਸਮਾਂ ਪੂਰੀ ਤਰ੍ਹਾਂ ਲੋਪ ਹੋ ਚੁੱਕੀਆਂ ਹਨ, ਪਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਹਰਿਆਣਾ ਕੋਲ ਪੈਂਦੇ ਪਿੰਡ ਬੱਸੀ ਉਮਰ ਖਾਨ ਵਿਖੇ ਕਈ ਦਹਾਕੇ ਪੁਰਾਣੇ ‘ਇਨਾਮੀ ਬਾਗ਼’ ਵਿੱਚ ਪੰਜਾਬ ਦੀਆਂ ਦੇਸੀ ਅਤੇ ਰਵਾਇਤੀ ਕਿਸਮਾਂ ਦੇ ਅੰਬਾਂ ਦੀ ਮਹਿਕ ਦੇ ਜਲਵੇ ਅਜੇ ਵੀ ਦੇਖੇ ਜਾ ਸਕਦੇ ਹਨ।

ਇਸ ਬਾਗ਼ ਵਿੱਚ ਅਜੇ ਵੀ 150 ਤੋਂ ਵੱਧ ਦੇਸੀ ਕਿਸਮ ਦੇ ਅੰਬ ਹਨ ਜਿਨ੍ਹਾਂ ਦੇ ਨਾਂ ਫ਼ਲਾਂ ਦੇ ਆਕਾਰ, ਰੰਗ ਰੂਪ ਤੇ ਸੁਆਦ ਮੁਤਾਬਿਕ ਪੀੜ੍ਹੀ ਦਰ ਪੀੜ੍ਹੀ ਇਸੇ ਤਰ੍ਹਾਂ ਚੱਲਦੇ ਹਨ। ਦੋਆਬੇ ਦੇ ਹੋਰ ਪੁਰਾਣੇ ਅੰਬਾਂ ਦੇ ਬਾਗ਼ਾਂ ਵਾਂਗ ਇਨਾਮੀ ਬਾਗ਼ ਨੂੰ ਵੀ ਵੰਡ ਤੋਂ ਪਹਿਲਾਂ ਮੁਸਲਮਾਨ ਜ਼ੈਲਦਾਰਾਂ ਨੇ ਆਪਣੀ ਰੂਹ ਨੂੰ ਸਕੂਨ ਦੇਣ ਅਤੇ ਮੌਸਮੀ ਨਿਆਮਤਾਂ ਦੇ ਰੰਗ ਮਾਣਨ ਦੇ ਮੰਤਵ ਨਾਲ ਲਵਾਇਆ ਸੀ। ਉਨ੍ਹਾਂ ਅੰਬ ਦੇ ਬੂਟੇ ਪਾਲਣ ਲਈ ਕਾਮਿਆਂ ਤੋਂ ਮਸ਼ਕਾਂ ਨਾਲ ਪਾਣੀ ਪੁਆਇਆ ਤੇ ਬਾਗ਼ਾਂ ਵਿੱਚ ਪਸ਼ੂ ਚਾਰਨ ਦੀ ਪਾਬੰਦੀ ਵੀ ਲਵਾਈ। ਪੁਰਾਣੇ ਸਮਿਆਂ ’ਚ ਇਸ ਬਾਗ਼ ਦੇ ਅੰਬ ਰਾਜੇ ਮਹਾਰਾਜਿਆਂ ਦੇ ਦਰਬਾਰ ਪਹੁੰਚਦੇ ਤੇ ਇਹ ਦੇਸੀ ਅੰਬ ਆਪਣੇ ਲਾਜਵਾਬ ਸੁਆਦ ਤੇ ਖੁਸ਼ਬੋ ਕਰਕੇ ਰਾਜੇ-ਮਹਾਰਾਜਿਆਂ ਨੂੰ ਏਨੇ ਪਸੰਦ ਆਏ ਕਿ ਉਨ੍ਹਾਂ ਨੇ ਬਾਗ਼ ਦੇ ਅੰਬਾਂ ਨੂੰ ਇਨਾਮ ਦੇ ਕੇ ਮਾਲਕਾਂ ਦਾ ਇਨਾਮਾਂ ਤੇ ਸਨਮਾਨਾਂ ਨਾਲ ਮਾਣ ਵਧਾਇਆ ਜਿਸ ਕਰਕੇ ਬਾਗ਼ ਦਾ ਨਾਂ ‘ਇਨਾਮੀ ਬਾਗ਼’ ਪੈ ਗਿਆ। ਅੰਗਰੇਜ਼ਾਂ ਦੇ ਸਮੇਂ ’ਚ ਵੱਡੇ ਅਫ਼ਸਰ ਇਸ ਦੇ ਅੰਬਾਂ ਦਾ ਸੁਆਦ ਮਾਣਨ ਲਈ ਉਚੇਚੇ ਪਹੁੰਚਿਆ ਕਰਦੇ ਸਨ।ਅੱਜ ਵੀ ਇਸ ਬਾਗ਼ ਦੇ ਅੰਬ ਲੈਣ ਲਈ ਵੱਡੇ ਅਫ਼ਸਰਾਂ, ਵਜ਼ੀਰਾਂ ਦੇ ਨਜ਼ਦੀਕੀ ਸਵੇਰੇ ਸਵੇਰੇ ਬਾਗ਼ ’ਚ ਆਏ ਦਿੱਸਦੇ ਹਨ। ਇਲਾਕੇ ’ਚ ਅਜੇ ਵੀ ਦੂਰ ਦੁਰਾਡੇ ਬੈਠੇ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ’ਚ ਇਨਾਮੀ ਬਾਗ਼ ਦੇ ਦੇਸੀ ਅੰਬਾਂ ਦੀ ਸੌਗਾਤ ਭੇਜਣ ਦਾ ਰਿਵਾਜ ਬਰਕਰਾਰ ਹੈ।

ਇਸ ਬਾਗ਼ ਵਿੱਚ ਸੰਧੂਰੀ ਅੰਬ ਦੀਆਂ ਕਈ ਕਿਸਮਾਂ ਹਨ। ਸਾਰੀਆਂ ਸੰਧੂਰੀਆਂ ਦਾ ਆਕਾਰ, ਮਹਿਕ ਤੇ ਸੁਆਦ ਵੱਖੋ ਵੱਖ ਹੋਣ ਕਰਕੇ ਦੇਖਣ ਵਾਲੇ ਲਈ ਵੱਖਰੇ ਅਨੁਭਵ ਦਾ ਸਬੱਬ ਬਣ ਜਾਂਦੀਆਂ ਹਨ। ਸੌਂਫੀ ਅੰਬ ਆਪਣੀ ਹਲਕੀ ਪੀਲੀ ਭਾਅ ਦੇ ਨਾਲ ਨਾਲ ਆਪਣੇ ਸੌਂਫ ਵਰਗੇ ਸੁਆਦ ਨਾਲ ਵੀ ਆਨੰਦਿਤ ਕਰ ਦਿੰਦਾ ਹੈ। ਬਾਗ਼ ਦੀ ਛੱਲੀ ਦੇ ਵੀ ਕਈ ਆਕਾਰ ਹਨ, ਕੋਈ ਛੋਟੀ ਛੱਲੀ, ਕੋਈ ਵੱਡੀ ਤੇ ਕਿਤੇ ਸੰਧੂਰੀ ਛੱਲੀ, ਪਰ ਸੁਆਦ ਤੇ ਮਹਿਕ ਸਾਰੀਆਂ ਦੀ ਲਾਜਵਾਬ ਹੈ। ਗੋਲਾ ਅੰਬ ਗੁੱਛਿਆਂ ਦੇ ਰੂਪ ਵਿੱਚ ਲੱਗਦਾ ਹੈ। ਇਹ ਆਪਣੇ ਵੱਡੇ ਆਕਾਰ ਤੇ ਸੁਆਦਲੀ ਮਹਿਕ ਨਾਲ ਖਾਣ ਵਾਲੇ ਦੀ ਧੁਰ ਰੂਹ ਤੱਕ ਲਹਿ ਜਾਣ ਦੇ ਸਮਰੱਥ ਹੈ। ਕੁੱਪੀ ਕਿਸਮ ਦਾ ਅੰਬ ਆਪਣੀ ਮਿਠਾਸ ਅਤੇ ਖ਼ੁਸ਼ਬੋ ਕਾਰਨ ਸੁਆਦ ਨੂੰ ਨਿਵੇਕਲੀਆਂ ਛੋਹਾਂ ਦਿੰਦਾ ਹੈ। ਕਿਤਾਬੀ ਅੰਬ ਦੀ ਸ਼ਕਲ ਕਿਤਾਬਾਂ ਵਿੱਚ ਛਪੇ ਅੰਬ ਵਰਗੀ ਹੋਣ ਕਰਕੇ ਇਸ ਨੂੰ ਕਿਤਾਬੀ ਅੰਬ ਦਾ ਖਿਤਾਬ ਦਿੱਤਾ ਗਿਆ ਹੈ। ਬਾਗ਼ ਵਿਚਲੇ ਦੇਖਣ ਨੂੰ ਸਾਧਾਰਨ ਜਿਹੇ ਦਿਸਦੇ ਬੇਰ, ਆਂਡਾ, ਸਫੈਦਾ ਤੇ ਆੜੂ ਅੰਬ ਆਪਣੀ ਵੰਨ ਸੁਵੰਨੀ ਮਹਿਕ ਤੇ ਸੁਆਦ ਨਾਲ ਅੰਬ ਚੂਪਣ ਵਾਲੇ ਦੀ ਮਾਨਸਿਕ ਤਸੱਲੀ ਕਰਾ ਦਿੰਦੇ ਹਨ।

ਇਨਾਮੀ ਬਾਗ਼ ਵਿਚਲੇ ਅੰਬਾਂ ਦੀ ਖ਼ਾਸੀਅਤ ਇਹ ਵੀ ਹੈ ਕਿ ਇੱਥੇ ਅੰਬਾਂ ਨੂੰ ਜ਼ਹਿਰਾਂ ਵਰਗੀਆਂ ਦਵਾਈਆਂ ਲਾ ਕੇ ਛੇਤੀ ਨਹੀਂ ਪਕਾਇਆ ਜਾਂਦਾ, ਕੁਦਰਤੀ ਮਾਹੌਲ ’ਚ ਪੱਕਦੇ ਹਨ ਜਿਹੜਾ ਸਿਹਤ ਵਾਸਤੇ ਕਿਸੇ ਕਿਸੇ ਔਸ਼ਧੀ ਤੋਂ ਘੱਟ ਨਹੀਂ। ਪੱਕਿਆ ਫ਼ਲ ਰਾਤ ਨੂੰ ਟਪਕ ਕੇ ਜ਼ਮੀਨ ’ਤੇ ਡਿੱਗਦਾ ਹੈ ਅਤੇ ਬਾਗ਼ ਦੇ ਕਾਮੇ ਸਵੇਰੇ ਉੱਠ ਕੇ ਥੱਲੇ ਡਿੱਗੇ ਸਾਰੇ ਅੰਬ ਗਾਹਕਾਂ ਲਈ ਇੱਕ ਥਾਂ ਇਕੱਠੇ ਕਰਕੇ ਰੱਖਦੇ ਹਨ। ਇਸ ਬਾਗ਼ ਦੀਆਂ ਕੁਦਰਤੀ ਨਿਆਮਤਾਂ ਨੂੰ ਮਾਣਨ ਲਈ ਸਵੇਰੇ ਜਲਦੀ ਬਾਗ਼ ’ਚ ਹਾਜ਼ਰੀ ਭਰਨੀ ਪੈਂਦੀ ਹੈ ਕਿਉਂਕਿ ਇਨ੍ਹਾਂ ਨੂੰ ਲੈਣ ਵਾਲਿਆਂ ਦੀ ਗਿਣਤੀ ਵੱਧ ਹੁੰਦੀ ਹੈ। ਇਨਾਮੀ ਬਾਗ਼ ਦੇ ਠੇਕੇਦਾਰਾਂ ਨੂੰ ਆਪਣੀ ਜਿਣਸ ਵੇਚਣ ਲਈ ਮੰਡੀ ’ਚ ਨਹੀਂ ਜਾਣਾ ਪੈਂਦਾ, ਅੰਬਾਂ ਦੇ ਸਾਰੇ ਸੀਜ਼ਨ ਇਨ੍ਹਾਂ ਦੀ ਅਗੇਤੀ ਬੁਕਿੰਗ ਚੱਲਦੀ ਰਹਿੰਦੀ ਹੈ। ਬਾਗ਼ ’ਚ ਕਈ ਕਿਸਮਾਂ ਸਿਰਫ਼ ਆਚਾਰ ਤੇ ਚਟਨੀ ਬਣਾਉਣ ਦੇ ਹੀ ਕੰਮ ਆਉਂਦੀਆਂ ਹਨ। ਖੁਰਾਕੀ ਤੱਤਾਂ ਪੱਖੋਂ ਅੰਬ ’ਚ ਕਾਰਬੋਹਾਈਡ੍ਰੇਟਸ, ਸ਼ੂਗਰ, ਪ੍ਰੋਟੀਨ, ਕੈਲਸ਼ੀਅਮ, ਫਾਸਫੋਰਸ, ਵਿਟਾਮਿਨ ਏ, ਬੀ ਅਤੇ ਸੀ ਦੀ ਵਧੇਰੇ ਮਾਤਰਾ ਹੋਣ ਕਰਕੇ ਇਸ ਦਾ ਸੇਵਨ ਸਿਹਤ ਲਈ ਕਾਫ਼ੀ ਲਾਹੇਵੰਦ ਮੰਨਿਆ ਗਿਆ ਹੈ।

ਪੰਜਾਬ ਸਰਕਾਰ ਵੱਲੋਂ ਹੁਸ਼ਿਆਰਪੁਰ ਜ਼ਿਲ੍ਹੇ ’ਚ ਅੰਬਾਂ ਦੇ ਰੁੱਖ ਵੱਢਣ ਉੱਤੇ ਪਾਬੰਦੀ ਲਾਉਣ ਨਾਲ ਏਦਾਂ ਦੇ ਦਹਾਕੇ ਪੁਰਾਣੇ ਰੁੱਖਾਂ ਦੀ ਉਮਰ ਵਧੀ ਹੈ। ਸਰਕਾਰਨੇ ਇਸ ਬਾਗ਼ ਦੀ ਭੂਗੋਲਿਕ ਤੇ ਇਤਿਹਾਸਕ ਮਹੱਤਤਾ ਨੂੰ ਦੇਖਦਿਆਂ ਇਸ ਨੂੰ ‘ਫਸਟ ਨੈਸ਼ਨਲ ਬਾਇਓਡਾਇਵਰਸਿਟੀ ਹੈਰੀਟੇਜ਼ ਸਾਈਟ ਆਫ ਪੰਜਾਬ’ ਐਲਾਨ ਕੇ ਇਸ ਦੀ ਸੰਭਾਲ ਦੇਯਤਨ ਕੀਤੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਜ਼ਿਲ੍ਹੇ ’ਚ ਦਸੂਹਾ ਨੇੜੇ ਪੈਂਦੇ ਫ਼ਲ ਖੋਜ ਕੇਂਦਰ ਗੰਗੀਆ ਵਿਖੇ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧਿਤ ਓਦੋਂ ਪੀਏਯੂ ਦੇ ਵਾਈਸ ਚਾਂਸਲਰ ਡਾ. ਮਹਿੰਦਰ ਸਿੰਘ ਰੰਧਾਵਾ ਦੇ ਯਤਨਾਂ ਨਾਲ 1972 ਵਿੱਚ ਪੰਜਾਬ ਤੇ ਹੋਰ ਥਾਵਾਂ ’ਚ ਸਰਵੇ ਕਰਵਾ ਕੇ ਦੇਸੀ ਅੰਬਾਂ ਦੀਆਂ ਸੁਆਦ, ਬਣਤਰ ਤੇ ਆਕਾਰ ਪੱਖੋਂ ਵਧੀਆ ਕਿਸਮਾਂ ਦੇ ਬੂਟੇ ਸੰਭਾਲੇ ਗਏ ਹਨ, ਜਿਨ੍ਹਾਂ ਤੋਂ ਨਵੇਂ ਪੌਦੇ ਤਿਆਰ ਕੀਤੇ ਜਾਂਦੇ ਹਨ। ਹੁਸ਼ਿਆਰਪੁਰ ਦੇ ਵੱਖ ਵੱਖ ਇਲਾਕਿਆਂ ਵਿੱਚ ਅੰਬਾਂ ਦੀਆਂ ਵੱਖ ਵੱਖ ਕਿਸਮਾਂ ਦੇ ਪੌਦੇ ਲਵਾਉਣ ਲਈ ਯਤਨਸ਼ੀਲ ਪੰਜਾਬੀ ਵਿਕਾਸ ਮੰਚ ਹਰਿਆਣਾ ਨਾਂ ਦੀ ਸੰਸਥਾ ਵੱਲੋਂ ਲੋਕਾਂ ਦੇ ਨਿੱਜੀ ਬਗੀਚਿਆਂ ਅਤੇ ਟਿਊਬਵੈੱਲਾਂ ’ਤੇ ਅੰਬ ਲਾਉਣ ਦੀ ਮੁਹਿੰਮ ਤਹਿਤ ਦੇਸੀ ਅੰਬਾਂ ਦੇ ਬੂਟੇ ਲਵਾਉਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

## ਘਰ ਦੀ ਬਰਕਤ

-ਸੁਖਮੰਦਰ ਸਿੰਘ ਤੂਰ



ਮਨੁੱਖੀ ਜੀਵਨ ਦੇ ਹਰ ਪੱਖ ਦੇ ਯੋਗ ਵਿਕਾਸ ਲਈ ਘਰ ਦੀ ਅਹਿਮੀਅਤ ਹੋਰ ਕਿਸੇ ਵੀ ਸੁਵਿਧਾ ਤੋਂ ਕਿਤੇ ਵਧੇਰੇ ਹੈ। ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਮਾਂ ਜਾਂ ਬਾਪ ਵਿੱਚੋਂ ਕਿਸੇ ਦੇ ਨਾ ਹੋਣ ਉਪਰੰਤ ਵੀ ਘਰ ਬੇਸ਼ੱਕ ਚੱਲਦਾ ਰਹਿੰਦਾ ਹੈ, ਬੱਚਿਆਂ ਵਿੱਚ ਸਮਾਜਿਕ ਸਹਿਮ ਜਾਂ ਭਾਵਨਾਤਮਕ ਪੱਧਰ ਦੀਆਂ ਉਣਤਾਈਆਂ ਆ ਜਾਂਦੀਆਂ ਹਨ। ਪੂਰੇ ਬੌਧਿਕ ਅਤੇ ਆਤਮਿਕ ਵਿਕਾਸ ਤੋਂ ਬਿਨਾਂ ਜੀਵਨ ਨੂੰ ਸੁਚੱਜੇ ਅਰਥਾਂ ਵਿੱਚ ਨਹੀਂ ਜੀਵਿਆ ਜਾ ਸਕਦਾ। ਏਦਾਂ ਦੇ ਹਾਲਾਤ ਵਿੱਚ ਜ਼ਿੰਦਗੀ ਗੁਜ਼ਰ ਜਾਂਦੀ ਹੈ, ਪਰ ਮਾਣੀ ਹੋਈ ਨਹੀਂ ਕਹੀ ਜਾ ਸਕਦੀ। ਇਹ ਘਰ ਦਾ ਨਿੱਘ ਹੀ ਹੈ, ਜੋ ਜ਼ਮਾਨੇ ਦੀਆਂ ਸੀਤ ਹਵਾਵਾਂ ਤੇ ਕਕਰੀਲੀਆਂ ਰਾਤਾਂ ਵਰਗੇ ਸਮਿਆਂ ਵਿੱਚ ਵੀ ਮਨੁੱਖੀ ਰੂਹ ਨੂੰ ਜਿਉਣ ਜੋਗੀ ਗਰਮਾਹਟ ਦੇਈ ਜਾਂਦਾ ਹੈ। ਘਰ ਪਰਤਣ ਦੇ ਅਹਿਸਾਸ ਵਿੱਚ ਜੋ ਤਾਕਤ ਅਤੇ ਸਕੂਨ ਹੈ, ਉਹ ਮਨੁੱਖ ਨੂੰ ਪੂਰੀ ਦੁਨੀਆ ਨਾਲ ਲੜਨ ਤੇ ਜੀਵਨ ਨਾਲ ਹਰ ਪ੍ਰਤੀਕੂਲ ਪ੍ਰਸਥਿਤੀਆਂ ਵਿੱਚ ਨਜ਼ਰ ਮਿਲਾਉਣ ਦਾ ਹੌਸਲਾ ਬਖ਼ਸ਼ ਸਕਣ ਦੇ ਸਮਰੱਥ ਹੈ।

ਮਨੁੱਖ ਜਿੱਥੇ ਵੀ ਤੁਰਿਆ-ਫਿਰਦਾ ਹੈ, ਆਪਣੇ ਘਰ ਦੀ ਬਦੌਲਤ ਹੀ ਹੈ। ਜੇ ਘਰ, ਘਰ ਹੈ ਤਾਂ ਜੀਵਨ, ਜੀਵਨ ਹੈ। ਨਹੀਂ ਤਾਂ ਦੁਨੀਆ ਸਿਰਫ਼ ਚਲੋ-ਚਲੀ ਦਾ ਮੇਲਾ ਬਣ ਕੇ ਰਹਿ ਜਾਂਦੀ ਹੈ। ਘਰ ਵਿੱਚ ਰਿਸ਼ਤਿਆਂ ਦੀ ਖ਼ੁਸ਼ਬੂ ਤਿਆਗ ਦੀ ਸੁਗੰਧ ਤੇ ਆਪਣੇਪਣ ਦੇ ਨਿੱਘ ਕਾਰਨ ਜ਼ਿੰਦਗੀ ਦੇ ਪਲ ਖ਼ੂਬਸੂਰਤ ਤੇ ਕੀਮਤੀ ਬਣਦੇ ਹਨ। ਜੇ ਸਿਰਫ਼ ਖਾਣਾ-ਪੀਣਾ, ਸੌਣਾ ਤੇ ਆਰਾਮ ਹੀ ਜੀਵਨ ਦਾ ਮਕਸਦ ਹੁੰਦਾ ਤਾਂ ਜ਼ਿੰਦਗੀ ਅੱਜ ਕਿਧਰੇ ਨਜ਼ਰ ਨਾ ਆਉਂਦੀ। ਇਹ ਗੱਲ ਵੱਖਰੀ ਹੈ ਕਿ ਬੁਲੰਦ ਹੌਸਲੇ ਨਾਲ ਕਦਮ ਮਿਲਾ ਕੇ ਤੁਰਨ ਦੀ ਵੁੱਕਤ ਕੁਝ ਕੁ ਲੋਕਾਂ ਨੇ ਪ੍ਰਾਪਤ ਕੀਤੀ ਹੈ। ਜੀਵਨ ਜਿਊਣ ਦਾ ਢੰਗ, ਸੋਚ ਤੇ ਸਲੀਕਾ ਅਸੀਂ ਆਪਣੇ ਘਰ ਤੋਂ ਸੰਸਕਾਰਾਂ ਰਾਹੀਂ ਪ੍ਰਾਪਤ ਕਰਦੇ ਹਾਂ। ਸੰਸਕਾਰ ਪੀੜ੍ਹੀ ਦਰ ਪੀੜ੍ਹੀ ਜੀਵੀ ਜ਼ਿੰਦਗੀ ਦੀਆਂ ਚੰਗਿਆਈਆਂ/ ਬੁਰੀਆਂ ਨਾਲ ਸਬੰਧਤ ਸਿਲਸਿਲਾ ਹੁੰਦਾ ਹੈ, ਜੋ ਅਚੇਤ ਰੂਪ ਵਿੱਚ ਸਾਡੇ ਜੀਵਨ ਦਾ ਹਿੱਸਾ ਬਣ ਜਾਂਦਾ ਹੈ, ਜਿਸ ਬਾਰੇ ਸਿੱਧਾ ਸਪੱਸ਼ਟ ਰੂਪ ਵਿੱਚ ਅਸੀਂ ਬਹੁਤੀ ਵਾਰੀ ਜਾਣੂ ਨਹੀਂ ਹੁੰਦੇ। ਅਸੀਂ ਪੂਰਨ ਤੌਰ ਉੱਤੇ ਆਪਣੇ ਅੰਦਰ ਛੁਪੇ ਸੰਸਕਾਰਾਂ ਤੋਂ ਜਾਣੂ ਹੋਈਏ ਜਾਂ ਨਾ ਹੋਈਏ, ਪਰ ਸਮਾਜ ਸਾਡੇ ਵਿਹਾਰ ਰਾਹੀਂ ਸਮੇਂ-ਸਮੇਂ ਜਾਣੂ ਹੁੰਦਾ ਰਹਿੰਦਾ ਹੈ।

ਜੀਵਨ ਵਿੱਚ ਜੋ ਸੁੱਖ ਕਿਸੇ ਲਈ ਆਪਣਾ ਬਣਦਾ ਹੱਕ/ ਹਿੱਸਾ ਵਾਰ ਦੇਣ ਜਾਂ ਦੇ ਦੇਣ ਵਿੱਚ ਹੈ, ਓਨਾ ਆਨੰਦ ਲੈ ਜਾਣ ਜਾਂ ਕਬਜ਼ਾ ਰੱਖਣ ਵਿੱਚ ਨਹੀਂ ਹੋ ਸਕਦਾ। ਇਹ ਭਾਵਨਾ ਘਰ ਵਿੱਚ ਵੱਸਦੇ ਹੀ ਆਦਤਾਂ ਵਿੱਚ ਰਸ ਸਕਦੀ ਹੈ। ਨਹੀਂ ਤਾਂ ਮਨੁੱਖ ਸਾਰੀ ਉਮਰ ਇਕੱਠੀ ਕਰਨ ਵਿੱਚ ਗੁਜ਼ਾਰ ਦਿੰਦਾ ਹੈ, ਅਖੀਰ ਕੁਝ ਇਕੱਠਾ ਹੋਣ ਦੀ ਥਾਂ ਸਫਾ-ਚੱਟ ਹੋਇਆ ਹੁੰਦਾ ਹੈ। ਅੰਤ ਸਮੇਂ ਵਿੱਚ ਮਨੁੱਖ ਨੂੰ ਆਪਣੀ ਗ਼ਲਤੀ ਉੱਤੇ ਪਛਤਾਵਾ ਕਰਨ ਦਾ ਮੌਕਾ ਨਾ ਵੀ ਮਿਲੇ ਤਾਂ ਇਸ ਤੋਂ ਵੱਡੀ ਸਜ਼ਾ ਜਾਂ ਬਦਨਸੀਬੀ ਹੋਰ ਕੀ ਹੋ ਸਕਦੀ ਹੈ।

ਜ਼ਿੰਦਗੀ ਦੇ ਰਾਹ ਹਮੇਸ਼ਾਂ ਸਾਵੇ-ਪੱਧਰੇ ਨਹੀਂ ਟੱਕਰਦੇ ਤੇ ਅਚਨਚੇਤ ਮੱਥੇ ਲੱਗੇ ਤੂਫ਼ਾਨਾਂ ਤੋਂ ਬਚਣਾ ਮੁਮਕਿਨ ਵੀ ਨਹੀਂ ਹੁੰਦਾ। ਤੂਫ਼ਾਨਾਂ ਵਿੱਚ ਘਿਰ ਕੇ ਵੀ ਜੇ ਅੰਦਰੋਂ ਜੀਵਨ ਦੀ ਕਿਰਨ ਦਾ ਝਾਉਲਾ ਮਨੋ ਨਾ ਵਿਸਰੇ ਤਾਂ ਨਿਸ਼ਚੇ ਹੀ ਇਹ ਘਰ ਦੀ ਬਰਕਤ ਹੈ। ਜਿਵੇਂ ਕੁਦਰਤ ਆਪਣੀਆਂ ਨਿਆਮਤਾਂ ਨਿਛਾਵਰ ਕਰਨ ਲੱਗਿਆਂ ਕਿਸੇ ਕਿਸਮ ਦਾ ਭੇਦਭਾਵ ਨਹੀਂ ਕਰਦੀ, ਉਵੇਂ ਹੀ ਘਰ ਵਿੱਚ ਆਏ ਕਿਸੇ ਜੀਵ ਨਾਲ ਭੇਦਭਾਵ ਪੂਰੀ ਤਰ੍ਹਾਂ ਵਰਜਿਤ ਹੁੰਦਾ ਹੈ। ਅਜੋਕੇ ਸਮੇਂ ਵਿੱਚ ਵਿਭਿੰਨ ਪ੍ਰਕਾਰ ਦੇ ਭੇਦਭਾਵਾਂ ਨੇ ਆਪਣੇ ਵਿਸ਼ੈਲੇ ਤੀਰਾਂ ਨਾਲ ਮਨੁੱਖੀ ਮਨ ਨੂੰ ਲਹੂ-ਲੁਹਾਣ ਕੀਤਾ ਹੋਇਆ ਹੈ। ਤੰਗਨਜ਼ਰ ਭਾਵਾਂ ਦੇ ਕਾਰਨ ਮਨੁੱਖ ਆਪਣੇ-ਆਪ ਨੂੰ, ਸੱਚ ਨੂੰ ਸਮਝਣ ਤੋਂ ਦੂਰ ਹੋ ਗਿਆ ਹੈ। ਇਹੋ ਬੁਰੀਆਂ ਅਲਾਮਤਾਂ ਮਨੁੱਖੀ ਰਵੱਈਏ ਨੂੰ ਨਫ਼ਰਤ ਭਰਿਆ ਬਣਾ ਰਹੀਆਂ ਹਨ, ਜਿਸ ਨਾਲ ਜੀਵਨ ਵਿੱਚ ਕੁੜੱਤਣ ਦਾ ਅਹਿਸਾਸ ਵਧਦਾ ਜਾ ਰਿਹਾ ਹੈ।

ਘਰ ਰੂਪੀ ਸੰਸਥਾ ਦੀ ਮਜ਼ਬੂਤੀ ਮੈਂਬਰਾਂ ਦੀ ਵਧੇਰੇ ਗਿਣਤੀ ਵਿੱਚ ਨਹੀਂ ਹੁੰਦੀ, ਆਪਸੀ ਸੂਝ, ਵਿਸ਼ਵਾਸ ਅਤੇ ਭਾਵਨਾਵਾਂ ਦੀ ਕਦਰ ਉਤੇ ਟਿੱਕੀ ਹੁੰਦੀ ਹੈ। ਪਿਆਰ ਮਨੁੱਖੀ ਮਨ ਦੇ ਕੋਮਲ ਭਾਵਾਂ ਵਿੱਚੋਂ ਇੱਕ ਮੰਨਿਆ ਗਿਆ ਹੈ, ਵੱਧਦੇ ਪੱਛਮੀ ਪ੍ਰਭਾਵ ਅਤੇ ਸੰਚਾਰ ਸਹੂਲਤਾਂ ਕਾਰਨ ਲੋਕਾਂ ਨੇ ਪਿਆਰ ਵਰਗੇ ਨਿੱਜੀ ਜਜ਼ਬੇ ਨੂੰ ਵਿਖਾਵਾ ਜਾਂ ਫੈਸ਼ਨ ਬਣਾ ਛੱਡਿਆ ਹੈ। ਜਿਵੇਂ ਧੜਾਧੜ ਵਿਆਹ ਹੋ ਰਹੇ ਹਨ, ਉਸੇ ਤੇਜ਼ੀ ਨਾਲ ਸਮਾਜਿਕ ਜੀਵਨ ਵਿੱਚ ਕੜਵਾਹਟ ਤੇ ਗੁਸੈਲੀਆਂ ਭਾਵਨਾਵਾਂ ਵਿਸਫੋਟਕ ਰੂਪ ਧਾਰਨ ਕਰਦੀਆਂ ਵਿਖਾਈ ਦੇਂਦੀਆਂ ਹਨ। ਤਲਾਕ ਵਧ ਰਹੇ ਹਨ। ਪਿਆਰ ਜਾਂ ਪਿਆਰ ਵਿਆਹ ਮਾੜਾ ਨਹੀਂ, ਪਰ ਸ਼ੁਗਲ ਸਮਝ ਕੇ ਕੀਤੀ ਬੇਵਕੂਫੀ ਅੰਤ ਵਿੱਚ ਬਹੁਤ ਮਾੜੇ ਸਿੱਟੇ ਦਿੰਦੀ ਹੈ। ਘਰ ਦੀ ਬੁਨਿਆਦ ਕੁਰਬਾਨੀ ਦੇ ਆਧਾਰ ਉੱਤੇ ਰੱਖੀ ਜਾਂਦੀ ਹੈ। ਫਿਰ ਉਪਰ ਚਰਿੱਤਰ ਦੇ ਬਾਕੀ ਚੰਗੇਰੇ ਗੁਣਾਂ ਸੁੰਦਰ ਮੋਤੀਆਂ ਵਾਂਗ ਜੜੀਦੇ ਹਨ। ਪ੍ਰੇਮ, ਹਮਦਰਦੀ, ਸੁਹਿਰਦਾਤਾ, ਈਮਾਨਦਾਰੀ, ਸਹਿਣਸ਼ੀਲਤਾ ਤੇ ਦੂਸਰਿਆਂ ਨਾਲ ਮਿਲ-ਬੈਠ ਕੇ ਰਹਿਣ ਵਾਲੇ ਗੁਣਾਂ ਦੀ ਜਿੰਨੀ ਜ਼ਰੂਰਤ ਬੀਤੇ ਸਮੇਂ ਵਿੱਚ ਸੀ, ਓਨੀ ਹੀ ਜ਼ਰੂਰਤ ਅੱਜ ਵੀ ਹੈ। ਤਸੱਲੀ ਨਾਲ ਭਰੀ ਜਿਊਣ ਸ਼ੈਲੀ, ਅਸੀਂ ਨਾ ਸਿਰਫ਼ ਮਿਲ ਕੇ ਲੱਭਣੀ ਹੈ, ਬਲਕਿ ਵਿਹਾਰਕ ਰੂਪ ਵਿੱਚ ਆਪਣਾ ਕੇ ਸੱਚੇ-ਸੁੱਚੇ ਅਰਥਾਂ ਵਾਲੇ ਘਰ ਬਣਾਉਣੇ ਹਨ।

## ਹਨੇਰਿਆਂ ਤੋਂ ਰੋਸ਼ਨੀ ਵੱਲ ਜਾਂਦਾ ਰਾਹ



ਕੁਝ ਦਿਨ ਪਹਿਲਾਂ ਮੈਂ ਆਪਣੀ ਲਾਇਬ੍ਰੇਰੀ ਵਿੱਚ ਬੈਠੀ ਅਖ਼ਬਾਰ ਦੇਖ ਰਹੀ ਸੀ ਕਿ ਪੰਜਾਬੀ ਸਾਹਿਤ ਸਭਾ ਦਿੱਲੀ ਵੱਲੋਂ ਭੇਜਿਆ ਗਿਆ ਇੱਕ ਪਾਰਸਲ ਮਿਲਿਆ। ਇਸ ਨੂੰ ਖੋਲ੍ਹਿਆ ਤਾਂ ਕਿਤਾਬ ‘ਸਾਹਿਤ ਸੰਜੀਵਨੀ’ ਵੇਖਦਿਆਂ ਮੈਂ ਸਹਿਜ ਸੁਭਾਅ ਹੀ ਉਸਦੇ ਪੰਨੇ ਪਲਟਣੇ ਸ਼ੁਰੂ ਕਰ ਦਿੱਤੇ।ਇਸ ਕਿਤਾਬ ਦੇ ਲੇਖਕ ਜੰਗ ਬਹਾਦੁਰ ਗੋਇਲ ਹਨ।

ਇਸ ਪੁਸਤਕ ਵਿੱਚ ਵਰਤਿਆ ਸ਼ਬਦ ‘ਬਿਬਲੀਓਥੈਰੇਪੀ’ ਮੇਰੇ ਲਈ ਬਹੁਤ ਆਕਰਸ਼ਕ ਸੀ। ਇਸ ਤੋਂ ਪਹਿਲਾਂ ਇਹਦੇ ਨਾਲ ਰਲ਼ਦਾ-ਮਿਲਦਾ ਇੱਕ ਸ਼ਬਦ ਮੈਂ ਆਪਣੀ ਕਲੀਨਿਕ ’ਤੇ ਸਾਧਾਰਨ ਜਿਹੇ ਦਿੱਸਦੇ ਨੌਜਵਾਨ ਮਰੀਜ਼ ਦੇ ਮੂੰਹ ਤੋਂ ਸੁਣਿਆ ਸੀ। ਉਸ ਦੀਆਂ ਰੁਚੀਆਂ ਤੇ ਰੁਝੇਵਿਆਂ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਉਸ ਨੇ ਲੰਬਾ ਹਾਉਕਾ ਲੈ ਕੇ ਕਿਹਾ ਸੀ ਕਿ ਕਿਸੇ ਵੇਲੇ ਉਹ ‘ਬਿਬਲੀਓਫਿਲਿਕ’ ਹੋਇਆ ਕਰਦਾ ਸੀ, ਹਾਲਾਤ ਨੇ ਅਜਿਹਾ ਮੋੜ ਲਿਆ ਕਿ ਅੱਜ ਕੁਝ ਵੀ ਪੜ੍ਹ-ਲਿਖ ਨਹੀਂ ਸਕਦਾ। ਇਸ ਦਾ ਕਾਰਨ ਉਸ ਦੀ ਨਜ਼ਰ ਬਹੁਤੀ ਤੇਜ਼ੀ ਨਾਲ ਘਟਦੇ ਜਾਣਾ ਸੀ। ਉਸ ਦੀ ਸਾਧਾਰਨ ਪੇਂਡੂ ਜੀਵਨ ਸ਼ੈਲੀ ਨੂੰ ਵੇਖਦਿਆਂ ਮੈਂ ਉਸ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਹੈਰਾਨ ਹੋਈ। ਬਿਬਲੀਓਨ ਦਾ ਅਰਥ ਪੁਸਤਕਾਂ ਹੁੰਦਾ ਹੈ ਅਤੇ ਫਿਲਿਕ ਦਾ ਅਰਥ ਆਕਰਸ਼ਣ। ਇਸ ਤਰ੍ਹਾਂ ਯੂਨਾਨੀ ਭਾਸ਼ਾ ਤੋਂ ਲਏ ਇਸ ਸ਼ਬਦ ਦਾ ਅਰਥ ਪੁਸਤਕ-ਪ੍ਰੇਮੀ ਬਣਦਾ ਹੈ ਤੇ ਇਸੇ ਤਰਜ਼ ’ਤੇ ਬਿਬਲੀਓਥੈਰੇਪੀ ਭਾਵ ‘ਪੁਸਤਕ ਚਿਕਿਤਸਾ’।

ਸਾਹਿਤ ਦੀ ਸਹਾਇਤਾ ਨਾਲ ਇਨਸਾਨ ਆਪਣੇ ਆਪ ਨੂੰ ਕਿਸੇ ਸਰੀਰਕ ਪੀੜ ਜਾਂ ਮਾਨਸਿਕ ਨਿਰਾਸ਼ਾ ਵਿੱਚੋਂ ਕਿਵੇਂ ਕੱਢ ਸਕਦਾ ਹੈ? ਇਸ ਸਵਾਲ ਦੇ ਜਵਾਬ ਵਿੱਚ ਹੀ ਇਸ ਕਿਤਾਬ ਦੀ ਰਚਨਾ ਕੀਤੀ ਗਈ ਹੈ। ਕਿਤਾਬ ’ਚ ਨਾ ਸਿਰਫ਼ ਪੰਜਾਬ ਅਤੇ ਭਾਰਤ ਦੀ ਧਰਤੀ ’ਤੇ, ਸਗੋਂ ਪੂਰੇ ਵਿਸ਼ਵਤੋਂ ਸਾਹਿਤ ਤੇ ਸਾਹਿਤਕਾਰਾਂ ਦੀਆਂ ਮਿਸਲਾਂ ਦੇ ਕੇ ਸਿੱਧ ਕੀਤਾ ਗਿਆ ਹੈ ਕਿ ਕਾਗਜ਼ ਤੇ ਕਲਮ ਦੀ ਸਹਾਇਤਾ ਨਾਲ ਵੀ ਇਨਸਾਨ ਆਪਣੀ ਮਾਨਸਿਕ ਪੀੜਾ ਦਾ ਵਿਰੇਚਨ ਕਰਕੇ ਆਪਣੀ ਰੂਹ ਦੇ ਭਾਰ ਤੋਂ ਹੌਲਾ ਮਹਿਸੂਸ ਕਰਦਾ ਹੈ। ਇਸ ਨੂੰ ਅਰਸਤੂ ਨੇ ਵਿਰੇਚਨ ਜਾਂ ਕਥਾਰਸਿਸ ਦਾ ਸਿਧਾਂਤ ਕਿਹਾ ਹੈ। ਇਸ ਸਿਧਾਂਤ ਅਨੁਸਾਰ ਮਨੁੱਖੀ ਮਨ ਵਿੱਚ ਡਰ ਤੇ ਤਰਸ ਦੀਆਂ ਭਾਵਨਾਵਾਂ ਬਹੁਤ ਡੂੰਘੀਆਂ ਧੱਸੀਆਂ ਹੋਈਆਂ ਹਨ, ਇਸ ਲਈ ਮਨੁੱਖੀ ਮਨ ਦੇ ਸੰਤੁਲਨ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਸਮੇਂ ਸਮੇਂ ਇਨ੍ਹਾਂ ਭਾਵਨਾਵਾਂ ਦੀ ਮਨ ’ਚੋਂ ਨਿਕਾਸੀ ਹੁੰਦੀ ਰਹੇ। ਇਹ ਕਿਸੇ ਦਵਾਈ ਨਾਲ ਸੰਭਵ ਨਹੀਂ, ਸਿਰਫ਼ ਤ੍ਰਾਸਦਿਕ ਨਾਟਕਾਂ ਨੂੰ ਵੇਖ ਕੇ ਇਨ੍ਹਾਂ ਦਾ ਵਿਰੇਚਨ ਹੋ ਸਕਦਾ ਹੈ। ਇੱਕ ਤਾਂ ਨਾਟਕ ਵੇਖਦਿਆਂ ਰੋਣ ਧੋਣ ਤੋਂ ਬਾਅਦ ਉਹ ਮਾਨਸਿਕ ਰੂਪ ਵਿੱਚ ਬਹੁਤ ਹਲਕੇ ਮਹਿਸੂਸ ਕਰਦੇ ਹਨ ਅਤੇ ਦੂਜਾ ਨਾਟਕ ਦੇ ਕਿਰਦਾਰਾਂ ਦੀ ਤ੍ਰਾਸਦੀ ਸਾਹਮਣੇ ਉਨ੍ਹਾਂ ਨੂੰ ਆਪਣੀ ਨਿੱਜੀ ਜ਼ਿੰਦਗੀ ਦੇ ਦੁੱਖ ਬਹੁਤ ਮਾਮੂਲੀ ਜਾਪਦੇ ਹਨ। ਇਸੇ ਲਈ ਯੂਨਾਨ ਵਿੱਚ ਨਾਟਸ਼ਾਲਾ ਅਤੇ ਦਵਾਖ਼ਾਨਾ ਨਾਲੋ-ਨਾਲ ਹੁੰਦੇ ਸਨ।

ਕਿਤਾਬ ਮੁਤਾਬਿਕ ‘ਹਸਪਤਾਲ ਵਿੱਚ ਮਨੋਰੋਗੀਆਂ ਦੇ ਇਲਾਜ ਲਈ ਕਿਤਾਬਾਂ ਨੂੰ ਦਵਾਈ ਵਜੋਂ ਵਰਤਣਦਾ ਮੁੱਢਅਮਰੀਕੀ ਬੁੱਧੀਜੀਵੀ ਬੈਂਜਾਮਿਨ ਫਰੈਂਕਲਿਨ ਨੇ ਪੈਨਸਿਲਵੇਨੀਆ ਵਿਖੇ ਸਾਲ 1751 ਵਿੱਚ ਆਪਣੇ ਪਹਿਲੇ ਆਧੁਨਿਕ ਹਸਪਤਾਲ ਵਿੱਚ ਬੰਨ੍ਹਿਆ। ਉਸ ਨੇ ਆਪਣੀ ਦੂਰਅੰਦੇਸ਼ੀ ਸਦਕਾ ਹਸਪਤਾਲ ਦੇ ਮਨੋ-ਚਿਕਿਤਸਕਾਂ ਨੂੰ ਮਨੋਰੋਗੀਆਂ ਦੇ ਇਲਾਜ ਲਈ ਪੁਸਤਕਾਂ ਦੀ ਮਦਦ ਲੈਣ ਨੂੰ ਕਿਹਾ। ਮਨੋਰੋਗੀਆਂ ਨੂੰ ਇੱਕ ਗਰੁੱਪ ਵਿੱਚ ਬਿਠਾ ਕੇ ਕੋਈ ਕਵਿਤਾ/ਕਹਾਣੀ ਇੰਨੇ ਦਿਲਚਸਪ ਤੇ ਦਿਲਕਸ਼ ਅੰਦਾਜ਼ ਵਿੱਚ ਸੁਣਾਈ ਜਾਂਦੀ ਕਿ ਮਨੋਰੋਗੀ ਉਸ ਰਚਨਾ ਦੇ ਵਹਿਣ ਵਿੱਚ ਵਹਿ ਜਾਂਦੇ ਅਤੇ ਆਪਣੀ ਸੋਚ ਦੀ ਘੁੰਮਣਘੇਰੀ ਤੋਂ ਨਿਕਲ ਕੇ ਨਵਾਂ ਸੋਚਣ, ਸਮਝਣ ਤੇ ਮਹਿਸੂਸ ਕਰਨ ਲੱਗਦੇ। ਉਹ ਪ੍ਰਤੀਕਰਮ ਵਜੋਂ ਜੋ ਬੋਲਦੇ-ਲਿਖਦੇ, ਉਸ ਨਾਲ ਆਪਣੇ ਧੁਰ ਅੰਦਰ ਗੂੰਗੇ ਬੋਲੇ ਅਹਿਸਾਸਾਂ ਨੂੰ ਜ਼ੁਬਾਨ ਦੇ ਕੇ ਹਲਕ ਮਹਿਸੂਸ ਕਰਦੇ। ਹਸਪਤਾਲ ਵੱਲੋਂ ਛਾਪੇ ਜਾਂਦੇ ਰਸਾਲੇ ਵਿੱਚ ਆਪਣੀ ਛਪੀ ਰਚਨਾ ਨੂੰ ਵੇਖ ਕੇ ਉਨ੍ਹਾਂ ਅੰਦਰ ‘ਸਵੈ-ਸਨਮਾਨ’ ਦੀ ਭਾਵਨਾ ਪੈਦਾ ਹੁੰਦੀ।

ਇਸੇ ਤਰ੍ਹਾਂ ਪਹਿਲੀ ਸੰਸਾਰ ਜੰਗ ਵੇਲੇ ਯੂਰਪ ਦੇ ਅਨੇਕ ਜ਼ਖ਼ਮੀ ਸੈਨਿਕਾਂ ਦੇ ਨਾ ਸਿਰਫ਼ ਸਰੀਰਕ ਸਗੋਂ ਮਾਨਸਿਕ ਤੌਰ ’ਤੇ ਸਮਾਜ ਵਿੱਚ ਮੁੜ ਵਸੇਬੇ ਲਈ ਸਾਹਿਤ ਪੜ੍ਹਾਉਣ ਦੀ ਲੋੜ ਮਹਿਸੂਸ ਕਰਦਿਆਂ ਇੰਗਲੈਂਡ ਦੀ ਲੇਖਿਕਾ ਅਤੇ ਸਮਾਜ ਸੇਵਕਾ ਹੈਲਨ ਮੇਰੀ ਗੈਸਕਲ ਨੇ ਓਥੇ ‘ਵਾਰ ਲਾਇਬ੍ਰੇਰੀ’ ਚਲਾਈ। ਇਨ੍ਹਾਂ ਪੁਸਤਕਾਂ ਨੇ ਯੁੱਧ ਪੀੜਤ ਸੈਨਿਕਾਂ ਦੇ ਭਾਵਨਾਤਮਕ ਤੇ ਮਨੋਵਿਗਿਆਨਕ ਜ਼ਖ਼ਮਾਂ ਨੂੰ ਭਰਨ ਵਿੱਚ ਬੜੀ ਅਹਿਮ ਭੂਮਿਕਾ ਨਿਭਾਈ।

ਭਗਤ ਸਿੰਘ ਆਪਣੇ ਅੰਤਿਮ ਸਮੇਂ ਤੱਕ ਜੇਲ੍ਹ ਵਿੱਚ ਬੈਠਾ ਕਿਤਾਬ ਪੜ੍ਹਦਾ ਰਿਹਾ ਸੀ। ਦਿਲਚਸਪ ਜਾਪਿਆ ਕਿ ਫਰਾਂਸ ਦਾ ਸਮਰਾਟ ਨੈਪੋਲੀਅਨ ਬੋਨਾਪਾਰਟ ਰਣਖੇਤਰ ਵਿੱਚ ਵੀ ਆਪਣੇ ਕੈਂਪ ’ਚ ਬੈਠਾ ਕੋਈ ਨਾ ਕੋਈ ਕਿਤਾਬ ਪੜ੍ਹਦਾ ਰਹਿੰਦਾ। ਉਹ ਜਦ ਵੀ ਕਿਸੇ ਮੁਹਿੰਮ ’ਤੇ ਜਾਂਦਾ ਤਾਂ ਉਸ ਦੇ ਜ਼ਰੂਰੀ ਸਾਮਾਨ ਵਿੱਚ ਕਿਤਾਬਾਂ ਦੀ ਪੇਟੀ ਸ਼ਾਮਲ ਹੁੰਦੀ। ਉਹ ਪ੍ਰਬੁੱਧ ਲੇਖਕਾਂ ਦਾ ਸਤਿਕਾਰ ਕਰਨਾ ਜਾਣਦਾ ਸੀ। ਲੇਖਕ ਗੇਟੇ ਦੇ ਇੱਕ ਨਾਵਲ ਤੋਂ ਉਹ ਬਹੁਤ ਪ੍ਰਭਾਵਿਤ ਸੀ। ਉਸ ਨੇ ਉਸ ਲੇਖਕ ਦੇ ਸ਼ਹਿਰ ਉਸ ਨੂੰ ਮਿਲਦਿਆਂ ਕਿਹਾ, “ਤਾਂ ਤੁਸੀਂ ਹੋ ਗੇਟੇ, ਉਹ ਲੇਖਕ ਜਿਸ ਦੇ ਸਾਹਮਣੇ ਮੈਂ ਆਪਣਾ ਸਿਰ ਝੁਕਾਉਂਦਾ ਹਾਂ।” ਤਲਵਾਰ ਨੇ ਕਲਮ ਨੂੰ ਸਲਾਮ ਕੀਤਾ ਸੀ।

ਦੁਨੀਆ ਭਰ ਦੇ ਹਸਪਤਾਲਾਂ, ਜੇਲ੍ਹਾਂ, ਬਿਰਧ ਆਸ਼ਰਮਾਂ ਤੇ ਬਾਲ ਸੁਧਾਰ ਕੇਂਦਰਾਂ ਵਿੱਚ ਡਾਕਟਰ ਅਤੇ ਕੌਂਸਲਰ ਬਿਬਲੀਓਥੈਰੇਪੀ ਦਾ ਸਹਾਰਾ ਲੈਣ ਲੱਗੇ ਹਨ। ਬੇਸ਼ੱਕ, ਬਿਬਲੀਓਥੈਰੇਪੀ ਕਿਸੇ ਦਵਾਈ ਦਾ ਬਦਲ ਨਹੀਂ, ਪਰ ਰੋਗੀ ਨੂੰ ਛੇਤੀ ਤੰਦਰੁਸਤ ਕਰਨ ਅਤੇ ਰੋਗ ਪ੍ਰਵਾਨ ਕਰਨ ਵਿੱਚ ਮਦਦਗਾਰਹੁੰਦੀ ਹੈ। ਇੰਗਲੈਂਡ ਦੀ ਲਿਵਰਪੂਲ ਯੂਨੀਵਰਸਿਟੀ ਦੀ ਪ੍ਰੋਫੈਸਰ ਡਾ. ਜੇਨ ਡੈਵਿਸ ਨੇ 2002 ਵਿੱਚ ‘ਗੈੱਟ ਇਨਟੂ ਰੀਡਿੰਗ’ ਨਾਮੀ ਸੰਸਥਾ ਦੀ ਚਲਾਈ ਜਿਸ ਦਾ ਮੁੱਖ ਉਦੇਸ਼ ਹੈ ਪੁਸਤਕਾਂ ਰਾਹੀਂ ਮਰੀਜ਼ਾਂ ਦਾ ਇਲਾਜ ਕਰਨਾ। ਇਸ ਦੇ 500 ਕੇਂਦਰ 12 ਦੇਸ਼ਾਂ ਵਿੱਚ ਕਾਰਜਸ਼ੀਲ ਹਨ। ਇਸੇ ਤਰ੍ਹਾਂ ਭਾਰਤ ਵਿੱਚ ਮੁੰਬਈ ਦੀਆਂ ਦੋ ਅਗਾਂਹਵਧੂ ਔਰਤਾਂ ਸਨੇਹ ਰਵਲਾਨੀ ਅਤੇ ਅਪੁਰੂਪਾ ਵਾਤਸਲਯ ਦੇ ਸਾਂਝੇ ਯਤਨਾਂ ਨਾਲ ਤਲਾਕ, ਬਲਾਤਕਾਰ, ਘਰੇਲੂ ਹਿੰਸਾ ਅਤੇ ਸਮਾਜਿਕ ਤੌਰ ’ਤੇ ਪਰੇਸ਼ਾਨ ਔਰਤਾਂ ਦਾ ਪੁਸਤਕਾਂ ਰਾਹੀਂ ਇਲਾਜ ਕਰਨ ਲਈ 2019 ਵਿੱਚ ‘ਬਿਬਲੀਓਥੈਰੇਪੀ ਮੁੰਬਈ’ ਨਾਮੀ ਸੰਸਥਾ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਅੱਜ ਤੱਕ 200 ਤੋਂ ਵੱਧ ਔਰਤਾਂ ਨਵੀਂ ਜੀਵਨ ਦ੍ਰਿਸ਼ਟੀ ਪ੍ਰਾਪਤ ਕਰ ਚੁੱਕੀਆਂ ਹਨ।

ਪੁਸਤਕਾਂ ਦੇ ਅਧਿਐਨ ਦੇ ਅਸਰ ਦੀ ਗੱਲ ਕਰਦਿਆਂ ਮਨੀਸ਼ਾ ਬਾਂਸਲ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ ਜੋ ਚੰਡੀਗੜ੍ਹ ਵਿਖੇ ਪੰਜਾਬ ਦੀ ਪੋਸਟ ਮਾਸਟਰ ਜਨਰਲ ਵਜੋਂ ਸੇਵਾ ਕਰਦੀ ਹੈ। ਉਹ ਸਵਾ ਸਾਲ ਦੀ ਉਮਰ ਵਿੱਚ ਪੋਲੀਓਗ੍ਰਸਤ ਹੋ ਗਈ ਸੀ। ਸੂਝਵਾਨ ਮਾਪਿਆਂ ਨੇ ਉਸ ਨੂੰ ਬਚਪਨ ਤੋਂ ਕਿਤਾਬਾਂ ਦੇ ਵੱਡੇ ਸੰਸਾਰ ਨਾਲ ਜੋੜ ਦਿੱਤਾ ਤਾਂ ਜੋ ਕਿਸੇ ਹੀਣ ਭਾਵਨਾ ਦਾ ਸ਼ਿਕਾਰ ਨਾ ਹੋਵੇ। ਉਸ ਦਾ ਕਹਿਣਾ ਹੈ, “ਮੇਰੀ ਜਾਚੇ ਕਿਤਾਬਾਂ ਮਨੁੱਖ ਜਾਤੀ ਦੀਆਂ ਸਭ ਤੋਂ ਵਧੀਆ ਦੋਸਤ ਹੀ ਨਹੀਂ, ਅਸਰਦਾਰ ਥੈਰੇਪੀ ਵੀ ਹਨ।” ਇਸੇ ਤਰ੍ਹਾਂ ਨੌਜਵਾਨ ਮਿੰਟੂ ਗੁਰੂਸਰੀਆ ਲੰਮਾ ਸਮਾਂ ਜੁਰਮ ਤੇ ਨਸ਼ੇ ਦੀ ਦਲਦਲ ਵਿੱਚ ਫਸਿਆ ਰਿਹਾ। ਅਚਾਨਕ ਇੱਕ ਦਿਨ ਉਸ ਦੇ ਹੱਥ ਪਿੰਗਲਵਾੜੇ ਦੇ ਮੋਢੀ ਭਗਤ ਪੂਰਨ ਸਿੰਘ ਦੀ ਜੀਵਨੀ ਲੱਗੀ ਜਿਸ ਨੇ ਉਸ ਦੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ। ਅੱਜ ਉਹ ਪੰਜਾਬ ਦੇ ਸੁਹਿਰਦ ਨੌਜਵਾਨਾਂ ਦਾ ਰੋਲ ਮਾਡਲ ਹੈ।

ਇੱਕ ਹੋਰ ਖ਼ਾਸ ਗੱਲ ਇਹ ਕਿ ਵਿਸ਼ਵ ਪ੍ਰਸਿੱਧ ਲੇਖਕ ਬਹੁਤ ਦੁਖਦਾਈ ਹਾਲਾਤ ਵਿੱਚੋਂ ਲੰਘੇ ਹੋਏ ਹਨ। ਜ਼ਿੰਦਗੀ ਵਿੱਚ ਹੰਢਾਇਆ ਦੁੱਖ-ਦਰਦ ਉਨ੍ਹਾਂ ਦੀ ਕਲਮ ਵਿੱਚ ਉਹ ਸੰਵੇਦਨਾ ਭਰਨ ਦਾ ਜ਼ਰੀਆ ਬਣਿਆ ਜੋ ਪਾਠਕ ਦੇ ਦਿਲ ’ਤੇ ਗਹਿਰਾ ਅਸਰ ਕਰਦੀ ਹੈ। ਲੇਖਣ ਕਲਾ ਲੇਖਕ ਦੇ ਆਪਣੇ ਮਨ ਦੇ ਭਾਵਾਂ ਦਾ ਵਿਰੇਚਨ ਕਰਦੀ ਉਸ ਦੀ ਸ਼ਖ਼ਸੀਅਤ ਵਿੱਚ ਉਸਾਰੂ ਤਬਦੀਲੀ ਦੀ ਸਮਰੱਥਾ ਰੱਖਦੀ ਹੈ। ਇਸ ਨੂੰ ਜੰਗ ਬਹਾਦੁਰ ਗੋਇਲ ਨੇ ‘ਲੇਖਣ ਥੈਰੇਪੀ’ ਦਾ ਨਾਮ ਦਿੱਤਾ ਹੈ।

ਬਹੁਤੀ ਵਾਰ ਲੇਖਕ ਆਪਣੀ ਜ਼ਿੰਦਗੀ ਦੀ ਕਹਾਣੀ ਕਿਸੇ ਹੋਰ ਪਾਤਰ ਦੇ ਨਾਮ ’ਤੇ ਲਿਖਦਾ ਹੈ। ਦੋਸਤੋਵਸਕੀ ਦੇ ਸਾਰੇ ਨਾਵਲ ਉਸ ਦੀ ਆਤਮ ਕਥਾ ਦੇ ਪੰਨੇ ਹਨ। ਟਾਲਸਟਾਏ ਦੇ ਵਿਸ਼ਵ ਪ੍ਰਸਿੱਧ ਨਾਵਲ ‘ਅੰਨਾ ਕਰੇਨੀਨਾ’ ਅਤੇ ‘ਵਾਰ ਐਂਡ ਪੀਸ’ ਦੇ ਨਾਇਕ ਉਸ ਦੀ ਆਪਣੀ ਸ਼ਖ਼ਸੀਅਤ ਦੇ ਹੀ ਅਨਿੱਖੜਵੇਂ ਅੰਗ ਹਨ। ਰੂਸ ਦਾ ਮਹਾਨ ਲੇਖਕ ਮੈਕਸਿਮ ਗੋਰਕੀ ਪੰਜ ਸਾਲ ਦੀ ਉਮਰ ਵਿੱਚ ਯਤੀਮ ਹੋ ਗਿਆ ਸੀ। ਉਸ ਦਾ ਬਚਪਨ ਬੇਹੱਦ ਔਖੇ ਹਾਲਾਤ ਵਿੱਚ ਗੁਜ਼ਰਿਆ। ਉਸ ਨੇ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਤੋਂ ਛੁਟਕਾਰਾ ਪਾਉਣ ਲਈ ਸਾਹਿਤ ਦਾ ਸਹਾਰਾ ਲਿਆ। ‘ਦਿ ਮਦਰ’ ਵਰਗੇ ਨਾਵਲ, ‘ਲੋਅਰ ਡੈਪਥਸ’ ਵਰਗੇ ਨਾਟਕ ਅਤੇ ‘ਇੱਕ ਨਵੇਂ ਇਨਸਾਨ ਦਾ ਜਨਮ’ ਵਰਗੀ ਸ਼ਾਹਕਾਰ ਕਹਾਣੀ ਦਾ ਰਚਨਾਕਾਰ ਬਣਿਆ। ਪੰਡਿਤ ਜਵਾਹਰ ਲਾਲ ਨਹਿਰੂ ਅਤੇ ਫ਼ੈਜ਼ ਅਹਿਮਦ ਫ਼ੈਜ਼ ਨੇ ਜੇਲ੍ਹ ਦੇ ਦਮਘੋਟੂ ਵਾਤਾਵਰਣ ਵਿੱਚ ਸ਼ਾਹਕਾਰ ਰਚਨਾਵਾਂ ਲਿਖੀਆਂ। ਮਹਾਂਕਵੀ ਟੈਗੋਰ ਨੇ ਆਪਣੀ ਜ਼ਿੰਦਗੀ ਦੀ ਹਰ ਔਖੀ ਸਥਿਤੀ ਵਿੱਚ ਕੋਈ ਨਾ ਕੋਈ ਮਹਾਨ ਕਵਿਤਾ, ਕਹਾਣੀ ਜਾਂ ਨਾਵਲ ਲਿਖਿਆ, ਜਿਸ ਨਾਲ ਉਹ ਪਹਿਲਾਂ ਨਾਲੋਂ ਵੀ ਵੱਧ ਊਰਜਾਵਾਨ ਹੋ ਕੇ ਨਿਕਲੇ।

ਕਿਸੇ ਦੇ ਨਿੱਜੀ ਦੁੱਖਾਂ ਨੂੰ ਸੁਣਨ ਲਈ ਕਿਸੇ ਕੋਲ ਨਾ ਇੰਨੀ ਵਿਹਲ ਹੁੰਦੀ ਹੈ ਤੇ ਨਾ ਇੰਨਾ ਸਬਰ ਜਿੰਨਾ ਕਾਗਜ਼ਾਂ ਵਿੱਚ ਹੁੰਦਾ ਹੈ। ਕਾਗਜ਼ ’ਤੇ ਮਨ ਦੀ ਪੀੜ ਨੂੰ ਪ੍ਰਗਟ ਕਰਨਾ ਮਨੋ-ਚਿਕਿਤਸਕ ਨਾਲ ਗੱਲਾਂ ਕਰਨ ਵਾਂਗ ਹੈ। ਲਗਭਗ ਅਜਿਹੇ ਹੀ ਭਾਵ ਪੰਜਾਬੀ ਦੇ ਮਰਹੂਮ ਕਵੀ ਸੁਰਜੀਤ ਪਾਤਰ ਨੇ ਪ੍ਰਗਟਾਏ ਹਨ:

ਸੰਤਾਪ ਨੂੰ ਗੀਤ ਬਣਾ ਲੈਣਾ,
ਮੇਰੀ ਮੁਕਤੀ ਦਾ ਇੱਕ ਰਾਹ ਤਾਂ ਹੈ,
ਜੇ ਹੋਰ ਨਹੀਂ ਹੈ ਦਰ ਕੋਈ,
ਇਹ ਲਫ਼ਜ਼ਾਂ ਦੀ ਦਰਗਾਹ ਤਾਂ ਹੈ।

ਇਸ ਤਰ੍ਹਾਂ ‘ਸਾਹਿਤ ਸੰਜੀਵਨੀ’ ਮਹਿਜ਼ ਕਿਤਾਬ ਨਹੀਂ ਸਗੋਂ ਅਨੇਕ ਹੋਰ ਕਿਤਾਬਾਂ ਨੂੰ ਪੜ੍ਹਨ ਦਾ ਰਾਹ ਦਿਖਾਉਂਦੀ ਹੈ ਜੋ ਕਿਸੇ ਇਨਸਾਨ ਦੀ ਜ਼ਿੰਦਗੀ ਦੇ ਹਨੇਰੇ ਰਾਹਾਂ ਨੂੰ ਰੋਸ਼ਨੀ ਨਾਲ ਭਰ ਸਕਦੀਆਂ ਹਨ।


ARMAAN
ENTERPRISES INC
PATIO COVERS | RAILING | GATES
INSTALLATION & MAINTENANCE
RESIDENTIAL & COMMERCIAL
PATIO COVERS
RAILING & GATES
INSTALLATION, REPAIR & CLEANING
SERVING ALL LOWER
MAINLAND / ISLAND
SPECIALIST IN:
ALUMINUM PANELS AND
CLEAR GLASS OR LIGHT TINTED GLASS
WE INSTALLED PATIO COVERS AND
RAILING, GATES IN REASONABLE PRICE
QUALITY WORKMANSHIP,
BUILT TO LAST
QUALITY | RELIABILITY | SATISFACTION
BUILT FOR YOUR COMFORT. BUILT TO LAST.
M.S. MANGAT
604 710 1197
ARMAAN MANGAT
778 930 7500
armaanenterprisesinc7@gmail.com



# ਦੁਨੀਆਦਾਰੀ



# ਨਿਊਜ਼ੀਲੈਂਡ 'ਚ ਪੰਜਾਬੀ ਵਰਕਰਾਂ ਲਈ ਵੱਡੀ ਖ਼ਬਰ, ਸਕਿਲਡ ਵੀਜ਼ਾ ਅਤੇ ਉਜਰਤ ਨਿਯਮਾਂ 'ਚ ਅਹਿਮ ਬਦਲਾਅ

## ਸਕਿਲਡ ਮਾਈਗ੍ਰੈਂਟ ਅਤੇ ਵਰਕ-ਟੂ-ਰੈਜ਼ੀਡੈਂਸ ਵੀਜ਼ਿਆਂ ਲਈ ਨਵੇਂ ਨਿਯਮ ਲਾਗੂ; ਬਹੁਤੇ ਬਿਨੈਕਾਰਾਂ ਲਈ ਇੱਕ ਹੀ ਉਜਰਤ ਸੀਮਾ, ਪੰਜ ਮਹੀਨਿਆਂ ਦੀ ਗ੍ਰੇਸ ਪੀਰੀਅਡ

ਇਮੀਗ੍ਰੇਸ਼ਨ ਨਿਊਜ਼ੀਲੈਂਡ ਵੱਲੋਂ ਸਕਿਲਡ ਮਾਈਗ੍ਰੈਂਟ ਕੈਟੇਗਰੀ ਰੈਜ਼ੀਡੈਂਟ ਵੀਜ਼ਾ ਅਤੇ ਇਸ ਨਾਲ ਸਬੰਧਤ ਵਰਕ-ਟੂ-ਰੈਜ਼ੀਡੈਂਸ ਵੀਜ਼ਿਆਂ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਦੇ ਆਖਰੀ ਸੰਚਾਲਨ ਵੇਰਵੇ ਜਾਰੀ ਕਰ ਦਿੱਤੇ ਗਏ ਹਨ। ਇਹ ਨਵੇਂ ਨਿਯਮ 24 ਅਗਸਤ ਤੋਂ ਲਾਗੂ ਕੀਤੇ ਗਏ ਹਨ। ਇਨ੍ਹਾਂ ਤਬਦੀਲੀਆਂ ਦਾ ਨਿਊਜ਼ੀਲੈਂਡ ਵਿੱਚ ਕੰਮ ਕਰ ਰਹੇ ਪੰਜਾਬੀ ਹੁਨਰਮੰਦ ਕਾਮਿਆਂ 'ਤੇ ਵੀ ਅਸਰ ਪੈ ਸਕਦਾ ਹੈ, ਕਿਉਂਕਿ ਵੱਡੀ ਗਿਣਤੀ ਵਿੱਚ ਪੰਜਾਬੀ ਕਾਮੇ ਟਰੇਡਜ਼, ਟੈਕਨੀਸ਼ੀਅਨ, ਉਸਾਰੀ, ਡੇਅਰੀ, ਨਿਰਮਾਣ ਅਤੇ ਹੋਰ ਖੇਤਰਾਂ ਵਿੱਚ ਕੰਮ ਕਰ ਰਹੇ ਹਨ।

ਇਮੀਗ੍ਰੇਸ਼ਨ ਨਿਊਜ਼ੀਲੈਂਡ ਨੇ ਕਿਹਾ ਹੈ ਕਿ ਨਵੇਂ ਨਿਯਮਾਂ ਰਾਹੀਂ ਹੁਨਰਮੰਦ ਪਰਵਾਸੀ ਸ਼੍ਰੇਣੀ ਅਧੀਨ ਅਰਜ਼ੀਆਂ ਦੀ ਪ੍ਰਕਿਰਿਆ ਨੂੰ ਹੋਰ ਸਪੱਸ਼ਟ ਕੀਤਾ ਗਿਆ ਹੈ। ਇਸ ਦੇ ਨਾਲ ਹੀ ਵਰਕ-ਟੂ-ਰੈਜ਼ੀਡੈਂਸ ਵੀਜ਼ਿਆਂ ਲਈ ਲਾਗੂ ਉਜਰਤ ਦਰਾਂ ਸਬੰਧੀ ਵੀ ਮਹੱਤਵਪੂਰਨ ਤਬਦੀਲੀਆਂ ਕੀਤੀਆਂ ਗਈਆਂ ਹਨ।

ਸੋਧੇ ਹੋਏ ਨਿਯਮਾਂ ਤਹਿਤ ਹੁਨਰਮੰਦ ਪਰਵਾਸੀ ਸ਼੍ਰੇਣੀ ਦੇ ਬਹੁਤੇ ਬਿਨੈਕਾਰਾਂ ਨੂੰ ਹੁਣ ਸਿਰਫ਼ ਇੱਕ ਉਜਰਤ ਸੀਮਾ ਨੂੰ ਪੂਰਾ ਕਰਨ ਦੀ ਲੋੜ ਹੋਵੇਗੀ। ਇਸ ਦਾ ਮਤਲਬ ਹੈ ਕਿ ਜਦੋਂ ਕਿਸੇ ਵਿਅਕਤੀ ਨੇ ਨਿਊਜ਼ੀਲੈਂਡ ਵਿੱਚ ਲੋੜੀਂਦਾ ਹੁਨਰਮੰਦ ਕੰਮ ਦਾ ਤਜਰਬਾ ਹਾਸਲ ਕਰਨਾ ਸ਼ੁਰੂ ਕੀਤਾ ਸੀ, ਉਸ ਸਮੇਂ ਲਾਗੂ ਉਜਰਤ ਦਰ ਨੂੰ ਹੀ ਧਿਆਨ ਵਿੱਚ ਰੱਖਿਆ ਜਾਵੇਗਾ। ਰਿਹਾਇਸ਼ ਲਈ ਅਰਜ਼ੀ ਦੇਣ ਸਮੇਂ ਜੇਕਰ ਉਜਰਤ ਦੀ ਨਵੀਂ ਜਾਂ ਵਧੀ ਹੋਈ ਸੀਮਾ ਲਾਗੂ ਹੋ ਚੁੱਕੀ ਹੋਵੇ ਤਾਂ ਹਰ ਮਾਮਲੇ ਵਿੱਚ ਉਸ ਉੱਚੀ ਦਰ ਨੂੰ ਮੁੜ ਪੂਰਾ ਕਰਨ ਦੀ ਲੋੜ ਨਹੀਂ ਹੋਵੇਗੀ।

ਇਸ ਦੇ ਨਾਲ ਹੀ ਜੇਕਰ ਵੀਜ਼ਾ ਜਾਰੀ ਹੋਣ ਤੋਂ ਬਾਅਦ ਪਰ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਉਜਰਤ ਦੀ ਲੋੜੀਂਦੀ ਸੀਮਾ ਵਧ ਜਾਂਦੀ ਹੈ ਤਾਂ ਪੰਜ ਮਹੀਨਿਆਂ ਦੀ ਗ੍ਰੇਸ ਪੀਰੀਅਡ ਦਿੱਤੀ ਜਾਵੇਗੀ। ਇਸ ਦੌਰਾਨ ਬਿਨੈਕਾਰ ਨੂੰ ਨਵੀਂ ਉਜਰਤ ਸੀਮਾ ਪੂਰੀ ਕਰਨ ਲਈ ਸਮਾਂ ਮਿਲੇਗਾ। ਇਸ ਬਦਲਾਅ ਨੂੰ ਪਹਿਲਾਂ ਤੋਂ ਨਿਊਜ਼ੀਲੈਂਡ ਵਿੱਚ ਕੰਮ ਕਰ ਰਹੇ ਪਰਵਾਸੀਆਂ ਲਈ ਵਧੇਰੇ ਨਿਸ਼ਚਿਤਤਾ ਪ੍ਰਦਾਨ ਕਰਨ ਵਾਲਾ ਕਦਮ ਮੰਨਿਆ ਜਾ ਰਿਹਾ ਹੈ।




ਇਨ੍ਹਾਂ ਤਬਦੀਲੀਆਂ ਦਾ ਲਾਭ ਉਨ੍ਹਾਂ ਪੰਜਾਬੀ ਕਾਮਿਆਂ ਨੂੰ ਵੀ ਹੋ ਸਕਦਾ ਹੈ ਜੋ ਇਸ ਸਮੇਂ ਅਸਥਾਈ ਕੰਮ ਦੇ ਵੀਜ਼ਿਆਂ 'ਤੇ ਨਿਊਜ਼ੀਲੈਂਡ ਵਿੱਚ ਰਹਿ ਰਹੇ ਹਨ ਅਤੇ ਭਵਿੱਖ ਵਿੱਚ ਰੈਜ਼ੀਡੈਂਸੀ ਲਈ ਅਰਜ਼ੀ ਦੇਣ ਦੀ ਯੋਜਨਾ ਬਣਾ ਰਹੇ ਹਨ। ਹਾਲਾਂਕਿ, ਹਰ ਬਿਨੈਕਾਰ ਦੀ ਯੋਗਤਾ ਉਸ ਦੀ ਨੌਕਰੀ, ਉਜਰਤ, ਕੰਮ ਦੇ ਤਜਰਬੇ ਅਤੇ ਯੋਗਤਾ ਨਾਲ ਸਬੰਧਤ ਨਿਯਮਾਂ ਦੇ ਆਧਾਰ 'ਤੇ ਵੱਖਰੀ ਹੋਵੇਗੀ।

ਨਵੇਂ ਨਿਯਮਾਂ ਵਿੱਚ ਯੋਗਤਾਵਾਂ ਦੇ ਸਬੂਤ ਨਾਲ ਸਬੰਧਤ ਲੋੜਾਂ ਨੂੰ ਵੀ ਹੋਰ ਸਖ਼ਤ ਕੀਤਾ ਗਿਆ ਹੈ। ਲੈਵਲ 8 ਜਾਂ ਲੈਵਲ 9 ਦੀਆਂ ਯੋਗਤਾਵਾਂ ਦੇ ਆਧਾਰ 'ਤੇ ਅੰਕ ਹਾਸਲ ਕਰਨ ਵਾਲੇ ਬਿਨੈਕਾਰਾਂ ਨੂੰ, ਨਿਊਜ਼ੀਲੈਂਡ ਦੀ ਮਾਸਟਰ ਡਿਗਰੀ ਲਈ ਪੰਜ ਅੰਕਾਂ ਦਾ ਦਾਅਵਾ ਕਰਨ ਵਾਲਿਆਂ ਨੂੰ ਛੱਡ ਕੇ, ਹੁਣ ਇੱਕ ਸਹਾਇਕ ਬੈਚਲਰ ਡਿਗਰੀ ਜਾਂ ਇਸ ਦੇ ਬਰਾਬਰ ਦੀ ਯੋਗਤਾ ਰੱਖਣੀ ਪਵੇਗੀ। ਇਸ ਦੇ ਨਾਲ ਹੀ ਅਰਜ਼ੀ ਦੇ ਨਾਲ ਸਬੰਧਤ ਸਰਟੀਫਿਕੇਟ ਅਤੇ ਟਰਾਂਸਕ੍ਰਿਪਟ ਵੀ ਜਮ੍ਹਾਂ ਕਰਵਾਉਣੇ ਪੈਣਗੇ।

ਟਰੇਡਜ਼ ਅਤੇ ਟੈਕਨੀਸ਼ੀਅਨ ਪਾਥਵੇਅ ਨਾਲ ਜੁੜੇ ਨਿਯਮਾਂ ਵਿੱਚ ਵੀ ਬਦਲਾਅ ਕੀਤਾ ਗਿਆ ਹੈ। ਵਿਦੇਸ਼ਾਂ ਤੋਂ ਪ੍ਰਾਪਤ ਕੀਤੀਆਂ ਯੋਗਤਾਵਾਂ ਲਈ ਪਹਿਲਾਂ ਲਾਗੂ 120 ਕ੍ਰੈਡਿਟ ਦੀ ਲੋੜ ਨੂੰ ਹਟਾ ਦਿੱਤਾ ਗਿਆ ਹੈ। ਹਾਲਾਂਕਿ, ਨਿਊਜ਼ੀਲੈਂਡ ਵਿੱਚ ਹਾਸਲ ਕੀਤੀਆਂ ਯੋਗਤਾਵਾਂ ਲਈ ਘੱਟੋ-ਘੱਟ 120 ਕ੍ਰੈਡਿਟ ਦੀ ਲੋੜ ਜਾਰੀ ਰਹੇਗੀ। ਇਹ ਕ੍ਰੈਡਿਟ ਇੱਕ ਤੋਂ ਵੱਧ ਸਬੰਧਤ ਯੋਗਤਾਵਾਂ ਨੂੰ ਜੋੜ ਕੇ ਵੀ ਪੂਰੇ ਕੀਤੇ ਜਾ ਸਕਦੇ ਹਨ।

ਇਹ ਬਦਲਾਅ ਟਰੇਡਜ਼ ਅਤੇ ਟੈਕਨੀਸ਼ੀਅਨ ਖੇਤਰ ਵਿੱਚ ਕੰਮ ਕਰਨ ਵਾਲੇ ਪੰਜਾਬੀ ਕਾਮਿਆਂ ਲਈ ਖਾਸ ਤੌਰ 'ਤੇ ਮਹੱਤਵਪੂਰਨ ਹਨ। ਨਿਊਜ਼ੀਲੈਂਡ ਵਿੱਚ ਪੰਜਾਬੀ ਭਾਈਚਾਰੇ ਦੇ ਕਈ ਲੋਕ ਉਸਾਰੀ, ਨਿਰਮਾਣ, ਮਕੈਨੀਕਲ ਕੰਮ, ਤਕਨੀਕੀ ਸੇਵਾਵਾਂ, ਖੇਤੀਬਾੜੀ ਅਤੇ ਹੋਰ ਹੁਨਰਮੰਦ ਖੇਤਰਾਂ ਵਿੱਚ ਰੁਜ਼ਗਾਰ ਕਰ ਰਹੇ ਹਨ। ਨਵੇਂ ਪਾਥਵੇਅ ਉਨ੍ਹਾਂ ਕਾਮਿਆਂ ਲਈ ਰੈਜ਼ੀਡੈਂਸੀ ਵੱਲ ਜਾਣ ਦੇ ਵਿਕਲਪਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਇਸ ਦੇ ਨਾਲ ਹੀ ਸਵੈ-ਰੁਜ਼ਗਾਰ ਨੂੰ ਲੈ ਕੇ ਵੀ ਨਿਯਮ ਸਪੱਸ਼ਟ ਕੀਤੇ ਗਏ ਹਨ। ਨਵੇਂ ਨਿਯਮਾਂ ਤਹਿਤ ਸਵੈ-ਰੁਜ਼ਗਾਰ ਨੂੰ ਟਰੇਡਜ਼ ਐਂਡ ਟੈਕਨੀਸ਼ੀਅਨ ਪਾਥਵੇਅ ਅਤੇ ਸਕਿਲਡ ਵਰਕ ਐਕਸਪੀਰੀਅੰਸ ਪਾਥਵੇਅ ਦੋਵਾਂ ਤਹਿਤ ਸਿੱਧਾ ਸਬੰਧਤ ਕੰਮ ਦਾ ਤਜਰਬਾ ਨਹੀਂ ਮੰਨਿਆ ਜਾਵੇਗਾ। ਇਸ ਕਾਰਨ ਅਜਿਹੇ ਕਾਮਿਆਂ ਨੂੰ ਆਪਣੀ ਯੋਗਤਾ ਅਤੇ ਕੰਮ ਦੇ ਤਜਰਬੇ ਦੀਆਂ ਸ਼ਰਤਾਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੋਵੇਗੀ।

ਇਮੀਗ੍ਰੇਸ਼ਨ ਨਿਊਜ਼ੀਲੈਂਡ ਨੇ ਅਸਲ ਹੁਨਰਮੰਦ ਰੁਜ਼ਗਾਰ ਨਾਲ ਜੁੜੀਆਂ ਸ਼ਰਤਾਂ ਨੂੰ ਵੀ ਹੋਰ ਮਜ਼ਬੂਤ ਕੀਤਾ ਹੈ। ਨਵੇਂ ਨਿਯਮਾਂ ਅਨੁਸਾਰ ਨੌਕਰੀ ਦੀ ਪੇਸ਼ਕਸ਼ ਉਪਲਬਧ ਅਤੇ ਜਾਰੀ ਹੋਣੀ ਚਾਹੀਦੀ ਹੈ। ਇਸ ਦੇ ਨਾਲ ਇਹ ਵੀ ਦਿਖਾਉਣਾ ਪਵੇਗਾ ਕਿ ਸਬੰਧਤ ਭੂਮਿਕਾ ਲਈ ਨਿਊਜ਼ੀਲੈਂਡ ਵਿੱਚ ਅਸਲ ਅਤੇ ਵਾਜਬ ਲੋੜ ਮੌਜੂਦ ਹੈ।

ਸਰਲ ਉਜਰਤ ਨਿਯਮ ਅਤੇ ਪੰਜ ਮਹੀਨਿਆਂ ਦੀ ਗ੍ਰੇਸ ਪੀਰੀਅਡ ਸਿਰਫ਼ ਸਕਿਲਡ ਮਾਈਗ੍ਰੈਂਟ ਕੈਟੇਗਰੀ ਤੱਕ ਸੀਮਤ ਨਹੀਂ ਰਹੇਗੀ। ਇਹ ਵਿਵਸਥਾਵਾਂ ਵਰਕ-ਟੂ-ਰੈਜ਼ੀਡੈਂਸ, ਕੇਅਰ ਵਰਕਫੋਰਸ ਅਤੇ ਟਰਾਂਸਪੋਰਟ ਵਰਕ-ਟੂ-ਰੈਜ਼ੀਡੈਂਸ ਵੀਜ਼ਿਆਂ 'ਤੇ ਵੀ ਲਾਗੂ ਹੋਣਗੀਆਂ।

ਨਿਊਜ਼ੀਲੈਂਡ ਵਿੱਚ ਪਹਿਲਾਂ ਤੋਂ ਕੰਮ ਕਰ ਰਹੇ ਪੰਜਾਬੀ ਪਰਵਾਸੀਆਂ, ਉੱਥੋਂ ਦੀਆਂ ਯੋਗਤਾਵਾਂ ਹਾਸਲ ਕਰ ਚੁੱਕੇ ਕਾਮਿਆਂ ਅਤੇ ਰੈਜ਼ੀਡੈਂਸੀ ਦੇ ਨਵੇਂ ਰਾਹਾਂ ਦੀ ਤਲਾਸ਼ ਕਰ ਰਹੇ ਟਰੇਡਜ਼ ਅਤੇ ਟੈਕਨੀਸ਼ੀਅਨ ਵਰਕਰਾਂ ਲਈ ਇਹ ਬਦਲਾਅ ਮਹੱਤਵਪੂਰਨ ਹਨ। ਹਾਲਾਂਕਿ, ਕਿਸੇ ਵੀ ਵੀਜ਼ਾ ਜਾਂ ਰੈਜ਼ੀਡੈਂਸੀ ਲਈ ਅਰਜ਼ੀ ਦੇਣ ਤੋਂ ਪਹਿਲਾਂ ਆਪਣੀ ਨੌਕਰੀ, ਯੋਗਤਾ, ਉਜਰਤ ਅਤੇ ਕੰਮ ਦੇ ਤਜਰਬੇ ਨਾਲ ਸਬੰਧਤ ਮੌਜੂਦਾ ਸ਼ਰਤਾਂ ਦੀ ਪੁਸ਼ਟੀ ਕਰਨਾ ਜ਼ਰੂਰੀ ਹੈ।ਇਮੀਗ੍ਰੇਸ਼ਨ ਨਿਊਜ਼ੀਲੈਂਡ ਵੱਲੋਂ ਵੀ ਬਿਨੈਕਾਰਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਅਰਜ਼ੀ ਦੇਣ ਤੋਂ ਪਹਿਲਾਂ ਮੌਜੂਦਾ ਨਿਯਮਾਂ ਅਤੇ ਲੋੜਾਂ ਦੀ ਸਿੱਧੇ ਤੌਰ 'ਤੇ ਪੁਸ਼ਟੀ ਕਰਨ, ਕਿਉਂਕਿ ਵੀਜ਼ਾ ਨਿਯਮਾਂ ਵਿੱਚ ਸਮੇਂ-ਸਮੇਂ 'ਤੇ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ।

# ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ 3 ਹਜ਼ਾਰ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਭੇਜਣ ਨੂੰ ਕੇਂਦਰ ਵੱਲੋਂ ਪ੍ਰਵਾਨਗੀ

## 22 ਨਵੰਬਰ ਨੂੰ ਜੱਥਾ ਪਾਕਿਸਤਾਨ ਜਾਵੇਗਾ ਤੇ 1 ਦਸੰਬਰ ਨੂੰ ਵਾਪਸ ਪਰਤੇਗਾ



ਭਾਰਤ ਸਰਕਾਰ ਨੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ 3 ਹਜ਼ਾਰ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਭੇਜਣ ਦੀ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਇਹ ਜੱਥਾ 22 ਨਵੰਬਰ ਨੂੰ ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਰਵਾਨਾ ਹੋਵੇਗਾ ਤੇ 1 ਦਸੰਬਰ ਨੂੰ ਵਾਪਸ ਪਰਤੇਗਾ।

ਇਹ ਪ੍ਰਗਟਾਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਅਤੇ ਵਿਦੇਸ਼ ਮਾਮਲਿਆਂ ਦੇ ਸਲਾਹਕਾਰ ਪਰਮਜੀਤ ਸਿੰਘ ਚੰਢੋਕ ਨੇ ਕੀਤਾ ਹੈ।

ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਦੱਸਿਆ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ 1 ਜੁਲਾਈ 2026 ਨੂੰ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੂੰ ਇਸ ਬਾਰੇ ਪੱਤਰ ਲਿਖਿਆ ਸੀ ਤੇ ਗ੍ਰਹਿ ਮੰਤਰੀ ਨੇ ਕਮੇਟੀ ਦੀ ਬੇਨਤੀ ਪ੍ਰਵਾਨ ਕਰਦਿਆਂ 3 ਹਜ਼ਾਰ ਸ਼ਰਧਾਲੂਆਂ ਦੇ ਜੱਥੇ ਨੂੰ ਭੇਜਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ 10 ਰੋਜ਼ਾ ਯਾਤਰਾ ਦੌਰਾਨ ਇਹ ਜੱਥਾ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਸੱਚਾ ਸੌਦਾ, ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਅਤੇ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਦੇ ਦਰਸ਼ਨ ਕਰਨ ਉਪਰੰਤ ਵਾਪਸ ਪਰਤੇਗਾ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਨੇ ਸਪਸ਼ਟ ਨਿਰਦੇਸ਼ ਦਿੱਤੇ ਹਨ ਕਿ ਭਾਰਤ ਸਰਕਾਰ ਵੱਲੋਂ ਦਿੱਤੀ ਪ੍ਰਵਾਨਗੀ ਤਹਿਤ ਪੂਰੇ ਦਸਤਾਵੇਜ਼ਾਂ ਦੀ ਘੋਖ ਉਪਰੰਤ ਗ੍ਰਹਿ ਮੰਤਰਾਲਾ ਪਾਕਿਸਤਾਨ ਸਰਕਾਰ ਨੂੰ ਸੂਚੀ ਭੇਜੇਗਾ ਜਿਸ ਮੁਤਾਬਕ ਹੀ ਜੱਥਾ ਰਵਾਨਾ ਹੋਵੇਗਾ। ਉਨ੍ਹਾਂ ਦੱਸਿਆ ਕਿ ਗ੍ਰਹਿ ਮੰਤਰਾਲੇ ਨੇ ਜੱਥੇ ਵਿੱਚ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਦਾ ਕੋਟਾ ਵੀ ਤੈਅ ਕੀਤਾ ਹੈ।

ਇਸ ਮੁਤਾਬਕ: ਦਿੱਲੀ (ਦਿੱਲੀ ਗੁਰਦੁਆਰਾ ਕਮੇਟੀ): 555 ਸ਼ਰਧਾਲੂ, ਪੰਜਾਬ (ਸ਼੍ਰੋਮਣੀ ਕਮੇਟੀ): 1800 ਸ਼ਰਧਾਲੂ, ਹਰਿਆਣਾ: 200 ਸ਼ਰਧਾਲੂ, ਹਿੰਮਾਚਲ ਪ੍ਰਦੇਸ਼: 15 ਸ਼ਰਧਾਲੂ, ਜੰਮੂ-ਕਸ਼ਮੀਰ: 40 ਸ਼ਰਧਾਲੂ, ਝਾਰਖੰਡ: 16 ਸ਼ਰਧਾਲੂ, ਕਰਨਾਟਕ ਅਤੇ ਮੱਧ ਪ੍ਰਦੇਸ਼: 10-10 ਸ਼ਰਧਾਲੂ, ਮਹਾਰਾਸ਼ਟਰ: 90 ਸ਼ਰਧਾਲੂ, ਓੜੀਸਾ: 10 ਸ਼ਰਧਾਲੂ, ਰਾਜਸਥਾਨ: 50 ਸ਼ਰਧਾਲੂ, ਯੂ. ਪੀ. (ਉੱਤਰ ਪ੍ਰਦੇਸ਼): 35 ਸ਼ਰਧਾਲੂ, ਉੱਤਰਾਖੰਡ: 25 ਸ਼ਰਧਾਲੂ, ਪੱਛਮੀ ਬੰਗਾਲ: 5 ਸ਼ਰਧਾਲੂ ਅਤੇ ਚੰਡੀਗੜ੍ਹ ਦੇ 45 ਸ਼ਰਧਾਲੂ ਹਨ।

ਉਨ੍ਹਾਂ ਕਿਹਾ ਕਿ ਇਹ ਜੱਥਾ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਹੀ 22 ਨਵੰਬਰ ਨੂੰ ਵਾਹਗਾ ਸਰਹੱਦ ਪਾਰ ਕਰਕੇ ਪਾਕਿਸਤਾਨ ਵਿੱਚ ਦਾਖਲ ਹੋਵੇਗਾ ਤੇ 1 ਦਸੰਬਰ ਨੂੰ ਵਾਪਸ ਉਸੇ ਰਸਤੇ ਤੋਂ ਦੇਸ਼ ਪਰਤੇਗਾ। ਉਨ੍ਹਾਂ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਸਮੇਂ ਸਿਰ ਆਪੋ-ਆਪਣੇ ਪਾਸਪੋਰਟ ਤੇ ਹੋਰ ਦਸਤਾਵੇਜ਼ ਜਮ੍ਹਾਂ ਕਰਵਾਉਣ ਤਾਂ ਜੋ ਗ੍ਰਹਿ ਮੰਤਰਾਲੇ ਤੋਂ ਸਮਾਂ ਰਹਿੰਦਿਆਂ ਪ੍ਰਵਾਨਗੀ ਹਾਸਲ ਕੀਤੀ ਜਾ ਸਕੇ।

# ਅਮਰੀਕੀ ਵੀਜ਼ਾ ਸਖ਼ਤੀ ਦੀਆਂ ਰਿਪੋਰਟਾਂ ਨਾਲ ਪੰਜਾਬੀਆਂ 'ਚ ਵਧੀ ਚਿੰਤਾ, 2 ਲੱਖ ਵੀਜ਼ੇ ਰੱਦ ਹੋਣ ਦੀ ਚਰਚਾ

B1-B2 ਵੀਜ਼ਾ ਧਾਰਕਾਂ 'ਤੇ ਸੰਭਾਵਿਤ ਕਾਰਵਾਈ ਦੀਆਂ ਖ਼ਬਰਾਂ; ਮਾਹਿਰਾਂ ਨੇ ਕਿਹਾ- ਘਬਰਾਉਣ ਦੀ ਬਜਾਏ ਅਧਿਕਾਰਤ ਜਾਣਕਾਰੀ 'ਤੇ ਭਰੋਸਾ ਕਰੋ




ਅਮਰੀਕਾ ਵਿੱਚ ਇਮੀਗ੍ਰੇਸ਼ਨ ਅਤੇ ਵੀਜ਼ਾ ਨਿਯਮਾਂ ਨੂੰ ਲੈ ਕੇ ਸਖ਼ਤੀ ਵਧਣ ਦੀਆਂ ਰਿਪੋਰਟਾਂ ਵਿਚਕਾਰ ਉੱਥੇ ਰਹਿ ਰਹੇ ਪੰਜਾਬੀ ਭਾਈਚਾਰੇ ਵਿੱਚ ਬੇਚੈਨੀ ਵਧ ਰਹੀ ਹੈ। ਹਾਲੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅਮਰੀਕੀ ਪ੍ਰਸ਼ਾਸਨ ਵੱਲੋਂ ਬਿਜ਼ਨਸ ਅਤੇ ਟੂਰਿਸਟ ਸ਼੍ਰੇਣੀ ਦੇ ਵੱਡੀ ਗਿਣਤੀ ਵਿੱਚ ਵੀਜ਼ੇ ਰੱਦ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਸੰਭਾਵਿਤ ਕਦਮ ਨੂੰ ਲੈ ਕੇ ਉਨ੍ਹਾਂ ਭਾਰਤੀਆਂ, ਖ਼ਾਸ ਕਰਕੇ ਪੰਜਾਬੀਆਂ, ਵਿੱਚ ਚਿੰਤਾ ਪੈਦਾ ਹੋ ਰਹੀ ਹੈ ਜਿਨ੍ਹਾਂ ਦੇ ਅਮਰੀਕਾ ਨਾਲ ਮਜ਼ਬੂਤ ਪਰਿਵਾਰਕ, ਸਮਾਜਿਕ ਅਤੇ ਕਾਰੋਬਾਰੀ ਸਬੰਧ ਹਨ।

ਰਿਪੋਰਟਾਂ ਮੁਤਾਬਕ ਲਗਭਗ 2 ਲੱਖ ਤੱਕ B1 ਅਤੇ B2 ਵੀਜ਼ਿਆਂ ਨੂੰ ਰੱਦ ਕੀਤੇ ਜਾਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਇਹ ਮਾਮਲਾ ਖ਼ਾਸ ਤੌਰ 'ਤੇ ਉਨ੍ਹਾਂ ਵੀਜ਼ਾ ਧਾਰਕਾਂ ਨਾਲ ਜੋੜਿਆ ਜਾ ਰਿਹਾ ਹੈ ਜਿਨ੍ਹਾਂ ਨੇ ਅਮਰੀਕਾ ਪਹੁੰਚਣ ਤੋਂ ਬਾਅਦ ਅਸਾਇਲਮ ਲਈ ਅਰਜ਼ੀ ਦਿੱਤੀ ਹੈ ਜਾਂ ਇਸ ਸਮੇਂ ਸ਼ਰਣ ਦੀ ਪ੍ਰਕਿਰਿਆ ਵਿੱਚ ਹਨ। ਹਾਲਾਂਕਿ, 2 ਲੱਖ ਦਾ ਅੰਕੜਾ ਅਜੇ ਅਮਰੀਕੀ ਸਟੇਟ ਡਿਪਾਰਟਮੈਂਟ ਵੱਲੋਂ ਅਧਿਕਾਰਤ ਤੌਰ 'ਤੇ ਜਾਰੀ ਕੀਤਾ ਗਿਆ ਅੰਤਿਮ ਅੰਕੜਾ ਨਹੀਂ ਹੈ, ਸਗੋਂ ਰਿਪੋਰਟਾਂ ਵਿੱਚ ਦਿੱਤਾ ਗਿਆ ਇੱਕ ਉੱਪਰੀ ਅਨੁਮਾਨ ਦੱਸਿਆ ਜਾ ਰਿਹਾ ਹੈ।

ਪੰਜਾਬੀ ਪਰਿਵਾਰ ਇਸ ਸੰਭਾਵਿਤ ਕਦਮ ਨੂੰ ਡੋਨਲਡ ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੇਸ਼ਨ ਨਿਯਮਾਂ ਨੂੰ ਹੋਰ ਸਖ਼ਤ ਕੀਤੇ ਜਾਣ ਦੀ ਕੜੀ ਵਜੋਂ ਦੇਖ ਰਹੇ ਹਨ। ਰਿਪੋਰਟਾਂ ਅਨੁਸਾਰ ਅਮਰੀਕਾ ਨੇ ਦੁਨੀਆ ਭਰ ਵਿੱਚ ਇਮੀਗ੍ਰੈਂਟ ਵੀਜ਼ਾ ਅਪੌਇੰਟਮੈਂਟਾਂ ਦੀ ਪ੍ਰਕਿਰਿਆ ਨੂੰ ਵੀ ਹੌਲੀ ਕੀਤਾ ਹੈ। ਇਸ ਦੇ ਨਾਲ ਹੀ ਵੀਜ਼ਾ ਬਿਨੈਕਾਰਾਂ ਦੇ ਪਿਛੋਕੜ, ਦਸਤਾਵੇਜ਼ਾਂ ਅਤੇ ਉਨ੍ਹਾਂ ਦੇ ਹਾਲਾਤਾਂ ਦੀ ਵਧੇਰੇ ਬਾਰੀਕੀ ਨਾਲ ਜਾਂਚ ਕੀਤੇ ਜਾਣ ਦੀ ਸੰਭਾਵਨਾ ਵੀ ਜਤਾਈ ਜਾ ਰਹੀ ਹੈ।

ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ ਦੇ ਕਾਰਜਕਾਰੀ ਨਿਰਦੇਸ਼ਕ ਸਤਨਾਮ ਸਿੰਘ ਚਾਹਲ ਨੇ ਅਮਰੀਕੀ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਕਿਸੇ ਵੀ ਵੀਜ਼ੇ ਨੂੰ ਰੱਦ ਕਰਨ ਤੋਂ ਪਹਿਲਾਂ ਹਰ ਮਾਮਲੇ ਦੀ ਨਿਰਪੱਖ ਅਤੇ ਵਿਅਕਤੀਗਤ ਤੌਰ 'ਤੇ ਸਮੀਖਿਆ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਵੱਡੀ ਗਿਣਤੀ ਵਿੱਚ ਵੀਜ਼ੇ ਇੱਕੋ ਸਮੇਂ ਰੱਦ ਕੀਤੇ ਜਾਂਦੇ ਹਨ ਤਾਂ ਇਸ ਦਾ ਪ੍ਰਭਾਵ ਅਮਰੀਕਾ ਵਿੱਚ ਰਹਿ ਰਹੇ ਪਰਵਾਸੀ ਭਾਈਚਾਰਿਆਂ 'ਤੇ ਪੈ ਸਕਦਾ ਹੈ।

ਚਾਹਲ ਨੇ ਕਿਹਾ ਕਿ ਰਿਪੋਰਟਾਂ ਅਨੁਸਾਰ ਟਰੰਪ ਪ੍ਰਸ਼ਾਸਨ ਹੋਮਲੈਂਡ ਸਿਕਿਉਰਿਟੀ ਵਿਭਾਗ ਨਾਲ ਤਾਲਮੇਲ ਕਰਕੇ ਉਨ੍ਹਾਂ ਵਿਅਕਤੀਆਂ ਦੇ 2016 ਤੋਂ 2026 ਦੌਰਾਨ ਜਾਰੀ ਕੀਤੇ ਭ1 ਅਤੇ ਭ2 ਵੀਜ਼ਿਆਂ ਦੀ ਸਮੀਖਿਆ ਅਤੇ ਸੰਭਾਵਿਤ ਰੱਦ ਕਰਨ ਦੀ ਤਿਆਰੀ ਕਰ ਰਿਹਾ ਹੈ, ਜਿਨ੍ਹਾਂ ਨੇ ਬਾਅਦ ਵਿੱਚ ਅਸਾਇਲਮ ਲਈ ਅਰਜ਼ੀ ਦਿੱਤੀ ਸੀ ਜਾਂ ਜੋ ਇਸ ਸਮੇਂ ਅਮਰੀਕਾ ਵਿੱਚ ਸ਼ਰਣ ਦੀ ਮੰਗ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਜੇਕਰ ਰਿਪੋਰਟਾਂ ਵਿੱਚ ਦੱਸੀ ਗਈ ਗਿਣਤੀ ਮੁਤਾਬਕ ਇਹ ਕਾਰਵਾਈ ਲਾਗੂ ਹੁੰਦੀ ਹੈ ਤਾਂ ਇਹ ਅਮਰੀਕੀ ਇਤਿਹਾਸ ਵਿੱਚ ਇੱਕੋ ਸਮੇਂ ਵੱਡੇ ਪੱਧਰ 'ਤੇ ਵੀਜ਼ਾ ਰੱਦ ਕਰਨ ਦੀਆਂ ਸਭ ਤੋਂ ਵੱਡੀਆਂ ਘਟਨਾਵਾਂ ਵਿੱਚੋਂ ਇੱਕ ਹੋ ਸਕਦੀ ਹੈ। ਹਾਲਾਂਕਿ ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ 2 ਲੱਖ ਦਾ ਅੰਕੜਾ ਅਮਰੀਕੀ ਸਰਕਾਰ ਵੱਲੋਂ ਐਲਾਨਿਆ ਗਿਆ ਅੰਤਿਮ ਅਧਿਕਾਰਤ ਅੰਕੜਾ ਨਹੀਂ ਹੈ ਅਤੇ ਇਸ ਨੂੰ ਰਿਪੋਰਟ ਕੀਤੇ ਗਏ ਸੰਭਾਵਿਤ ਉੱਪਰੀ ਅਨੁਮਾਨ ਵਜੋਂ ਹੀ ਦੇਖਿਆ ਜਾਣਾ ਚਾਹੀਦਾ ਹੈ।

ਸਤਨਾਮ ਸਿੰਘ ਚਾਹਲ ਨੇ ਇਹ ਵੀ ਜ਼ੋਰ ਦਿੱਤਾ ਕਿ ਕਿਸੇ ਵਿਅਕਤੀ ਦਾ ਵੀਜ਼ਾ ਰੱਦ ਹੋ ਜਾਣਾ ਆਪਣੇ ਆਪ ਵਿੱਚ ਤੁਰੰਤ ਦੇਸ਼ ਨਿਕਾਲੇ ਦੇ ਬਰਾਬਰ ਨਹੀਂ ਹੁੰਦਾ। ਉਨ੍ਹਾਂ ਮੁਤਾਬਕ ਪ੍ਰਸਤਾਵਿਤ ਕਾਰਵਾਈ ਦਾ ਇਹ ਮਤਲਬ ਲਾਜ਼ਮੀ ਨਹੀਂ ਕਿ ਪ੍ਰਭਾਵਿਤ ਵਿਅਕਤੀ ਨੂੰ ਤੁਰੰਤ ਅਮਰੀਕਾ ਤੋਂ ਬਾਹਰ ਕੱਢ ਦਿੱਤਾ ਜਾਵੇਗਾ। ਜਿਨ੍ਹਾਂ ਲੋਕਾਂ ਦੇ ਅਸਾਇਲਮ ਜਾਂ ਹੋਰ ਇਮੀਗ੍ਰੇਸ਼ਨ ਮਾਮਲੇ ਵਿਚਾਰ ਅਧੀਨ ਹਨ, ਉਨ੍ਹਾਂ ਦੀ ਕਾਨੂੰਨੀ ਸਥਿਤੀ ਵੱਖਰੀ ਹੋ ਸਕਦੀ ਹੈ ਅਤੇ ਹਰ ਮਾਮਲੇ ਨੂੰ ਉਸ ਦੀਆਂ ਆਪਣੀਆਂ ਪਰਿਸਥਿਤੀਆਂ ਦੇ ਆਧਾਰ 'ਤੇ ਦੇਖਿਆ ਜਾ ਸਕਦਾ ਹੈ।

ਚਾਹਲ ਨੇ ਅਮਰੀਕਾ ਵਿੱਚ ਰਹਿ ਰਹੇ ਪਰਵਾਸੀ ਭਾਈਚਾਰੇ ਨੂੰ ਸਾਵਧਾਨ ਰਹਿਣ ਦੀ ਸਲਾਹ ਦਿੰਦਿਆਂ ਕਿਹਾ ਕਿ ਮੌਜੂਦਾ ਹਾਲਾਤਾਂ ਵਿੱਚ ਘਬਰਾਉਣ ਦੀ ਲੋੜ ਨਹੀਂ ਹੈ, ਪਰ ਇਸ ਮਾਮਲੇ ਨੂੰ ਨਜ਼ਰਅੰਦਾਜ਼ ਵੀ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਲੋਕਾਂ ਨੂੰ ਆਪਣੇ ਇਮੀਗ੍ਰੇਸ਼ਨ ਰਿਕਾਰਡਾਂ ਅਤੇ ਮਹੱਤਵਪੂਰਨ ਦਸਤਾਵੇਜ਼ਾਂ ਦੀਆਂ ਕਾਪੀਆਂ ਸੁਰੱਖਿਅਤ ਰੱਖਣ, ਅਮਰੀਕੀ ਅਧਿਕਾਰੀਆਂ ਵੱਲੋਂ ਮਿਲਣ ਵਾਲੇ ਹਰ ਨੋਟਿਸ ਨੂੰ ਧਿਆਨ ਨਾਲ ਪੜ੍ਹਨ ਅਤੇ ਲੋੜ ਪੈਣ 'ਤੇ ਯੋਗ ਇਮੀਗ੍ਰੇਸ਼ਨ ਵਕੀਲ ਤੋਂ ਕਾਨੂੰਨੀ ਸਲਾਹ ਲੈਣ ਦੀ ਅਪੀਲ ਕੀਤੀ।


ਦੂਜੇ ਪਾਸੇ ਜਲੰਧਰ ਸਥਿਤ ਇਮੀਗ੍ਰੇਸ਼ਨ ਫਰਮ ਦੇ ਮਾਲਕ ਸੁਕੰਤ ਨੈਨ ਤ੍ਰਿਵੇਦੀ ਨੇ ਇਸ ਮਾਮਲੇ ਵਿੱਚ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਵੀਜ਼ੇ ਰੱਦ ਕਰਨ ਸਬੰਧੀ ਹਾਲੇ ਤੱਕ ਕੋਈ ਅਧਿਕਾਰਤ ਸਰਕਾਰੀ ਬਿਆਨ ਸਾਹਮਣੇ ਨਹੀਂ ਆਇਆ। ਉਨ੍ਹਾਂ ਮੁਤਾਬਕ ਜਦੋਂ ਤੱਕ ਇਹ ਸਪੱਸ਼ਟ ਨਹੀਂ ਹੁੰਦਾ ਕਿ ਪ੍ਰਸਤਾਵਿਤ ਕਾਰਵਾਈ ਕਿਸ ਸ਼੍ਰੇਣੀ ਦੇ ਲੋਕਾਂ 'ਤੇ ਅਤੇ ਕਿਸ ਤਰੀਕੇ ਨਾਲ ਲਾਗੂ ਹੋਵੇਗੀ, ਉਦੋਂ ਤੱਕ ਇਸ ਬਾਰੇ ਪੱਕੇ ਤੌਰ 'ਤੇ ਕੁਝ ਕਹਿਣਾ ਠੀਕ ਨਹੀਂ ਹੋਵੇਗਾ।

ਸੁਕੰਤ ਨੈਨ ਤ੍ਰਿਵੇਦੀ ਨੇ ਕਿਹਾ ਕਿ ਅਜਿਹੀਆਂ ਅਧੂਰੀਆਂ ਜਾਂ ਅਪੁਸ਼ਟ ਰਿਪੋਰਟਾਂ ਕਾਰਨ ਪੰਜਾਬੀ ਭਾਈਚਾਰੇ ਵਿੱਚ ਬੇਲੋੜੀ ਘਬਰਾਹਟ ਪੈਦਾ ਹੋ ਸਕਦੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੋਸ਼ਲ ਮੀਡੀਆ ਜਾਂ ਗੈਰ-ਅਧਿਕਾਰਤ ਸਰੋਤਾਂ ਤੋਂ ਮਿਲਣ ਵਾਲੀ ਜਾਣਕਾਰੀ 'ਤੇ ਤੁਰੰਤ ਵਿਸ਼ਵਾਸ ਕਰਨ ਦੀ ਬਜਾਏ ਅਮਰੀਕੀ ਸਰਕਾਰ ਵੱਲੋਂ ਜਾਰੀ ਕੀਤੀ ਜਾਣ ਵਾਲੀ ਅਧਿਕਾਰਤ ਜਾਣਕਾਰੀ ਦੀ ਉਡੀਕ ਕਰਨ।

ਫਿਲਹਾਲ ਅਮਰੀਕੀ ਵੀਜ਼ਾ ਨਿਯਮਾਂ ਵਿੱਚ ਸੰਭਾਵਿਤ ਸਖ਼ਤੀ ਅਤੇ ਵੱਡੀ ਗਿਣਤੀ ਵਿੱਚ ਵੀਜ਼ੇ ਰੱਦ ਕਰਨ ਦੀਆਂ ਰਿਪੋਰਟਾਂ ਨੇ ਪੰਜਾਬੀ ਭਾਈਚਾਰੇ ਵਿੱਚ ਚਿੰਤਾ ਜ਼ਰੂਰ ਵਧਾ ਦਿੱਤੀ ਹੈ। ਹਾਲਾਂਕਿ, ਜਦੋਂ ਤੱਕ ਅਮਰੀਕੀ ਪ੍ਰਸ਼ਾਸਨ ਵੱਲੋਂ ਇਸ ਸਬੰਧੀ ਸਪੱਸ਼ਟ ਅਤੇ ਅਧਿਕਾਰਤ ਦਿਸ਼ਾ-ਨਿਰਦੇਸ਼ ਜਾਰੀ ਨਹੀਂ ਕੀਤੇ ਜਾਂਦੇ, ਪ੍ਰਭਾਵਿਤ ਹੋਣ ਵਾਲੇ ਲੋਕਾਂ ਲਈ ਸਹੀ ਜਾਣਕਾਰੀ ਹਾਸਲ ਕਰਨਾ ਅਤੇ ਆਪਣੇ ਮਾਮਲੇ ਦੀ ਕਾਨੂੰਨੀ ਸਥਿਤੀ ਨੂੰ ਸਮਝਣਾ ਸਭ ਤੋਂ ਮਹੱਤਵਪੂਰਨ ਰਹੇਗਾ।

# ਚੀਨ-ਨੇਪਾਲ ਸਰਹੱਦ 'ਤੇ ਗਲੇਸ਼ੀਅਰ ਟੁੱਟਣ ਨਾਲ ਬਣੀ ਝੀਲ ਹੋਈ ਓਵਰਫਲੋ; ਖ਼ਤਰੇ ਕਾਰਨ ਬਚਾਅ ਕਾਰਜ ਰੁਕੇ

## ਝੀਲ ਵਿੱਚ ਪਾਣੀ ਦੀ ਮਾਤਰਾ ਵਧ ਕੇ 2.5 ਮਿਲੀਅਨ ਘਣ ਮੀਟਰ ਤੋਂ ਪਾਰ



ਚੀਨ-ਨੇਪਾਲ ਸਰਹੱਦ 'ਤੇ ਗਲੇਸ਼ੀਅਰ ਟੁੱਟਣ ਤੋਂ ਬਾਅਦ ਮਲਬੇ ਨਾਲ ਬਣੀ ਇੱਕ ਝੀਲ ਓਵਰਫਲੋ ਹੋਣੀ ਸ਼ੁਰੂ ਹੋ ਗਈ ਹੈ। ਝੀਲ ਪਹਿਲਾਂ ਹੀ ਗੰਭੀਰ ਹੜ੍ਹਾਂ ਦਾ ਕਾਰਨ ਬਣ ਚੁੱਕੀ ਹੈ। ਚੀਨੀ ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਇਸ ਸਥਿਤੀ ਕਾਰਨ ਬਚਾਅ ਕਾਰਜਾਂ ਨੂੰ ਰੋਕਣਾ ਕਰਨਾ ਪਿਆ ਹੈ।

ਨੇਪਾਲ ਅਤੇ ਚੀਨ ਦੋਵਾਂ ਨੇ ਵੀਰਵਾਰ ਨੂੰ ਹਿਮਾਲਿਆ ਵਿੱਚ ਹੜ੍ਹ ਦੇ ਨਵੇਂ ਖ਼ਤਰਿਆਂ ਬਾਰੇ ਚਿਤਾਵਨੀ ਦਿੱਤੀ ਸੀ, ਜਿੱਥੇ ਮਲਬੇ ਦੇ ਬੰਨ੍ਹ ਨੇ ਉੱਪਰ ਵੱਲ ਇੱਕ ਝੀਲ ਬਣਾ ਦਿੱਤੀ ਸੀ ਜਿਸ ਦੇ ਫੱਟਣ ਦਾ ਖ਼ਤਰਾ ਬਣਿਆ ਹੋਇਆ ਸੀ।

ਬੁੱਧਵਾਰ ਨੂੰ ਆਏ ਅਚਾਨਕ ਹੜ੍ਹਾਂ ਵਿੱਚ ਸੈਂਕੜੇ ਲੋਕਾਂ ਦੀ ਮੌਤ ਤੋਂ ਬਾਅਦ, ਚੀਨ ਆਪਣੇ ਤਿੱਬਤ ਖੇਤਰ ਨੂੰ ਨੇਪਾਲ ਨਾਲ ਜੋੜਨ ਵਾਲੇ ਆਫ਼ਤ ਪ੍ਰਭਾਵਿਤ ਸਰਹੱਦੀ ਖੇਤਰ ਵਿੱਚ ਹੜ੍ਹ ਦੇ ਜੋਖਮ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਸਰਕਾਰੀ ਬ੍ਰੌਡਕਾਸਟਰ ਸੀ ਸੀ ਟੀ ਵੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਝੀਲ ਦੇ ਫਟਣ ਦੇ ਖ਼ਤਰਿਆਂ ਅਤੇ ਜ਼ਮੀਨ ਖਿਸਕਣ ਤੇ ਬਰਫ਼ੀਲੇ ਤੋਦੇ ਡਿੱਗਣ ਵਰਗੀਆਂ ਹੋਰ ਆਫ਼ਤਾਂ ਦੇ ਜੋਖਮ ਕਾਰਨ ਸਾਰੇ ਚੀਨੀ ਬਚਾਅ ਕਰਮਚਾਰੀਆਂ ਅਤੇ ਵਾਹਨਾਂ ਨੂੰ ਸੁਰੱਖਿਅਤ ਖੇਤਰ ਵਿੱਚ ਰਹਿਣ ਲਈ ਵਾਪਸ ਬੁਲਾ ਲਿਆ ਗਿਆ ਹੈ।

ਸਥਿਤੀ ਉੱਤੇ ਨਜ਼ਰ ਰੱਖਣ ਲਈ ਭੇਜੀ ਗਈ ਅੱਠ ਮੈਂਬਰੀ ਚੀਨੀ ਇੰਜੀਨੀਅਰਿੰਗ ਟੀਮ ਨੇ ਇੱਕ ਦਿਨ ਪਹਿਲਾਂ ਰਿਕਾਰਡ ਕੀਤਾ ਸੀ ਕਿ ਝੀਲ ਦੇ ਪਾਣੀ ਦੀ ਮਾਤਰਾ 2.5 ਮਿਲੀਅਨ ਘਣ ਮੀਟਰ ਤੋਂ ਵੱਧ ਹੋ ਗਈ ਹੈ, ਜਦੋਂ ਕਿ ਪਹਿਲਾਂ 1.5 ਤੋਂ 2 ਮਿਲੀਅਨ ਘਣ ਮੀਟਰ ਦਾ ਅਨੁਮਾਨ ਸੀ।

ਸੀ ਸੀ ਟੀ ਵੀ ਰਿਪੋਰਟ ਦੇ ਅਨੁਸਾਰ, ਅਧਿਕਾਰੀਆਂ ਨੇ ਵੀਰਵਾਰ ਨੂੰ ਝੀਲ (ਮਲਬੇ ਦੁਆਰਾ ਬਣਾਈ ਗਈ) ਦਾ ਹਵਾਈ ਸਰਵੇਖਣ ਅਤੇ 3ਡੀ ਮਾਡਲਿੰਗ ਕਰਨ ਲਈ ਇੱਕ ਇੰਜੀਨੀਅਰਿੰਗ ਟੀਮ ਤਾਇਨਾਤ ਕੀਤੀ।

ਇੰਜੀਨੀਅਰਾਂ ਵਿੱਚੋਂ ਇੱਕ, ਚੇਨ ਹੈਂਕਸਿਆਓ ਨੇ ਕਿਹਾ ਕਿ ਸਾਈਟ ਤੱਕ ਪਹੁੰਚ ਮੁਸ਼ਕਲ ਸੀ, ਜੋ ਇੱਕ ਵੱਡੀ ਚੁਣੌਤੀ ਪੇਸ਼ ਕਰ ਰਹੀ ਸੀ।

ਚੇਨ ਨੇ ਵੀਰਵਾਰ ਸ਼ਾਮ ਨੂੰ ਸੀ ਸੀ ਟੀ ਵੀ ਨੂੰ ਦੱਸਿਆ, "ਗਲੇਸ਼ੀਅਰ ਦੇ ਟੁੱਟਣ ਨਾਲ ਝੀਲ ਬਣਨ ਤੋਂ ਬਾਅਦ, ਇਸ ਦੇ ਕਿਨਾਰੇ ਦੇ ਨਾਲ-ਨਾਲ ਕਈ ਅਲੱਗ-ਥਲੱਗ ਅਤੇ ਖੜ੍ਹੀਆਂ ਚੱਟਾਨਾਂ ਦਿਖਾਈ ਦਿੱਤੀਆਂ।"

ਚੇਨ ਨੇ ਕਿਹਾ ਕਿ ਝੀਲ ਦੇ ਖ਼ਤਰੇ ਨੂੰ ਘਟਾਉਣ ਲਈ ਆਮ ਤਰੀਕਾ ਬੰਨ੍ਹ ਦੇ ਹੇਠਲੇ ਹਿੱਸੇ ਵਿੱਚ ਇੱਕ ਨਿਕਾਸੀ ਚੈਨਲ ਦੀ ਖੁਦਾਈ ਕਰਨਾ ਹੈ।

ਉਸ ਚੈਨਲ ਦੀ ਚੌੜਾਈ ਅਤੇ ਡੂੰਘਾਈ ਦਾ ਪਤਾ ਲਗਾਉਣ ਲਈ ਪਾਣੀ ਕਿੰਨੀ ਤੇਜ਼ੀ ਨਾਲ ਵਹੇਗਾ ਅਤੇ ਝੀਲ ਕਿੰਨੀ ਜਲਦੀ ਭਰ ਜਾਵੇਗੀ, ਇਸ ਦੇ ਆਧਾਰ 'ਤੇ ਗਣਨਾਵਾਂ ਦੀ ਲੋੜ ਹੁੰਦੀ ਹੈ।

ਉਨ੍ਹਾਂ ਦੇ ਸਰਵੇਖਣ ਡਾਟਾ ਤੋਂ ਪਤਾ ਲੱਗਾ ਕਿ ਝੀਲ ਲਗਪਗ 150 ਮੀਟਰ ਲੰਮੀ ਅਤੇ 40-50 ਮੀਟਰ ਡੂੰਘੀ ਸੀ।

ਗਾਈਰੋਂਗ ਸਰਹੱਦੀ ਖੇਤਰ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਈ ਹੈ, ਜਿਸ ਨਾਲ ਖਤਰੇ ਵਾਲੇ ਖੇਤਰ ਦੇ ਆਲੇ-ਦੁਆਲੇ ਮਿੱਟੀ ਅਤੇ ਚੱਟਾਨਾਂ ਢਿੱਲੀਆਂ ਤੇ ਅਸਥਿਰ ਹੋ ਗਈਆਂ ਹਨ।

ਆਉਣ ਵਾਲੇ ਹਫ਼ਤੇ ਤੱਕ ਮੀਂਹ ਜਾਰੀ ਰਹਿਣ ਦੀ ਉਮੀਦ ਹੈ। ਚੀਨ ਨੇ ਵੀਰਵਾਰ ਨੂੰ ਚਿਤਾਵਨੀ ਦਿੱਤੀ ਕਿ ਅਗਲੇ ਤਿੰਨ ਦਿਨਾਂ ਵਿੱਚ 3 ਮਿਲੀਅਨ ਘਣ ਮੀਟਰ ਪਾਣੀ - ਲਗਪਗ 1,200 ਓਲੰਪਿਕ ਸਵੀਮਿੰਗ ਪੂਲ ਦੇ ਬਰਾਬਰ - ਝੀਲ ਵਿੱਚ ਵਹਿ ਸਕਦਾ ਹੈ, ਜੋ ਕਿ ਅਜੇ ਵੀ ਡੈਮ ਵਰਗੀ ਸਥਿਤੀ ਵਿੱਚ ਹੈ। ਇਸ ਨਾਲ ਝੀਲ ਦੇ ਫਟਣ ਦਾ ਇੱਕ ਵੱਡਾ ਖ਼ਤਰਾ ਹੈ, ਜਿਸ ਵਿੱਚ 1 ਸਤੰਬਰ ਦੇ ਆਸ-ਪਾਸ ਸਭ ਤੋਂ ਵੱਧ ਵਹਾਅ ਹੋਣ ਦੀ ਉਮੀਦ ਹੈ।

# ਆਸਟ੍ਰੇਲੀਆ 'ਚ 8 ਸਾਲਾ ਅੰਗਦ ਸਿੰਘ ਦਾ ਕਮਾਲ, ਸ਼ਾਟਪੁੱਟ 'ਚ ਬਣਿਆ ਨਿਊ ਸਾਊਥ ਵੇਲਜ਼ ਦਾ ਸੂਬਾ ਚੈਂਪੀਅਨ

## ਸਜਾਵਲਪੁਰ ਦੇ ਜੰਮਪਲ ਅੰਗਦ ਨੇ 6.72 ਮੀਟਰ ਦੀ ਥ੍ਰੋ ਨਾਲ ਹਾਸਲ ਕੀਤਾ ਪਹਿਲਾ ਸਥਾਨ; ਡਿਸਕਸ ਥ੍ਰੋ ਵਿੱਚ ਵੀ ਤੀਜਾ ਸਥਾਨ ਹਾਸਲ ਕਰਕੇ ਪੰਜਾਬ ਦਾ ਮਾਣ ਵਧਾਇਆ




ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਸਜਾਵਲਪੁਰ ਨਾਲ ਸਬੰਧਤ 8 ਸਾਲਾ ਅੰਗਦ ਸਿੰਘ ਖੇਲਾ ਨੇ ਆਸਟ੍ਰੇਲੀਆ ਦੀ ਧਰਤੀ 'ਤੇ ਸ਼ਾਨਦਾਰ ਖੇਡ ਪ੍ਰਦਰਸ਼ਨ ਕਰਦਿਆਂ ਪੰਜਾਬ ਅਤੇ ਭਾਰਤ ਦਾ ਨਾਂ ਰੌਸ਼ਨ ਕੀਤਾ ਹੈ। ਅੰਗਦ ਨੇ ਨਿਊ ਸਾਊਥ ਵੇਲਜ਼ ਵਿੱਚ ਕਰਵਾਈਆਂ ਗਈਆਂ ਸੂਬਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਸ਼ਾਟਪੁੱਟ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸੂਬਾ ਚੈਂਪੀਅਨ ਬਣਨ ਦਾ ਮਾਣ ਪ੍ਰਾਪਤ ਕੀਤਾ ਹੈ।

ਅੰਗਦ ਸਿੰਘ ਖੇਲਾ ਨੇ ਸ਼ਾਟਪੁੱਟ ਵਿੱਚ 6.72 ਮੀਟਰ ਦੀ ਥ੍ਰੋ ਕਰਕੇ ਇਹ ਉਪਲਬਧੀ ਹਾਸਲ ਕੀਤੀ। ਉਸ ਦੀ ਇਸ ਸ਼ਾਨਦਾਰ ਕਾਰਗੁਜ਼ਾਰੀ ਨਾਲ ਉਹ ਨਿਊ ਸਾਊਥ ਵੇਲਜ਼ ਦੇ ਪ੍ਰਾਇਮਰੀ ਸਕੂਲ ਪੱਧਰ 'ਤੇ ਸ਼ਾਟਪੁੱਟ ਮੁਕਾਬਲੇ ਵਿੱਚ ਸੂਬਾ ਚੈਂਪੀਅਨ ਬਣਨ ਵਾਲੇ ਪਹਿਲੇ ਪੰਜਾਬੀ ਬੱਚੇ ਵਜੋਂ ਵੀ ਸਾਹਮਣੇ ਆਇਆ ਹੈ।

ਅੰਗਦ ਦੀ ਇਸ ਕਾਮਯਾਬੀ ਨੇ ਉਸ ਦੇ ਪਰਿਵਾਰ ਦੇ ਨਾਲ-ਨਾਲ ਪੰਜਾਬੀ ਭਾਈਚਾਰੇ ਲਈ ਵੀ ਮਾਣ ਵਾਲਾ ਪਲ ਪੈਦਾ ਕੀਤਾ ਹੈ। ਆਸਟ੍ਰੇਲੀਆ ਵਿੱਚ ਰਹਿੰਦਿਆਂ ਉਸ ਨੇ ਆਪਣੀ ਖੇਡ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਕੇ ਇਹ ਸਾਬਤ ਕੀਤਾ ਹੈ ਕਿ ਪੰਜਾਬੀ ਬੱਚਿਆਂ ਵਿੱਚ ਖੇਡਾਂ ਪ੍ਰਤੀ ਉਤਸ਼ਾਹ ਅਤੇ ਪ੍ਰਤਿਭਾ ਦੀ ਕੋਈ ਕਮੀ ਨਹੀਂ ਹੈ।

### ਡਿਸਕਸ ਥ੍ਰੋ ਵਿੱਚ ਵੀ ਹਾਸਲ ਕੀਤਾ ਤੀਜਾ ਸਥਾਨ

ਅੰਗਦ ਨੇ ਸਿਰਫ਼ ਸ਼ਾਟਪੁੱਟ ਵਿੱਚ ਹੀ ਆਪਣੀ ਕਾਬਲੀਅਤ ਨਹੀਂ ਦਿਖਾਈ, ਸਗੋਂ ਡਿਸਕਸ ਥ੍ਰੋ ਮੁਕਾਬਲੇ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਸ ਨੇ ਇਸ ਮੁਕਾਬਲੇ ਵਿੱਚ ਪੂਰੇ ਨਿਊ ਸਾਊਥ ਵੇਲਜ਼ ਵਿੱਚ ਤੀਜਾ ਸਥਾਨ ਹਾਸਲ ਕੀਤਾ।

ਇਹ ਸੂਬਾ ਪੱਧਰੀ ਪ੍ਰਾਇਮਰੀ ਸਕੂਲ ਖੇਡ ਮੁਕਾਬਲੇ ਸਿਡਨੀ ਓਲੰਪਿਕ ਪਾਰਕ ਵਿੱਚ ਕਰਵਾਏ ਗਏ ਸਨ। ਇਨ੍ਹਾਂ ਖੇਡਾਂ ਵਿੱਚ ਨਿਊ ਸਾਊਥ ਵੇਲਜ਼ ਦੇ ਵੱਖ-ਵੱਖ ਪ੍ਰਾਇਮਰੀ ਸਕੂਲਾਂ ਤੋਂ ਸੈਂਕੜੇ ਬੱਚਿਆਂ ਨੇ ਹਿੱਸਾ ਲਿਆ। ਸਖ਼ਤ ਮੁਕਾਬਲੇ ਦੇ ਬਾਵਜੂਦ ਅੰਗਦ ਨੇ ਸ਼ਾਟਪੁੱਟ ਵਿੱਚ ਆਪਣੀ ਬਿਹਤਰੀਨ ਥ੍ਰੋ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ ਅਤੇ ਡਿਸਕਸ ਥ੍ਰੋ ਵਿੱਚ ਵੀ ਤੀਜੇ ਸਥਾਨ 'ਤੇ ਰਹਿ ਕੇ ਆਪਣੀ ਬਹੁਪੱਖੀ ਖੇਡ ਪ੍ਰਤਿਭਾ ਦਾ ਸਬੂਤ ਦਿੱਤਾ।

### ਖੇਡਾਂ ਦੀ ਵਿਰਾਸਤ ਨਾਲ ਜੁੜਿਆ ਹੈ ਅੰਗਦ ਦਾ ਪਰਿਵਾਰ

ਅੰਗਦ ਸਿੰਘ ਦਾ ਸਬੰਧ ਸਜਾਵਲਪੁਰ ਪਿੰਡ ਨਾਲ ਹੈ ਅਤੇ ਉਹ ਸਵਰਗਵਾਸੀ ਸਰੀਰਕ ਸਿੱਖਿਆ ਅਧਿਆਪਕ ਪੀ.ਟੀ.ਆਈ. ਮੂਲ੍ਹਾ ਸਿੰਘ ਦੇ ਪਰਿਵਾਰ ਨਾਲ ਸਬੰਧਤ ਹੈ। ਅੰਗਦ ਆਪਣੇ ਪੜਦਾਦੇ ਦੀ ਖੇਡਾਂ ਨਾਲ ਜੁੜੀ ਵਿਰਾਸਤ ਨੂੰ ਅੱਗੇ ਵਧਾਉਂਦਿਆਂ ਆਸਟ੍ਰੇਲੀਆ ਵਿੱਚ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾ ਰਿਹਾ ਹੈ।

ਅੰਗਦ ਦੀ ਇਸ ਉਪਲਬਧੀ ਦੀ ਖ਼ਬਰ ਮਿਲਦਿਆਂ ਹੀ ਨਵਾਂਸ਼ਹਿਰ ਅਤੇ ਸਜਾਵਲਪੁਰ ਵਿੱਚ ਉਸ ਦੇ ਰਿਸ਼ਤੇਦਾਰਾਂ ਅਤੇ ਜਾਣ-ਪਛਾਣ ਵਾਲਿਆਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਪੰਜਾਬੀ ਭਾਈਚਾਰੇ ਵੱਲੋਂ ਵੀ ਅੰਗਦ ਅਤੇ ਉਸ ਦੇ ਪਰਿਵਾਰ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

ਲੋਕਾਂ ਦਾ ਕਹਿਣਾ ਹੈ ਕਿ ਵਿਦੇਸ਼ ਦੀ ਧਰਤੀ 'ਤੇ ਰਹਿੰਦਿਆਂ ਵੀ ਅੰਗਦ ਨੇ ਆਪਣੀ ਖੇਡ ਕਾਬਲੀਅਤ ਰਾਹੀਂ ਪੰਜਾਬ ਦਾ ਨਾਂ ਉੱਚਾ ਕੀਤਾ ਹੈ। ਉਸ ਦੀ ਇਹ ਉਪਲਬਧੀ ਛੋਟੀ ਉਮਰ ਵਿੱਚ ਹੋਰ ਬੱਚਿਆਂ ਲਈ ਵੀ ਪ੍ਰੇਰਣਾ ਬਣ ਸਕਦੀ ਹੈ।

ਅੰਗਦ ਦੇ ਮਾਤਾ-ਪਿਤਾ ਨੇ ਆਪਣੇ ਬੇਟੇ ਦੀ ਇਸ ਸਫ਼ਲਤਾ 'ਤੇ ਖ਼ੁਸ਼ੀ ਅਤੇ ਮਾਣ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਅੰਗਦ ਨੇ ਛੋਟੀ ਉਮਰ ਵਿੱਚ ਹੀ ਖੇਡਾਂ ਵਿੱਚ ਆਪਣੀ ਪਛਾਣ ਬਣਾਉਣੀ ਸ਼ੁਰੂ ਕਰ ਦਿੱਤੀ ਹੈ ਅਤੇ ਉਹ ਉਸ ਨੂੰ ਅੱਗੇ ਵੀ ਖੇਡਾਂ ਲਈ ਪੂਰਾ ਸਹਿਯੋਗ ਦੇਣਗੇ। ਪਰਿਵਾਰ ਨੂੰ ਉਮੀਦ ਹੈ ਕਿ ਅੰਗਦ ਆਉਣ ਵਾਲੇ ਸਮੇਂ ਵਿੱਚ ਹੋਰ ਮਿਹਨਤ ਕਰਕੇ ਵੱਡੀਆਂ ਉਪਲਬਧੀਆਂ ਹਾਸਲ ਕਰੇਗਾ ਅਤੇ ਭਵਿੱਖ ਵਿੱਚ ਦੇਸ਼ ਲਈ ਹੋਰ ਮੈਡਲ ਜਿੱਤੇਗਾ।